13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -13 ISSUE - 2
April 17, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ ਵੱਲੋਂ ਭਾਰਤ ਰਤਨ ਡਾ. ਬੀ. ਆਰ. ਅੰਬੇਡਕਰ ਜੀ ਦਾ 133ਵਾਂ ਜਨਮ ਦਿਨ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਬੰਧਤ ਇਸ਼ਤਿਹਾਰ ਦੇਖੋ ਸਫਾ 2 ਅਤੇ 3 'ਤੇ



ਲਾਸਾਨੀ ਸ਼ਹੀਦ ਭਾਈ ਮਨੀ ਸਿੰਘ ਜੀ (ਸਬੰਧਤ ਲੇਖ ਅੰਦਰ ਦੇਖੋ)

## ਸਟਾਕਟਨ (ਕੈਲੀ.) ਦੇ ਇਤਿਹਾਸਿਕ ਗੁਰਦੁਆਰਾ ਸਾਹਿਬ ਵਿਖੇ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ



ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 4 'ਤੇ

## ਕੈਲੀਫੋਰਨੀਆਂ ਦੇ ਸ਼ਹਿਰ ਸੇਲਮਾ ਵਿਚ 30ਵੇਂ ਸਲਾਨਾ ਨਗਰ ਕੀਰਤਨ ਨੇ ਸਿਰਜਿਆ ਖਾਲਸਾਈ ਰੰਗ



ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 7 'ਤੇ

## ਗਦਰੀ ਬਾਬਿਆ ਦਾ 22 ਵਾਂ ਮੇਲਾ ਫਰਿਜਨੋ ਵਿਚ ਸੰਪੰਨ



(ਰਿਪੋਰਟ ਅਤੇ ਤਸਵੀਰਾਂ ਸਫਾ 13 'ਤੇ ਦੇਖੋ)

### ਲੋਕ ਸਭਾ ਚੋਣਾਂ 2024

# ਚੋਣ ਕਮਿਸ਼ਨ ਰੋਜ਼ਾਨਾ ਜ਼ਬਤ ਕਰ ਰਿਹਾ ਹੈ 100 ਕਰੋੜ ਰੁਪਏ, ਹੁਣ ਤੱਕ 4650 ਕਰੋੜ ਬਰਾਮਦ

**ਨਵੀਂ ਦਿੱਲੀ (ਬਿਊਰੋ)–** ਚੋਣ ਕਮਿਸ਼ਨ ਨੇ ਅੱਜ ਕਿਹਾ ਹੈ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਅਧਿਕਾਰੀ 1 ਮਾਰਚ ਤੋਂ ਹਰ ਰੋਜ਼ 100 ਕਰੋੜ ਰੁਪਏ ਦੀ ਰਕਮ ਜ਼ਬਤ ਕਰ ਰਹੇ ਹਨ। ਕਮਿਸ਼ਨ ਨੇ ਕਿਹਾ ਕਿ ਐਨਫੋਰਸਮੈਂਟ ਅਧਿਕਾਰੀਆਂ ਨੇ ਲੋਕ ਸਭਾ ਚੋਣਾਂ ਲਈ ਵੋਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ 4,650 ਕਰੋੜ ਰੁਪਏ ਜ਼ਬਤ ਕਰ ਲਏ ਹਨ, ਜੋ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਕੀਤੀ ਗਈ ਕੁੱਲ ਜ਼ਬਤ ਤੋਂ ਵੱਧ ਹੈ।




### ਆਮ ਆਦਮੀ ਪਾਰਟੀ ਨੇ ਗੁਰਦਾਸਪੁਰ ਤੋਂ ਸ਼ੈਰੀ, ਜਲੰਧਰ ਤੋਂ ਟੀਨੂ ਤੇ ਲੁਧਿਆਣਾ ਤੋਂ ਪੱਪੀ ਨੂੰ ਉਮੀਦਵਾਰ ਬਣਾਇਆ

ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਲੋਕ ਸਭਾ ਚੋਣਾਂ ਲਈ ਤੀਜੀ ਸੂਚੀ ਜਾਰੀ ਕਰ ਦਿੱਤੀ ਹੈ। 'ਆਪ' ਨੇ ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਜਗਦੀਪ ਸਿੰਘ ਕਾਕਾ ਬਰਾੜ, ਗੁਰਦਾਸਪੁਰ ਤੋਂ ਅਮਨਪੁਰ ਸਿੰਘ ਸ਼ੈਰੀ ਕਲਸੀ, ਜਲੰਧਰ ਤੋਂ ਪਵਨ ਕੁਮਾਰ ਟੀਨੂ ਅਤੇ ਲੁਧਿਆਣਾ ਤੋਂ ਅਸ਼ੋਕ ਪਰਾਸ਼ਰ ਪੱਪੀ ਨੂੰ ਉਮੀਦਵਾਰ ਐਲਾਨ ਦਿੱਤਾ ਹੈ। ਆਮ ਆਦਮੀ ਪਾਰਟੀ ਨੇ ਹੁਣ ਪੰਜਾਬ ਦੀਆਂ ਸਾਰੀਆਂ 13 ਸੀਟਾਂ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਇਧਰ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਚੋਣ ਬਾਂਡ ਮੁੱਦੇ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸੇਧਦਿਆਂ ਇਸ ਨੂੰ ''ਜਬਰੀ ਵਸੂਲੀ ਦਾ ਰੂਪ'' ਕਰਾਰ ਦਿੱਤਾ ਅਤੇ ਕੁਝ ਚੋਣਵੇਂ ਕਾਰੋਬਾਰੀਆਂ ਖ਼ਿਲਾਫ਼ 'ਧਮਕਾਉਣ ਵਾਲੇ ਹੱਥਕੰਡੇ' ਵਰਤਣ ਦਾ ਦੋਸ਼ ਲਾਇਆ। ਰਾਹੁਲ ਨੇ ਦੋਸ਼ ਲਾਇਆ, ''ਹਰ ਛੋਟੇ ਕਸਬੇ ਜਾਂ ਪਿੰਡ 'ਚ ਕੁਝ ਲੋਕ ਹੁੰਦੇ ਹਨ ਜਿਹੜੇ ਸੜਕਾਂ 'ਤੇ ਲੋਕਾਂ ਨੂੰ ਸਰੀਰਕ ਨੁਕਸਾਨ ਪਹੁੰਚਾਉਣ ਦਾ ਡਰਾਵਾ ਦੇ ਕੇ ਜਬਰੀ ਪੈਸਾ ਵਸੂਲੀ ਕਰਦੇ ਹਨ। ਮਲਿਆਲਮ (ਭਾਸ਼ਾ) 'ਚ ਤੁਸੀ ਇਸ ਨੂੰ 'ਕੋਲਾ ਅਦਿੱਕਲ' (ਲੁੱਟ) ਆਖਦੇ ਹੋ ਪਰ ਮੋਦੀ ਇਸ ਨੂੰ ਚੋਣ ਬਾਂਡ ਕਹਿੰਦੇ ਹਨ। ਆਮ ਚੋਰ ਜੋ ਸੜਕਾਂ 'ਤੇ ਕਰ ਰਹੇ ਹਨ, ਪ੍ਰਧਾਨ ਮੰਤਰੀ ਮੋਦੀ ਉਹ ਕੌਮਾਂਤਰੀ ਪੱਧਰ 'ਤੇ ਕਰ ਰਹੇ ਹਨ।'' ਵਾਇਨਾਡ ਲੋਕ ਸਭਾ ਹਲਕੇ 'ਚ ਚੋਣ ਪ੍ਰਚਾਰ ਦੌਰਾਨ ਕਾਂਗਰਸੀ ਉਮੀਦਵਾਰ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਕੁਝ ਚੋਣਵੇਂ ਕਾਰੋਬਾਰੀਆਂ ਨੂੰ ਧਮਕਾਉਣ ਲਈ ਵਿਸ਼ੇਸ਼ ਰਣਨੀਤੀ ਵਰਤਣ ਅਤੇ ਮੋਦੀ 'ਤੇ ਕੁਝ ਚੋਣਵੇਂ ਅਮੀਰ ਕਾਰੋਬਾਰੀਆਂ ਦੀ ਮਦਦ ਕਰਨ ਦਾ ਦੋਸ਼ ਵੀ ਲਾਇਆ। ਵਾਇਨਾਡ ਤੋਂ ਮੌਜੂਦਾ ਲੋਕ ਸਭਾ ਮੈਂਬਰ ਰਾਹੁਲ ਗਾਧੀ ਨੇ ਦੋਸ਼ ਲਾਇਆ, ''ਚੋਣ ਬਾਂਡ ਪੱਧਰ 'ਤੇ ਧਮਕੀਆਂ ਬਹੁਤ ਜ਼ਿਆਦਾ ਵਿਸ਼ੇਸ਼ ਹਨ। ਈਡੀ, ਸੀਬੀਆਈ ਤੇ ਆਮਦਨ ਕਰ (ਆਈਟੀ) ਦੇ ਲੋਕ ਆਉਣਗੇ, ਉਹ ਪੁੱਛ-ਪੜਤਾਲ ਕਰਨਗੇ ਅਤੇ ਇਸ ਦੇ ਅੰਤ ਵਿੱਚ ਕਹਿਣਗੇ ਤੁਸੀਂ (ਇਹ ਕਾਰੋਬਾਰ) ਅਡਾਨੀ (ਕਾਰੋਬਾਰੀ) ਨੂੰ ਕਿਉਂ ਨਹੀਂ ਦੇ ਦਿੰਦੇ।'' ਉਨ੍ਹਾਂ ਦੋਸ਼ ਲਾਇਆ ਕਿ ਇਸੇ ਤਰ੍ਹਾਂ ਅਡਾਨੀ ਨੂੰ ਪਿਛਲੇ ਮਾਲਕ ਤੋਂ ਮੁੰਬਈ ਹਵਾਈ ਅੱਡਾ ਮਿਲ ਗਿਆ। ਕਾਂਗਰਸੀ ਸੰਸਦ ਮੈਂਬਰ ਨੇ ਦੋਸ਼ ਲਾਇਆ ਕਿ ਹੋਰ ਮਾਮਲਿਆਂ ਵਿੱਚ ਅਜਿਹੀ ਹੀ ''ਡਰਾਉਣ ਵਾਲੀ ਰਣਨੀਤੀ'' ਕਾਰਨ ਕਾਰੋਬਾਰੀਆਂ ਵੱਲੋਂ ਚੋਣ ਬਾਂਡ ਦੇ ਰੂਪ ਵਿੱਚ ਭਾਜਪਾ ਨੂੰ ਅਦਾਇਗੀ ਕਰਨੀ ਪਈ।

## ਪ੍ਰਾਚੀਨ ਖੇਡਾਂ ਦੀ ਜਨਮਭੂਮੀ ਯੂਨਾਨ 'ਚ ਪੈਰਿਸ ਓਲੰਪਿਕਸ ਦੀ ਮਸ਼ਾਲ ਜਗਾਈ

**ਓਲੰਪੀਆ (ਯੂਨਾਨ)–** ਪੈਰਿਸ ਓਲੰਪਿਕ ਵਿੱਚ ਜਗਣ ਵਾਲੀ ਮਸ਼ਾਲ ਦੱਖਣੀ ਯੂਨਾਨ ਵਿੱਚ ਪ੍ਰਾਚੀਨ ਖੇਡਾਂ ਦੇ ਸਥਾਨ 'ਤੇ ਜਗਾਈ ਗਈ। ਅੱਜ ਬੱਦਲਾਂ ਕਾਰਨ ਰਵਾਇਤੀ ਤਰੀਕੇ ਨਾਲ ਲਾਟ ਨੂੰ ਜਗਾਉਣ ਦੀ ਕੋਸ਼ਿਸ਼ ਨਾਕਾਮ ਹੋ ਗਈ। ਰਵਾਇਤੀ ਤਰੀਕੇ ਮੁਤਾਬਕ ਚਾਂਦੀ ਦੀ ਮਸ਼ਾਲ ਜਗਾਉਣ ਲਈ ਸੂਰਜ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਲਈ ਇੱਕ ਪ੍ਰਾਚੀਨ ਯੂਨਾਨੀ ਪੁਜਾਰਣ ਦੇ ਰੂਪ ਵਿੱਚ ਕੱਪੜੇ ਪਹਿਨੀ ਮੁਟਿਆਰ ਮਸ਼ਾਲ ਫੜਦੀ ਹੈ, ਸਗੋਂ 'ਬੈਕਅੱਪ' ਲਾਟ ਦੀ ਵਰਤੋਂ ਕੀਤੀ ਗਈ, ਜੋ ਸੋਮਵਾਰ ਨੂੰ ਅੰਤਿਮ 'ਰਿਹਰਸਲ' ਦੌਰਾਨ ਉਸੇ ਸਥਾਨ 'ਤੇ ਜਗਾਈ ਗਈ ਸੀ। ਮਸ਼ਾਲ ਨੂੰ ਮਸ਼ਾਲਾਂ ਦੀ ਰੀਲੇਅ ਰਾਹੀਂ ਪ੍ਰਾਚੀਨ ਓਲੰਪੀਆ ਦੇ ਖੰਡਰ ਮੰਦਰਾਂ ਅਤੇ ਖੇਡ ਮੈਦਾਨਾਂ ਵਿੱਚੋਂ ਲੰਘਾਇਆ ਜਾਵੇਗਾ। ਰੀਲੇਅ ਦੀ ਯੂਨਾਨ ਦੀ 11 ਦਿਨਾਂ ਦੀ ਯਾਤਰਾ ਏਥਨਜ਼ ਵਿੱਚ ਪੈਰਿਸ 2024 ਦੇ ਪ੍ਰਬੰਧਕਾਂ ਨੂੰ ਸੌਂਪਣ ਦੇ ਨਾਲ ਸਮਾਪਤ ਹੋਵੇਗੀ।




Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539

DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM,
Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY
INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC
HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਜਉ ਤੁਮ ਗਿਰਿਵਰ ਤਉ ਹਮ ਮੋਰਾ ॥ ਜਉ ਤੁਮ ਚੰਦ ਤਉ ਹਮ ਭਏ ਹੈਂ ਚਕੋਰਾ ॥1॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥ ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥1॥ਰਹਾਉ॥



## ਗੁਰੂ ਪਿਆਰੀ ਸਾਧ ਸੰਗਤ ਜੀ

ਸ਼ਰਧਾਲੂ ਪਰਿਵਾਰਾਂ ਨੂੰ ਸਮੁੱਚੀ ਸੰਗਤ ਨੂੰ ਹੇਠ ਲਿਖੇ ਸਮਾਗਮਾਂ ਵਿੱਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ:

**21 ਅਪ੍ਰੈਲ 2024**

**ਡਾ. ਭੀਮ ਰਾਓ ਅੰਬੇਦਕਰ ਦੀ 133ਵੀਂ ਜਯੰਤੀ**

ਡਾ. ਬੀ. ਆਰ. ਅੰਬੇਦਕਰ ਦੇ 133ਵੇਂ ਜਨਮ ਦਿਹਾੜੇ ਮੌਕੇ ਗੁਰੂਘਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ ਕੀਤੀ ਜਾਵੇਗੀ। ਬਾਬਾ ਸਾਹਿਬ ਇੱਕ ਨੇਤਾ, ਸਿਆਸਤਦਾਨ ਅਤੇ ਵਿਦਵਾਨ ਸਨ। ਆਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਵਜੋਂ, ਉਹ ਭਾਰਤ ਦੇ ਸੰਵਿਧਾਨ ਦੇ ਪ੍ਰਮੁੱਖ ਆਰਕੀਟੈਕਟ ਸਨ। ਬਾਬਾ ਸਾਹਿਬ ਦੇ ਭਾਰਤ ਲਈ ਬਹੁਤ ਸਾਰੇ ਯੋਗਦਾਨ ਹਨ।

**26-27-28 ਅਪ੍ਰੈਲ, 2024 ਬਾਬਾ ਸ਼ੇਖ ਫਰੀਦ ਦਾ ਜਨਮ ਦਿਹਾੜਾ**

**ਫਰੀਦਾ ਜੇ ਤੂ ਅਕਲਿ ਲਤੀਫੁ ਸਮਝ ਲਿਖੁ ਐਨ ਲੇਖ ॥**
**ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰ ਦੇਖੁ ॥ 6**

ਸ਼ਰਧਾਲੂ ਪਰਿਵਾਰਾਂ ਵੱਲੋਂ ਬਾਬਾ ਸ਼ੇਖ ਫਰੀਦ ਜੀ ਦਾ ਜਨਮ ਦਿਹਾੜਾ ਅਖੰਡ ਪਾਠ ਅਤੇ ਲੰਗਰ ਵਰਤਾ ਕੇ ਮਨਾਇਆ ਜਾਵੇਗਾ। । ਅਖੰਡ ਪਾਠ ਸ਼ੁੱਕਰਵਾਰ 26 ਅਪ੍ਰੈਲ 2024 ਨੂੰ ਸਵੇਰੇ 10:00 ਵਜੇ ਅਰੰਭ ਹੋਵੇਗਾ ਅਤੇ ਐਤਵਾਰ 28 ਅਪ੍ਰੈਲ ਨੂੰ ਭੋਗ ਸਮਾਗਮ ਨਾਲ ਸਮਾਪਤ ਹੋਵੇਗਾ ਬਾਬਾ ਫਰੀਦ ਜੀ ਦੀਆਂ ਸਿੱਖਿਆਵਾਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਵਾਹਿਗੁਰੂ ਮੇਹਰ ਕਰੇ ਸੇਵਾਦਾਰਾਂ ਨੂੰ।

**ਜੂਨ 28-29-30, 2024 ਪਿਟਸਬਰਗ**
**ਗੁਰੂਘਰ ਦੀ 39ਵੀਂ ਵਰ੍ਹੇਗੰਢ**

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ 39ਵੀਂ ਬਰਸੀ 30 ਜੂਨ, 2024 ਨੂੰ ਮਨਾਈ ਜਾਵੇਗੀ। ਅਖੰਡ ਪਾਠ ਸ਼ੁੱਕਰਵਾਰ 28 ਜੂਨ 2024 ਨੂੰ ਸਵੇਰੇ 10:00 ਵਜੇ ਆਰੰਭ ਹੋਵੇਗਾ ਅਤੇ 06/30/2024 ਦਿਨ ਐਤਵਾਰ ਨੂੰ ਭੋਗ ਸਮਾਗਮ ਨਾਲ ਸਮਾਪਤ ਹੋਵੇਗਾ। ਗੁਰੂਘਰ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪਾਠ ਅਤੇ ਲੰਗਰ ਦੀ ਸੇਵਾ ਕੀਤੀ ਜਾਵੇਗੀ। ਇਸ ਮੌਕੇ ਗਿਆਨੀ ਬਲਵਿੰਦਰ ਸਿੰਘ ਜੀ ਦਾ ਰਾਗੀ ਜਥਾ ਸੰਗਤਾਂ ਨੂੰ ਨਿਹਾਲ ਕਰੇਗਾ।

**"ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ"**

**www.sriguruavidasstemple.com**

## Sangat Sewadars

| Chairman | President | Secretary | Treasurer |
|---|---|---|---|
| Ramesh Suman | Vinod Kumar | Dilbag Singh | Sunita K. Singh |

ਐਸਾ ਚਾਹੂੰ ਰਾਜ ਮੈ, ਜਹਾਂ ਮਿਲੈ ਸਭਨ ਕੋ ਅੰਨ
ਛੋਟ ਬੜਾ ਸਬ ਸੰਗ ਵਸੈ ਰੈਦਾਸ ਰਹੈ ਪ੍ਰਸੰਨ

# ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ)




ਭਾਰਤ ਦੇ ਦੱਬੇ ਕੁੱਚਲੇ ਲੋਕਾਂ ਨੂੰ ਆਰਥਿਕ, ਸਮਾਜਿਕ, ਰਾਜਨੀਤਕ ਤੇ ਧਾਰਮਿਕ ਆਜਾਦੀ ਅਤੇ ਜੀਵਨ ਜਾਚ ਦਾ ਪਾਠ ਪੜ੍ਹਾਉਣ ਵਾਲੇ, ਧਰਮ ਦੇ ਨਾਮ ਤੇ ਹੁੰਦੀ ਲੁੱਟ ਖਸੁੱਟ ਅਤੇ ਪਖੰਡਵਾਦ 'ਚੋਂ ਕੱਢ ਕੇ ਇਕ ਨਵੀਂ ਸਵੇਰ ਨੂੰ ਜਨਮ ਦੇਣ ਵਾਲੇ ਰਾਸ਼ਟਰ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ ਦੀ ਸਮੂਹ ਲੁਕਾਈ ਨੂੰ ਬਹੁਤ ਬਹੁਤ ਵਧਾਈ

ਬਾਬਾ ਸਾਹਿਬ ਦਾ ਜਨਮ ਦਿਵਸ ਮਿਤੀ
**ਅਪ੍ਰੈਲ 21, 2024 (ਦਿਨ ਐਤਵਾਰ)**
ਨੂੰ ਗੁਰੂ ਰਵਿਦਾਸ ਗੁਰੂ ਘਰ ਫਰਿਜਨੋ ਵਿਖੇ ਮਨਾਇਆ ਜਾਵੇਗਾ। ਸਮੂਹ ਸੰਗਤ ਨੂੰ ਗੁਰੂ ਘਰ ਸ਼ਾਮਿਲ ਹੋਣ ਲਈ ਸਨਿਮਰ ਬੇਨਤੀ ਹੈ ਜੀਓ।

**ਬੇਨਤੀ ਕਰਤਾ: ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ**


ਬੀਬੀ ਸੁਰਿੰਦਰ ਕੌਰ ਬੰਗੜ
(ਚੇਅਰਪਰਸਨ)


ਰਤਨ ਪਾਲ ਜੱਸੀ
(ਵਾਈਸ ਚੇਅਰਮੈਨ)


ਸ੍ਰੀ ਅਮਰ ਦੜੋਚ
(ਪ੍ਰਧਾਨ)


ਸ੍ਰੀ ਸੁੱਚਾ ਸਿੰਘ ਝੱਮਟ
(ਵਾਈਸ ਪ੍ਰਧਾਨ)


ਸ੍ਰੀ ਸ਼ਿਵਚਰਨ
(ਜਨਰਲ ਸਕੱਤਰ)


ਸ੍ਰੀ ਤੇਗਵੀਰ ਸਿੰਘ ਭਾਟੀਆ
(ਸਹਾਇਕ ਜਨਰਲ ਸਕੱਤਰ)


ਦਵਿੰਦਰ ਸਿੰਘ ਨਿਗਾਹ
(ਖਜਾਨਚੀ)


ਸ੍ਰੀ ਕੁਲਦੀਪ ਸਿੰਘ
(ਸਹਾਇਕ ਖਜਾਨਚੀ)


ਸ੍ਰੀ ਕੁਲਦੀਪ ਸਿੰਘ ਬੰਗੜ
(ਸਟੇਜ ਸਕੱਤਰ)


ਬੀਬੀ ਦੀਪਿਕਾ ਕਲੇਰ
(ਸਹਾਇਕ ਸਟੇਜ ਸਕੱਤਰ)


ਸ੍ਰੀ ਪਵਨ ਸਰੋਇਆ
(ਮੀਡੀਆ ਪਰਸਨ)

**All devotees are co ordialy invited to attend as per programme to have Guru's blessings.**

**5025 S Cherry Ave Fresno CA 93706**

**ਗੁਰੂ ਘਰ ਦੇ ਫੋਨ ਨੰਬਰ: (559) 486 3091**

# ਸਟਾਕਟਨ ਕੈਲੀਫੋਰਨੀਆ ਦੇ ਇਤਿਹਾਸਿਕ ਗੁਰਦੁਆਰਾ ਸਾਹਿਬ ਵਿਖੇ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ







**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗਦਰੀ ਬਾਬਿਆਂ ਦੀ ਇਤਿਹਾਸਿਕ ਧਰਤੀ ਸਟਾਕਟਨ ਕੈਲੀਫੋਰਨੀਆ ਵਿਖੇ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਦੀਵਾਨ ਸਜਾਏ ਗਏ ਜਿਨ੍ਹਾਂ ਦਾ ਪ੍ਰਬੰਧ ਕਈ ਹਫਤਿਆਂ ਤੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸੇਵਾਦਾਰਾਂ ਵੱਲੋਂ ਚੱਲ ਰਿਹਾ ਸੀ। ਇਸ 25 ਵੇਂ ਮਹਾਨ ਨਗਰ ਕੀਰਤਨ ਤੇ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ 5 ਅਪ੍ਰੈਲ ਤੋਂ 14 ਅਪ੍ਰੈਲ ਤੱਕ ਸ਼ਾਮਾਂ ਦੇ ਦੀਵਾਨ ਸਜਾਏ ਗਏ ਇਹਨਾਂ ਸਜਾਏ ਗਏ ਦੀਵਾਨਾਂ ਦੇ ਵਿੱਚ ਭਾਈ ਸਰਬਜੀਤ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਭਾਈ ਰਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਗਿਆਨੀ ਪਿੰਦਰਪਾਲ ਸਿੰਘ ਜੀ ਭਾਈ ਮਹਿਲ ਸਿੰਘ ਜੀ ਕਵੀਸਰੀ ਜੱਥੇ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜੀ ਰੱਖਿਆ। ਇਸ ਦੌਰਾਨ 13 ਅਪ੍ਰੈਲ ਸਵੇਰੇ 9 ਵਜੇ ਗੁਰ-ਦੁਆਰਾ ਸਾਹਿਬ ਵਿੱਚ ਅੰਮ੍ਰਿਤ ਸੰਚਾਰ ਹੋਇਆ। ਸ਼ਨੀਵਾਰ ਰਾਤ ਨੂੰ ਦੀਵਾਨ ਸਜਾਏ ਗਏ ਜਿਸ ਵਿੱਚ ਸਥਾਨਕ ਸਿੱਖ ਆਗੂਆਂ ਨੇ ਆਪਣੇ ਆਪਣੇ ਵਿਚਾਰ ਰੱਖੇ। ਐਤਵਾਰ ਸਵੇਰੇ ਜਿੱਥੇ ਵੱਖ ਵੱਖ ਸਿੱਖ ਆਗੂਆਂ ਨੇ ਤਕਰੀਰਾਂ ਕੀਤੀਆਂ ਉਸ ਦੇ ਨਾਲ ਹੀ ਅਮ-ਰੀਕਨ ਆਫੀਸਲਜ ਨੇ ਆਪਣੇ ਆਪਣੇ ਵਿਚਾਰ ਰੱਖੇ ਉਹਨਾਂ ਵਿੱਚ ਸੈਨੇਟਰਜ ਦੇ ਨੁਮਾਇੰਦਿਆਂ, ਕਾਂਗਰਸਮੈਨ, ਮੇਅਰ ਤੇ ਸਿਟੀ ਕੌਂਸਲ ਨੇ ਆਪਣੇ ਆਪਣੇ ਵਿਚਾਰ ਰੱਖੇ ਇਸ ਤੋਂ ਇਲਾਵਾ ਵੋਟਾਂ ਵਿੱਚ ਖੜੇ ਨਵੇਂ ਨੁਮਾਇੰਦਿਆਂ ਨੇ ਵੀ ਸੰਖੇਪ ਵਿਚਾਰ ਰੱਖੇ। ਸਿੱਖ ਭਾਈਚਾਰੇ ਚੋਂ ਡਾ ਪ੍ਰਿਤਪਾਲ ਸਿੰਘ, ਮੇਅਰ ਲੈਥਰੋਪ ਸੁਖਮਿੰਦਰ ਸਿੰਘ ਧਾਲੀਵਾਲ, ਮੇਅਰ ਮਨਟੀਕਾ ਗੈਰੀ ਸਿੰਘ, ਮੁਖਤਾਰ ਚੀਮਾ, ਹਰਪ੍ਰੀਤ ਸਿੰਘ ਸੰਧੂ, ਕੁਲਜੀਤ ਸਿੰਘ ਨਿੱਝਰ, ਮਨਜੀਤ ਸਿੰਘ ਉਪਲ, ਬਿਜਲੀਨ ਕੌਰ ਖਾਲਸਾ ਆਦਿ ਨੇ ਸੰਬੋਧਨ ਕੀਤਾ। ਇਹਨਾਂ ਭਾਰੀ ਦੀਵਾਨਾਂ ਤੋਂ ਬਾਅਦ ਪੰਜਾਂ ਪਿਆਰਿਆਂ ਦੀ ਰਹਿਨੁਮਾਈ ਹੇਠ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੋ ਕਿ ਬਹੁਤ ਹੀ ਖੂਬਸੂਰਤ ਫਲੋਟ ਵਿੱਚ ਸੁਸ਼ੋਭਿਤ ਸੀ ਦੀ ਛਤਰ ਛਾਇਆ ਹੇਠ ਨਗਰ ਕੀਰਤਨ ਸਜਾਇਆ ਗਿਆ। ਇਸ ਤੋਂ ਇਲਾਵਾ ਵੱਖ ਵੱਖ ਫਲੋਟਾਂ ਦੇ ਵਿੱਚ ਪੰਜਾਬ ਦੀ ਇਤਿਹਾਸਿਕ ਤਰਾਸਦੀ ਨੂੰ ਦਿਖਾਇਆ ਗਿਆ। ਇਸ ਵੇਰਾਂ ਵੀ ਇਸ ਵਿਸ਼ਾਲ ਨਗਰ ਕੀਰਤਨ ਵਿੱਚ ਸੰਗਤਾਂ ਦਾ ਭਾਰੀ ਇਕੱਠ ਵੇਖਣ ਨੂੰ ਮਿਲਿਆ। ਵੱਖ-ਵੱਖ ਲੱਗੀਆਂ ਦੁਕਾਨਾਂ ਤੋਂ ਲੋਕਾਂ ਨੇ ਖਰੀਦਦਾਰੀ ਵੀ ਕੀਤੀ ਤੇ ਵੱਖ-ਵੱਖ ਲੰਗਰਾਂ ਤੋਂ ਸੰਗਤਾਂ ਨੇ ਖਾਣਿਆਂ ਦੇ ਵੱਖ ਵੱਖ ਸਵਾਦ ਚੱਖੇ। ਇਸ ਵੇਰਾਂ ਵੀ ਸਿਕਿਉਰਟੀ ਦਾ ਤੇ ਸੈਰਫ ਡਿਪਾਰਟਮੈਂਟ ਪੁਲਿਸ ਡਿਪਾਰਟਮੈਂਟ ਤੇ ਲਾਅ ਇਨਫੋਰਸਮੈਂਟ ਦਾ ਕਾਫੀ ਪ੍ਰਬੰਧ ਸੀ। ਵਰਨਣ ਯੋਗ ਹੈ ਕਿ ਇਹ ਇਤਿਹਾਸਿਕ ਗਦਰੀ ਬਾਬਿਆਂ ਦੀ ਧਰਤੀ ਸਟਾਕਟਨ ਜਿੱਥੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਪੰਜਾਬੀਆਂ ਨੇ ਖਾਸ ਕਰ ਸਿੱਖਾਂ ਨੇ ਸੌਂਹਾਂ ਖਾਦੀਆਂ ਸੀ ਤੇ ਭਾਰਤ ਨੂੰ ਆਜ਼ਾਦ ਕਰਵਾਇਆ ਸੀ, ਉਨਾਂ ਦੇਸ਼ ਭਗਤ ਗਦਰੀ ਬਾਬਿਆਂ ਦਾ ਇਤਿਹਾਸ ਅੱਜ ਵੀ ਇਸ ਗੁਰਦੁਆਰਾ ਸਾਹਿਬ ਦੇ ਮਿਊਜ਼ਅਮ ਵਿੱਚ ਸੰਭਾਲਿਆ ਹੋਇਆ ਹੈ।

# ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿਚ ਹੋਈ ਗੋਲੀਬਾਰੀ ਵਿੱਚ ਇਕ ਬੱਚੀ ਦੀ ਮੌਤ ਤੇ 7 ਜਖਮੀ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਸ਼ਿਕਾਗੋ (ਇਲੀਨੋਇਸ) ਵਿਚ ਇਕ ਪਰਿਵਾਰਕ ਸਮਾਗਮ ਦੌਰਾਨ ਬਾਹਰ ਖੜੇ ਬੱਚਿਆਂ ਉਪਰ ਚਲਾਈਆਂ ਗੋਲੀਆਂ ਦੇ ਸਿੱਟੇ ਵਜੋਂ ਇਕ 8 ਸਾਲਾ ਲੜਕੀ ਦੀ ਮੌਤ ਹੋਣ ਤੇ 7 ਹੋਰਨਾਂ ਦੇ ਜਖਮੀ ਹੋਣ ਦੀ ਖਬਰ ਹੈ। ਜਖਮੀਆਂ ਵਿਚ ਇਕ ਤੇ ਸੱਤ ਸਾਲ ਦੇ ਦੋ ਲੜਕੇ ਵੀ ਸ਼ਾਮਿਲ ਹਨ । ਪੁਲਿਸ ਅਨੁਸਾਰ ਲੜਕੀ ਜਿਸ ਦੇ ਸਿਰ ਵਿਚ ਗੋਲੀ ਵੱਜੀ ਸੀ, ਮੌਕੇ ਉਪਰ ਹੀ ਦਮ ਤੋੜ ਗਈ। ਸ਼ਿਕਾਗੋ ਪੁਲਿਸ ਡਿਪਟੀ ਚੀਫ ਡਾਨ ਜਰੋਮ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਇਕ ਤੇ ਸੱਤ ਸਾਲ ਦੇ ਲੜਕਿਆਂ ਦੇ ਇਕ ਤੋਂ ਵਧ ਗੋਲੀਆਂ ਵੱਜੀਆਂ ਹਨ ਜਿਨਾਂ ਦੀ ਹਾਲਤ ਗੰਭੀਰ ਹੈ। ਬਾਕੀ 5 ਜਖਮੀਆਂ ਵਿਚ 19 ਤੋਂ 40 ਸਾਲਾਂ ਦੇ ਵਿਅਕਤੀ ਸ਼ਾਮਿਲ ਹਨ ਜਿਨਾਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਜਰੋਮ ਨੇ ਕਿਹਾ ਹੈ ਕਿ ਇਹ ਅਚਾਨਕ ਵਾਪਰੀ ਘਟਨਾ ਨਹੀਂ ਹੈ। ਉਨਾਂ ਕਿਹਾ ਕਿ ਘਟਨਾ ਦਾ ਕਾਰਨ ਸਪੱਸ਼ਟ ਨਹੀਂ ਹੈ ਪਰੰਤੂ ਇਸ ਵਿਚ 3 ਨਿਰਦੋਸ਼ ਬੱਚਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਜਿਨਾਂ ਵਿਚੋਂ ਇਕ ਦੀ ਮੌਤ ਹੋ ਗਈ ਹੈ। ਉਨਾਂ ਕਿਹਾ ਕਿ ਮੌਕੇ ਦੇ ਗਵਾਹਾਂ ਅਨੁਸਾਰ 2 ਸ਼ੂਟਰ ਪੈਦਲ ਹੀ ਆਏ ਸਨ। ਅਜੇ ਤੱਕ ਸ਼ੱਕੀ ਹਮਲਾਵਰਾਂ ਦੀ ਪਛਾਣ ਨਹੀਂ ਹੋਈ ਤੇ ਨਾ ਹੀ ਕਿਸੇ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਪੁਲਿਸ ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਵੀ ਘਟਨਾ ਸਬੰਧੀ ਕੋਈ ਜਾਣਕਾਰੀ ਹੈ ਤਾਂ ਉਹ ਪੁਲਿਸ ਨਾਲ ਸੰਪਰਕ ਕਰੇ।



# ਜਲੰਧਰ ਲੋਕ ਸਭਾ ਤੋਂ ਬਸਪਾ ਦਾ ਉਮੀਦਵਾਰ ਹੋਵੇਗਾ ਬਲਵਿੰਦਰ ਕੁਮਾਰ



**ਜਲੰਧਰ (ਸਤਨਾਮ ਸਿੰਘ ਸਹੂੰਗੜਾ)–** ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਜਾਰੀ ਪ੍ਰੈਸ ਨੋਟ ਵਿੱਚ ਕਿਹਾ ਗਿਆ ਕਿ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਹੁਕਮ ਅਨੁਸਾਰ ਅਤੇ ਪੰਜਾਬ ਹਰਿਆਣਾ ਚੰਡੀਗੜ੍ਹ ਦੇ ਇੰਚਾਰਜ ਸ਼੍ਰੀ ਰਣਧੀਰ ਸਿੰਘ ਬੈਨੀਵਾਲ ਜੀ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਬਸਪਾ ਦੇ ਲੋਕ ਸਭਾ ਜਲੰਧਰ ਤੋਂ ਉਮੀਦਵਾਰ ਐਡਵੋਕੇਟ ਬਲਵਿੰਦਰ ਕੁਮਾਰ ਜੀ ਹੋਣਗੇ। ਕੇਂਦਰੀ ਕੋਆਰਡੀਨੇਟਰ ਸ਼੍ਰੀ ਬੈਣੀਵਾਲ ਜੀ ਨੇ ਕਿਹਾ ਕਿ ਜਲਦ ਹੀ ਪੰਜਾਬ ਦੀਆਂ ਸਾਰੀਆਂ ਸੀਟਾਂ ਤੇ ਉਮੀਦਵਾਰ ਘੋਸ਼ਿਤ ਕਰ ਦਿੱਤੇ ਜਾਣਗੇ, ਸਾਰੇ ਉਮੀਦਵਾਰਾਂ ਦੇ ਪੈਨਲ ਤੇ ਅੰਤਿਮ ਫੈਂਸਲਾ ਭੈਣ ਕੁਮਾਰੀ ਮਾਇਆਵਤੀ ਜੀ ਵਲੋਂ ਲਿਆ ਜਾ ਰਿਹਾ ਹੈ। ਬਸਪਾ ਸੂਬਾ ਪ੍ਰਧਾਨ ਸ। ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਵੱਖ ਵੱਖ ਰਾਜਨੀਤਿਕ ਦਲਾਂ ਦੇ ਪੰਜਾਬ ਦੇ ਨਕਲੀ ਤੇ ਝੂਠੇ ਦਲਿਤ ਚੇਹਰਿਆਂ ਨੂੰ ਮਲੀਆਮੇਟ ਕਰਨ ਦਾ ਕੰਮ ਜਲੰਧਰ ਲੋਕ ਸਭਾ ਦੇ ਉਮੀਦਵਾਰ ਐਡਵੋਕੇਟ ਬਲਵਿੰਦਰ ਕੁਮਾਰ ਜੀ ਕਰਨਗੇ। ਸ਼੍ਰੀ ਬਲਵਿੰਦਰ ਜੀ ਮੌਜੂਦਾ ਬਸਪਾ ਪੰਜਾਬ ਦੇ ਜਨਰਲ ਸਕੱਤਰ ਹਨ ਤੇ ਪਿਛਲੇ ਚਾਰ ਮਹੀਨਿਆਂ ਤੋਂ ਲੋਕ ਸਭਾ ਇੰਚਾਰਜ ਦੇ ਤੌਰ ਤੇ ਲਗਾਤਾਰ ਸਰਗਰਮ ਸਨ। ਇਸ ਤੋਂ ਪਹਿਲਾਂ ਉਹ 2017 ਅਤੇ 2022 ਦੀ ਵਿਧਾਨ ਸਭਾ ਚੋਣ ਕਰਤਾਰਪੁਰ ਤੋਂ ਲੜ ਚੁੱਕੇ ਹਨ ਜਦੋਂ ਕਿ 2019 ਵਿੱਚ ਲੋਕ ਸਭਾ ਜਲੰਧਰ ਤੋਂ 2 ਲੱਖ 4 ਹਜ਼ਾਰ ਵੋਟਾਂ ਲੈਕੇ ਮੁਕਾਬਲੇ ਵਿਚ ਭਾਰੂ ਰਹੇ ਸਨ। ਗੜ੍ਹੀ ਨੇ ਕਿਹਾ ਕਿ ਕਾਂਗਰਸ ਨੇ ਨਕਲੀ ਤੇ ਝੂਠੇ ਦਲਿਤ ਚੇਹਰੇ ਅੱਗੇ ਕਰਕੇ ਹਮੇਸ਼ਾ ਦੇਸ਼ ਭਰ ਵਿਚ ਦਲਿਤ ਵਰਗ ਨੂੰ ਗੁੰਮਰਾਹ ਕੀਤਾ ਹੈ, ਜਿਸਦੇ ਖ਼ਿਲਾਫ਼ ਪੂਰੇ ਪੰਜਾਬ ਵਿਚ ਲੜਾਈ ਬਹੁਜਨ ਸਮਾਜ ਪਾਰਟੀ ਲੜ ਰਹੀ ਹੈ। ਅੱਜ ਪੂਰੇ ਦਿਨ ਵਿਚ ਇਹ ਦੂਜਾ ਉਮੀਦਵਾਰ ਹੈ ਜੋਕਿ ਅੱਜ ਘੋਸ਼ਿਤ ਕੀਤਾ ਗਿਆ ਇਸ ਤੋਂ ਪਹਿਲਾ ਸਵੇਰੇ ਪਟਿਆਲਾ ਲੋਕ ਸਭਾ ਤੋਂ ਸ਼੍ਰੀ ਜਗਜੀਤ ਛਰਬੜ ਜੀ ਨੂੰ ਐਲਾਨਿਆ ਗਿਆ ਸੀ। ਇਸ ਤਰ੍ਹਾਂ ਬਸਪਾ ਕੁਲ ਪੰਜ ਉਮੀਦਵਾਰ ਘੋਸ਼ਿਤ ਕਰ ਚੁੱਕੀ ਹੈ ਜਿਸ ਵਿਚ ਫਿਰੋਜ਼ਪੁਰ ਤੋਂ ਸ਼੍ਰੀ ਸੁਰਿੰਦਰ ਕੰਬੋਜ਼, ਹੁਸ਼ਿਆਰਪੁਰ ਤੋਂ ਸ਼੍ਰੀ ਰਾਕੇਸ਼ ਕੁਮਾਰ ਸੁੰਮਨ ਅਤੇ ਸੰਗਰੂਰ ਤੋਂ ਡਾ ਮੱਖਣ ਸਿੰਘ ਸ਼ਾਮਿਲ ਹਨ।

# ਪਟਿਆਲਾ ਤੋਂ ਬਸਪਾ ਦਾ ਪੰਥਕ ਚੇਹਰਾ ਹੋਵੇਗਾ ਜਗਜੀਤ ਛੜਬੜ੍ਹ



**ਜਲੰਧਰ (ਸਤਨਾਮ ਸਿੰਘ ਸਹੂੰਗੜਾ)–** ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਜਾਰੀ ਪ੍ਰੈਸ ਨੋਟ ਵਿੱਚ ਕਿਹਾ ਗਿਆ ਕਿ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਹੁਕਮ ਅਨੁਸਾਰ ਅਤੇ ਪੰਜਾਬ ਹਰਿਆਣਾ ਚੰਡੀਗੜ੍ਹ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਜੀ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਬਸਪਾ ਦੇ ਲੋਕ ਸਭਾ ਪਟਿਆਲਾ ਤੋਂ ਉਮੀਦਵਾਰ ਜਗਜੀਤ ਛੜਬੜ੍ਹ ਹੋਣਗੇ। ਕੇਂਦਰੀ ਕੋਆਰਡੀਨੇਟਰ ਬੈਣੀਵਾਲ ਨੇ ਕਿਹਾ ਕਿ ਜਲਦ ਹੀ ਪੰਜਾਬ ਦੀਆਂ ਸਾਰੀਆਂ ਸੀਟਾਂ ਤੇ ਉਮੀਦਵਾਰ ਘੋਸ਼ਿਤ ਕਰ ਦਿੱਤੇ ਜਾਣਗੇ। ਸਾਰੇ ਉਮੀਦਵਾਰਾਂ ਦੇ ਪੈਨਲ ਤੇ ਅੰਤਿਮ ਫੈਂਸਲਾ ਭੈਣ ਕੁਮਾਰੀ ਮਾਇਆਵਤੀ ਜੀ ਵਲੋਂ ਲਿਆ ਜਾ ਰਿਹਾ ਹੈ। ਬਸਪਾ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਪਟਿਆਲਾ ਲੋਕ ਸਭਾ ਦੀ ਰਜਵਾੜਾਸ਼ਾਹੀ ਦਾ ਮੁਕਾਬਲਾ ਪੰਥਕ ਚੇਹਰਾ ਬਸਪਾ ਉਮੀਦਵਾਰ ਜਗਜੀਤ ਛੜਬੜ ਕਰੇਗਾ। ਗੜ੍ਹੀ ਨੇ ਦੱਸਿਆ ਕਿ ਬਸਪਾ ਦੇ ਇਸ ਐਲਾਨ ਨਾਲ ਹੁਣ ਤੱਕ ਚਾਰ ਉਮੀਦਵਾਰਾਂ ਦਾ ਐਲਾਨ ਬਸਪਾ ਵਲੋਂ ਕੀਤਾ ਜਾ ਚੁੱਕਾ ਹੈ। ਜਿਸ ਵਿਚ ਪਹਿਲਾਂ ਹੁਸ਼ਿਆਰਪੁਰ ਤੋਂ ਰਾਕੇਸ਼ ਕੁਮਾਰ ਸੁੰਮਨ, ਫਿਰੋਜ਼ਪੁਰ ਤੋਂ ਸ਼੍ਰੀ ਸੁਰਿੰਦਰ ਕੰਬੋਜ਼, ਸੰਗਰੂਰ ਤੋਂ ਡਾ ਮੱਖਣ ਸਿੰਘ ਦੇ ਨਾਮ ਦਾ ਐਲਾਨ ਹੋ ਚੁੱਕਾ ਹੈ।

ਗੜ੍ਹੀ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਛੜਬੜ ਧਾਰਮਿਕ ਤੇ ਸਮਾਜਿਕ ਪਿਛੋਕੜ ਨਾਲ ਸਬੰਧਿਤ ਹਨ। ਛੜਬੜ੍ਹ ਬਸਪਾ ਦੇ ਜਿਲ੍ਹਾ ਪ੍ਰਧਾਨ ਰਹਿ ਚੁੱਕੇ ਹਨ ਅਤੇ ਮੌਜੂਦਾ ਸੂਬਾ ਜਨਰਲ ਸਕੱਤਰ ਹਨ। ਛੜਬੜ੍ਹ ਬਹੁਜਨ ਸਮਾਜ ਪਾਰਟੀ ਵਲੋਂ 2012 ਵਿੱਚ ਰਾਜਪੁਰਾ ਤੋਂ ਅਤੇ 2017 ਘਨੌਰ ਵਿਧਾਨ ਸਭਾ ਤੋਂ ਚੋਣ ਲੜ ਚੁੱਕੇ ਹਨ। ਛੜਬੜ੍ਹ ਨੇ ਸਾਲ 2020 ਵਿੱਚ ਕਿਸਾਨ ਅੰਦੋਲਨ ਵੇਲੇ ਸੰਤ ਸਮਾਜ ਦੀ ਅਗਵਾਈ ਵਿੱਚ ਟੋਲ ਪਲਾਜ਼ਾ ਅਜੀਜਪੁਰ ਜੋ ਕਿ ਚੰਡੀਗੜ੍ਹ ਪਟਿਆਲਾ ਰੋਡ ਤੇ ਸਥਿਤ ਹੈ, ਵਿਖੇ ਸੰਘਰਸ਼ਸ਼ੀਲ ਕਿਸਾਨਾਂ ਲਈ ਲਗਾਤਾਰ ਲੰਗਰਾਂ ਦਾ ਪ੍ਰਬੰਧ ਕਰਨ ਦੇ ਨਾਲ ਨਾਲ ਹੋਰ ਕੰਮਾਂ ਵਿਚ ਸਰਗਰਮ ਭੂਮਿਕਾ ਅਦਾ ਕੀਤੀ। ਉਹ ਧਾਰਮਿਕ ਤੌਰ ਤੇ ਕਾਰ ਸੇਵਾ ਕਰ ਰਹੇ ਸੰਤਾਂ ਮਹਾਂਪੁਰਸ਼ਾਂ ਨਾਲ ਹਜ਼ੂਰ ਸਾਹਿਬ ਵਿਖੇ ਪ੍ਰਮੁੱਖਤਾ ਨਾਲ ਸੇਵਾ ਕਰਦੇ ਹਨ। ਛਰਬੜ ਸਹੀਦ ਬਾਬਾ ਸੰਗਤ ਸਿੰਘ ਜੀ ਅਤੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਨਗਰ ਕੀਰਤਨ ਪਿੰਡ ਛੜਬੜ੍ਹ ਤੋਂ ਚਮਕੌਰ ਸਾਹਿਬ ਤੱਕ ਪਿਛਲੇ 12 ਸਾਲਾਂ ਤੋਂ ਲਗਾਤਾਰ ਸੰਤ ਸਮਾਜ ਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕੱਢ ਰਹੇ ਹਨ।

# ਸਮਾਜ ਸੇਵੀ ਤੇ ਇਲਾਕੇ ਦਾ ਸਿੱਖ ਚਿਹਰਾ ਦਲਜੀਤ ਸਿੰਘ ਬੈਂਸ ਦੀ ਭਾਜਪਾ ਆਗੂਆਂ ਨਾਲ ਮੁਲਾਕਾਤ ਨੇ ਛੇੜੀ ਚਰਚਾ

**ਸੜੋਆ (ਸਤਨਾਮ ਸਿੰਘ ਸਹੂੰਗੜਾ)–** ਲੋਕ ਸਭਾ ਹਲਕਾ ਸ਼੍ਰੀ ਆਨੰਦਪੁਰ ਸਾਹਿਬ ਤੋਂ ਸਰਗਰਮ ਸਮਾਜ ਸੇਵੀ ਅਤੇ ਕਿਸਾਨ ਆਗੂ ਦਲਜੀਤ ਸਿੰਘ ਬੈਂਸ ਵਲੋਂ ਹਲਕੇ ਦੀਆ ਮੁੱਖ ਸਮੱਸਿਆ ਅਤੇ ਲੋਕਾਂ ਦੀਆ ਮੰਗਾਂ ਨੂੰ ਲੈ ਕੇ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਦੇ ਵੱਡੇ ਆਗੂਆਂ ਨਾਲ ਮੀਟਿੰਗ ਕੀਤੀ ਗਈ। ਭਰੋਸੇਯੋਗ ਸੂਤਰਾਂ ਤੋ ਮਿਲੀ ਜਾਣਕਾਰੀ ਅਨੁਸਾਰ ਭਾਜਪਾ ਪੰਜਾਬ ਅੰਦਰ ਪੈਰ ਪਸਾਰਨ ਲਈ ਵੱਡੇ ਉਪਰਾਲੇ ਕਰ ਰਹੀ ਹੈ ਤੇ ਉਹ ਹੋਰਨਾਂ ਰਾਜਨੀਤਕ ਪਾਰਟੀਆ ਦੇ ਸ਼੍ਰੀ ਅਨੰਦਪੁਰ ਸਾਹਿਬ ਤੋਂ ਬਾਹਰੀ ਉਮੀਦਵਾਰਾਂ ਨੂੰ ਚੋਣ ਮੈਦਾਨ ਵਿੱਚ ਉਤਾਰਨ ਦੀ ਥਾਂ ਹਲਕੇ ਨਾਲ ਸਬੰਧਿਤ ਕਿਸੇ ਬੇਦਾਗ ਤੇ ਲੋਕਾਂ ਦੀ ਪਸੰਦ ਦੇ ਉਮੀਦਵਾਰ ਨੂੰ ਚੋਣ ਮੈਦਾਨ ਵਿਚ ਉਤਾਰਨ ਦਾ ਮਨ ਬਣਾਈ ਬੈਠੀ ਹੈ ਅਤੇ ਮੌਜੂਦਾ ਸਮੇਂ ਦੌਰਾਨ ਉਹਨਾਂ ਵਲੋਂ ਮੋਹਰੀ ਕਤਾਰ ਵਿੱਚ ਹੋ ਕੇ ਇਤਿਹਾਸਕ ਹਿੰਦੂ, ਸਿੱਖ ਭਾਈਚਾਰੇ ਦੀ ਸਾਂਝੀ ਸੜਕ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਮਾਰਗ ਸ਼੍ਰੀ ਅਨੰਦਪੁਰ ਸਾਹਿਬ ਰੋਡ, ਗੜਸ਼ੰਕਰ ਨੂੰ ਕਾਰ ਸੇਵਾ ਵਾਲੇ ਸੰਤਾਂ ਨਾਲ ਅਹਿਮ ਰੋਲ ਨਿਭਾਇਆ ਹੈ ਤੇ ਜਿਹਨਾਂ ਦੀ ਨਿਸ਼ਕਾਮ ਸੇਵਾ ਦੀ ਪੂਰੇ ਇਲਾਕੇ ਵਿੱਚ ਚਰਚਾ ਹੈ।



ਇਸ ਦੇ ਨਾਲ ਹੀ ਉਹਨਾ ਦੇ ਪਿਤਾ ਜੀ ਭਾਰਤੀ ਫੌਜ ਵਿੱਚ ਸ਼ਹੀਦ ਹੋਏ ਸਨ ਤੇ ਉਹ ਸ਼ਹੀਦ ਪਰਿਵਾਰ ਨਾਲ ਸੰਬੰਧਿਤ ਵੀ ਹਨ, ਨਾਲ ਹੀ ਉਹ ਹਲਕਾ ਬਲਾਚੌਰ ਦੇ ਚਾਰ ਵਾਰ ਵਿਧਾਇਕ ਚੌਧਰੀ ਨੰਦ ਲਾਲ ਦੇ ਪੀ ਏ ਰਹੇ ਹਨ। ਜਿਨ੍ਹਾਂ ਵੱਡੇ ਪੱਧਰ ਤੇ ਲੋਕਾਂ ਦੇ ਕੰਮ ਕਰਵਾਏ ਸਨ ਨਾਲ ਹੀ ਉਹ ਸਾਬਕਾ ਵਿਧਾਇਕ ਸੰਤ ਬਾਬਾ ਅਜੀਤ ਸਿੰਘ ਪ੍ਰੀਵਾਰ ਵਿਛੋੜਾ ਵਾਲਿਆ ਦੇ ਕਰੀਬੀ ਖਾਸਮਖਾਸ ਰਹੇ ਹਨ। ਇਸ ਦੇ ਨਾਲ ਹੀ ਉਹਨਾਂ ਦੇ ਵੱਖ ਵੱਖ ਵੱਡੇ ਧਾਰਮਿਕ ਡੇਰਿਆਂ ਨਾਲ ਚੰਗੇ ਸੰਬੰਧ ਹੋਣ ਕਾਰਨ ਇਹ ਭਾਜਪਾ ਦੀ ਲੀਡਰਸ਼ਿਪ ਦੇ ਮਨ ਵਿੱਚ ਗੱਲ ਘਰ ਕਰ ਬੈਠੀ ਹੈ।

ਇਸ ਲਈ ਭਾਜਪਾ ਉਹਨਾ ਨੂੰ ਆਪਣੇ ਨਾਲ ਜੋੜਨ ਲਈ ਹਰ ਉਪਰਾਲਾ ਕਰ ਰਹੀ ਹੈ। ਕਿਉਂਕਿ ਉਹਨਾ ਵਲੋਂ ਗੜਸ਼ੰਕਰ ਤੋਂ ਸ਼੍ਰੀ ਅਨੰਦਪੁਰ ਸਾਹਿਬ ਮਾਰਗ ਜੋ ਦੋ ਪ੍ਰਮੁੱਖ ਤਖਤਾਂ ਤੇ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਅਤੇ ਦੇਵ ਭੂਮੀ ਹਿਮਾਚਲ ਪ੍ਰਦੇਸ਼ ਵਿਚ ਹਿੰਦੂ ਧਰਮ ਦੇ ਪ੍ਰਸਿੱਧ ਸ਼ਕਤੀਪੀਠ ਮਾਤਾ ਨੈਣਾ ਦੇਵੀ ਮੰਦਿਰ ਨੂੰ ਜੋੜਨ ਵਾਲੀ ਮੁੱਖ ਸੜਕ ਵਿੱਚ ਮੋਹਰੇ ਯੋਗਦਾਨ ਪਾਉਣ ਵਿਚ ਪੂਰੇ ਹਲਕੇ ਅੰਦਰ ਉਹਨਾਂ ਦੇ ਨਾਂ ਖੂਬ ਚਰਚਾ ਵਿਚ ਹੈ। 'ਤੇ ਲੋਕ ਆਪ ਮੁਹਾਰੇ ਉਹਨਾ ਨਾਲ ਜੁੜ ਰਹੇ ਹਨ।

ਇਸ ਸੰਬੰਧੀ ਜਦੋਂ ਸਮਾਜ ਸੇਵੀ ਤੇ ਕਿਸਾਨ ਆਗੂ ਦਲਜੀਤ ਸਿੰਘ ਬੈਂਸ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਦੱਸਿਆ ਕਿ ਉਹਨਾਂ ਦੀ ਮੁਲਾਕਾਤ ਸਿਰਫ ਬੰਗਾ ਤੋ ਸ਼੍ਰੀ ਅਨੰਦਪੁਰ ਸਾਹਿਬ ਤੇ ਮਾਤਾ ਨੈਣਾ ਦੇਵੀ ਮਾਰਗ ਨੂੰ ਚਾਰ ਮਾਰਗੀ ਬਣਾਉਣ ਤੇ ਹਲਕੇ ਦੀਆ ਚਾਰ ਪ੍ਰਮੁੱਖ ਮੰਗਾਂ ਸਬੰਧੀ ਕੇਂਦਰੀ ਆਗੂਆ ਨਾਲ ਗੱਲ ਕੀਤੀ ਹੈ।


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call :
Dharminder
Singh

Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com



ਦੇਸ਼ ਦੁਆਬਾ

ਡਾਕਟਰ ਅੰਬੇਡਕਰ ਬਾਰੇ ਲਿਖਣ ਲੱਗਿਆਂ
ਮੈਨੂੰ ਗਾਲਿਬ ਦਾ ਹੇਠ ਲਿਖਿਆ ਸ਼ੇਅਰ ਯਾਦ ਆਇਆ:
ਜ਼ੁਬਾਂ ਪਿ: ਬਾਤਿ ਖੁਦਾਯਾ ਯੇ ਕਿਸ ਕਾ ਨਾਮ ਆਯਾ?
ਕਿ ਮੇਰੇ ਨਤਕ ਨੇ ਬੋਸੇ ਮੇਰੀ ਜ਼ੁਬਾਂ ਕੇ ਲਿਏ।
''ਐ ਖੁਦਾ ਇਹ ਜ਼ਬਾਨ ਉਤੇ ਕਿਸ ਦਾ ਨਾਮ ਆਇਆ ਹੈ ਕਿ ਬੋਲਣ ਦੀ ਤਾਕਤ ਮੇਰੀ ਜ਼ੁਬਾਨ ਦੇ ਚੁੰਮਣ ਲੈਣ ਲੱਗ ਪਈ ਹੈ।''

ਮੈਨੂੰ 1942 ਵਿਚ ਡਾਕਟਰ ਜੀ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ। ਆਪ ਵਾਇਸਰਾਏ ਹਿੰਦ ਦੀ ਐਗਜ਼ੈਕਟਿਵ ਕੌਂਸਲ ਦੇ ਮੈਂਬਰ ਸਨ। ਮੈਂ ਗਿਆਨੀ ਕਰਤਾਰ ਸਿੰਘ ਨਾਲ ਦਿੱਲੀ ਗਿਆ ਸਾਂ ਤੇ ਸਾਡਾ ਮਿਸ਼ਨ ਇਹ ਸੀ ਕਿ ਉਰਦੂ ਦੇ ਅਜੀਤ ਲਈ ਕਾਗ਼ਜ਼ ਦਾ ਕੋਟਾ ਲਿਆ ਜਾਏ। ਜੰਗ ਕਾਰਨ ਕਾਗ਼ਜ਼ ਦਾ ਕੋਟਾ ਮਿਲਦਾ ਨਹੀਂ ਸੀ ਤੇ ਇਸ ਲਈ ਜਿੱਥੇ ਗਿਆਨੀ ਜੀ ਹੋਰਨਾਂ ਨੂੰ ਵੀ ਮਿਲੇ, ਉਥੇ ਡਾਕਟਰ ਅੰਬੇਡਕਰ ਦੀ ਮਦਦ ਲੈਣੀ ਵੀ ਜ਼ਰੂਰੀ ਸਮਝੀ।

ਇਹ ਮੇਰੀ ਖੁਸ਼ਕਿਸਮਤੀ ਸੀ ਕਿ ਮੈਨੂੰ ਡਾਕਟਰ ਜੀ ਵਰਗੇ ਨੇਤਾ ਦੇ ਦਰਸ਼ਨ ਹੋਏ। ਇਸ ਸਬੰਧ ਵਿਚ ਗਿਆਨੀ ਜੀ ਤੇ ਮੈਂ ਉਹਨਾਂ ਨੂੰ ਉਹਨਾਂ ਦੇ ਦਫ਼ਤਰ ਵਿਚ ਮਿਲੇ। ਗੱਲਾਂ ਕਰਕੇ ਪਤਾ ਲੱਗਾ ਕਿ ਉਹ ਇਕ ਮਿਕਨਾਤੀਸੀ ਸ਼ਖਸੀਅਤ ਦੇ ਮਾਲਕ ਸਨ। ਥੋੜ੍ਹੀ ਦੇਰ ਗੱਲਾਂਬਾਤਾਂ ਕਰਕੇ ਮੈਂ ਮਹਿਸੂਸ ਕੀਤਾ ਕਿ ਡਾਕਟਰ ਸਾਹਿਬ ਵਾਕਈ ਇਕ ਸੁਚੇਤ ਤੇ ਦ੍ਰਿੜ੍ਹ ਇਰਾਦੇ ਦੇ ਮਾਲਕ ਹਨ। ਮੈਂ ਲਗੀ ਲਪਟੀ ਬਿਨਾਂ ਉਨ੍ਹਾਂ ਨੂੰ ਆਪਣੇ ਦਿਲ ਦੀ ਕਹਿ ਸੁਣਾਈ। ਮੈਂ ਅੰਗਰੇਜ਼ੀ ਵਿਚ ਠੀਕ ਢੰਗ ਨਾਲ ਗੱਲ ਨਹੀਂ ਸਾਂ ਕਰ ਸਕਦਾ ਪਰ ਇਹ ਗੱਲ ਚੰਗੀ ਸੀ ਕਿ ਉਹ ਹਿੰਦੁਸਤਾਨੀ ਕਾਫ਼ੀ ਹੱਦ ਤੀਕ ਬੋਲ ਲੈਂਦੇ ਸਨ।

ਡਾਕਟਰ ਸਾਹਿਬ ਨੇ ਸਾਡਾ ਕੇਸ ਸਮਝ ਕੇ ਸਾਡੇ ਲਈ ਦੋ ਤਿੰਨ ਥਾਈਂ ਫੋਨ ਕਰ ਦਿੱਤਾ। ਉਹ ਅਸੂਲੀ ਤੋਰ ਤੇ ਇਸ ਗੱਲ ਦੇ ਹੱਕ ਵਿਚ ਸਨ ਕਿ ਸਿੱਖਾਂ ਦਾ ਉਰਦੂ ਅਖ਼ਬਾਰ ਜ਼ਰੂਰ ਚਲਣਾ ਚਾਹੀਦਾ ਹੈ ਤਾਂ ਜੋ ਸਵਰਨ ਹਿੰਦੂ ਜਾਤੀ ਦੇ ਪਰਚਿਆਂ ਦਾ ਮੁਕਾਬਲਾ ਕੀਤਾ ਜਾ ਸਕੇ। ਉਨ੍ਹਾਂ ਦੀ ਵਿਚਾਰਧਾਰਾ ਗਿਆਨੀ ਜੀ ਨਾਲ ਮਿਲਦੀ ਸੀ। ਪਰ ਪਾਕਿਸਤਾਨ ਦੀ ਗੱਲ ਅਸੀਂ ਜਾਣ ਕੇ ਨਹੀਂ ਸੀ ਛੇੜੀ ਕਿਉਂਕਿ ਮੈਨੂੰ ਗਿਆਨ ਜੀ ਨੇ ਉਨ੍ਹਾਂ ਦੀ ਪ੍ਰਸਿੱਧ ਕਿਤਾਬ 'ਥਾਟਸ ਆਨ ਪਾਕਿਸਤਾਨ' ਪੜ੍ਹਾਈ ਹੋਈ ਸੀ। ਜਦੋਂ ਡਾਕਟਰ ਜੀ ਨੇ ਗੱਲ ਛੇੜੀ ਤਾਂ ਗਿਆਨੀ ਜੀ ਨੇ ਉਨ੍ਹਾਂ ਤੋਂ ਮੁਆਫ਼ੀ ਮੰਗੀ ਤੇ ਕਿਹਾ ਕਿ ਉਹ ਬਹੁਤ ਕਾਹਲ ਵਿਚ ਹਨ, ਇਸ ਲਈ ਛੇਤੀ ਛੁੱਟੀ ਚਾਹੁੰਦੇ ਸਨ। ਪਰ ਗਿਆਨੀ ਜੀ ਨੇ ਮੇਰੇ ਵੱਲ ਵੇਖ ਕੇ ਕਿਹਾ, 'ਡਾਕਟਰ ਸਾਹਿਬ, ਸਾਧੂ ਸਿੰਘ ਇਸ ਉਰਦੂ ਅਖ਼ਬਾਰ ਕਾ ਐਡੀਟਰ ਬਨੇਗਾ। ਇਸ ਲੀਏ ਇਸਕੋ ਆਪ ਕੋਈ ਸੀਖ ਦੀਜੀਏ, ਯਹ ਮੇਰੇ ਬਾਅਦ ਕੁਛ ਦਿਨ ਯਹਾਂ ਠਹਿਰੇਗਾ, ਆਪ ਕੇ ਪਾਸ ਆਤਾ ਰਹੇਗਾ ਔਰ ਆਪ ਸੇ ਮਦਦ ਭੀ ਲੇਗਾ।'

ਇਹ ਮੈਂ ਡਾਕਟਰ ਸਾਹਿਬ ਨੂੰ ਦੱਸ ਹੀ ਦਿੱਤਾ ਸੀ ਕਿ ਮੈਂ ਉਨ੍ਹਾਂ ਦੀ ਕਿਤਾਬ 'ਥਾਟਸ ਆਨ ਪਾਕਿਸਤਾਨ' ਪੜ੍ਹੀ ਹੋਈ ਹੈ। ਉਹ ਮੈਨੂੰ ਹਿੰਦੁਸਤਾਨ ਦੀਆਂ ਪੱਛੜੀਆਂ ਜਾਤੀਆਂ ਦਾ ਮੁਦਈ ਬਣਾਉਣਾ ਚਾਹੁੰਦੇ ਸਨ। ਮੈਂ ਉਨ੍ਹਾਂ ਨਾਲ ਮਿਲਣਾ ਵੀ ਚਾਹੁੰਦਾ ਸਾਂ, ਉਹਨਾਂ ਨੇ ਮੈਨੂੰ ਹਰ ਰੋਜ਼ ਨੌਂ ਵਜੇ ਤੋਂ ਦਸ ਵਜੇ ਤੱਕ ਮਿਲਣ ਲਈ ਕਿਹਾ। ਮੈਂ ਫਖਰ ਮਹਿਸੂਸ ਕੀਤਾ ਕਿ ਮੈਨੂੰ ਡਾਕਟਰ ਅੰਬੇਡਕਰ ਨੂੰ ਨੇੜਿਉਂ ਵੇਖਣ ਦਾ ਮੌਕਾ ਮਿਲੇਗਾ। ਮੈਂ ਫਖਰ ਮਹਿਸੂਸ ਕੀਤਾ ਕਿ ਮੈਨੂੰ ਡਾਕਟਰ ਅੰਬੇਡਕਰ ਨੂੰ ਨੇੜਿਉਂ ਵੇਖਣ ਦਾ ਮੌਕਾ ਮਿਲੇਗਾ। ਇਸ ਲਈ ਮੈਂ ਉਨ੍ਹਾਂ ਦੀ ਇਹ ਤਜਵੀਜ਼ ਇਕਦਮ ਮੰਨ ਲਈ। ਪਰ ਇਕ ਬੇਨਤੀ ਕੀਤੀ ਕਿ ਸੈਕਟਰੀਏਟ ਮੇਰੇ ਲਈ ਇਕ ਭੂਲ ਭੁਲਈਆ ਹੈ। ਮੈਂ ਕਦੀ ਵੀ ਇਸ ਤਰ੍ਹਾਂ ਦੇ ਵੱਡੇ ਦਫ਼ਤਰ ਵਿਚ ਨਹੀਂ ਗਿਆ। ਮੈਂ ਇਹ ਵੀ ਦੱਸਿਆ ਕਿ ਮੈਂ ਬਹੁਤ ਹੀ ਸੰਗਾਊ ਬੰਦਾ ਹਾਂ। ਇਸ ਕਰਕੇ ਕੋਈ ਅਜਿਹਾ ਪ੍ਰਬੰਧ ਹੋ ਜਾਏ ਕਿ ਮੈਨੂੰ ਬਾਹਰੋਂ ਹੀ ਕੋਈ ਸੱਜਣ ਲੈ ਲਏ ਤੇ ਮਿਲਾ ਦੇਵੇ। ਕਮਰਿਆਂ ਦਾ ਮੈਨੂੰ ਪਤਾ ਨਹੀਂ ਸੀ ਲੱਗਣਾ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਡਾਕਟਰ ਸਾਹਿਬ ਹੱਸ ਪਏ ਸਨ ਤੇ ਇਹ ਗੱਲ ਨੋਟ ਕਰ ਲਈ ਸੀ। ਪਰ ਫਿਰ ਵੀ ਗਿਆਨੀ ਜੀ ਨੇ ਆਪਣੇ ਤੌਰ ਤੇ ਮੇਰੀ ਇਸ ਮੁਸ਼ਕਿਲ ਨੂੰ ਸਮਝਦਿਆਂ ਦਿੱਲੀ ਦੇ ਇਕ ਸੱਜਣ ਦੀ ਡਿਊਟੀ ਮੇਰੇ ਨਾਲ ਲਗਾ ਦਿੱਤੀ।

ਪਰ ਮੈਂ ਹੈਰਾਨ ਹੋ ਗਿਆ ਜਦੋਂ ਇਕ ਸੱਜਣ ਸੈਕਟਰੀਏਟ ਤੋਂ ਬਾਹਰ ਮੈਨੂੰ ਵੇਖ ਕੇ ਮੇਰੇ ਪਾਸ ਆਇਆ ਤੇ ਮੈਨੂੰ ਡਾਕਟਰ ਅੰਬੇਡਕਰ ਦੇ ਦਫ਼ਤਰ ਵਿਚ ਲੈ ਆਇਆ। ਡਾਕਟਰ ਅੰਬੇਡਕਰ ਨੇ ਗੱਲ ਕਿੰਨੀ ਯਾਦ ਰੱਖੀ, ਇਸ ਦੀ ਮੈਨੂੰ ਹੈਰਾਨੀ ਸੀ। ਉਨ੍ਹਾਂ ਨਾਲ ਜੋ ਗੱਲਬਾਤ ਹੋਈ ਤੇ ਉਹਨਾਂ ਨੇ ਕਿਸ ਤਰ੍ਹਾਂ ਮੈਨੂੰ ਪਾਕਿਸਤਾਨ ਦਾ ਹਾਮੀ ਬਣਾਇਆ, ਕਿਸ ਤਰ੍ਹਾਂ ਉਨ੍ਹਾਂ ਮੈਨੂੰ ਆਪਣਾ ਹਮਖਿਆਲ ਬਣਾਇਆ ਅਤੇ ਪਿੱਛੇ ਰਹੀਆਂ ਸ਼੍ਰੇਣੀਆਂ ਦਾ ਮੁਦਈ ਬਣਾਇਆ, ਇਸ ਨੂੰ ਅੱਗੇ ਚੱਲ ਕੇ ਅੰਕਿਤ ਕੀਤਾ ਹੈ।

ਡਾਕਟਰ ਅੰਬੇਡਕਰ ਬੜੇ ਪਿਆਰ ਨਾਲ ਮਿਲੇ। ਉਨ੍ਹਾਂ ਦਾ ਪਹਿਲਾ ਸਵਾਲ ਸੀ ਕਿ ਕੀ ਮੈਂ ਪਾਕਿਸਤਾਨ ਦੇ ਹੱਕ ਵਿਚ ਹਾਂ? ਮੈਂ ਨਹੀਂ ਵਿਚ ਉਤਰ ਦਿੱਤਾ ਤਾਂ ਉਹ ਹੱਸ ਪਏ। ਇਸ ਦਾ ਕਾਰਨ ਪੁੱਛਿਆ ਤਾਂ ਮੈਂ ਉਹੀ ਰਵਾਇਤੀ ਜਵਾਬ ਦਿੱਤਾ ਜੋ ਅਸੀਂ ਸਭ ਨੇ ਪਾਕਿਸਤਾਨ ਦੇ ਸਬੰਧ ਵਿਚ ਰਟਿਆ ਹੋਇਆ ਸੀ। ਡਾਕਟਰ ਸਾਹਿਬ ਜਾਣਦੇ ਹੀ ਸਨ ਕਿ ਮੈਂ ਕੀ ਦਲੀਲਾਂ ਦੇਣੀਆਂ ਹਨ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਉਹਨਾਂ ਦੀ ਕਿਤਾਬ 'ਥਾਟਸ ਆਨ ਪਾਕਿਸਤਾਨ' ਕਈ ਵਾਰ ਪੜ੍ਹੀ ਸੀ। ਮੈਂ ਦੋ ਗੱਲਾਂ ਕਰਕੇ ਉਹਨਾਂ ਦੇ ਹੱਕ ਵਿਚ ਨਹੀਂ ਹੋ ਸਕਦਾ ਸਾਂ। ਮੈਂ ਦੱਸਿਆ ਕਿ ਇਕ ਕਾਰਨ ਇਹ ਹੈ ਕਿ ਜੇ ਪਾਕਿਸਤਾਨ ਬਣਨਾ ਹੀ ਹੈ ਤਾਂ ਨਨਕਾਣਾ ਸਾਹਿਬ ਦਾ ਕੀ ਬਣੇਗਾ। ਸਿੱਖਾਂ ਲਈ ਨਨਕਾਣਾ ਸਾਹਿਬ ਉਹੀ ਹੈਸੀਅਤ ਰੱਖਦਾ ਹੈ ਜੋ ਮੁਸਲਮਾਨਾਂ ਲਈ ਮੱਕੇ ਦੀ ਹੈ। ਇਹ ਬੜਾ ਜ਼ਰੂਰੀ ਮਸਲਾ ਹੈ, ਜਿਸ ਤੇ ਅਸੀਂ ਪਾਕਿਸਤਾਨ ਦੀ ਮੰਗ ਸਾਹਮਣੇ ਹਥਿਆਰ ਨਹੀਂ ਸੁੱਟ ਸਕਦੇ। ਦੂਜਾ ਕਾਰਨ ਸਾਡਾ ਭਾਵ ਸਿੱਖਾਂ ਦੀ ਵਿਰੋਧਤਾ ਦਾ, ਮੈਂ ਇਹ ਦੱਸਿਆ ਕਿ ਪਾਕਿਸਤਾਨ ਵਾਲੇ ਸਤਲੁਜ ਤੱਕ ਪਾਕਿਸਤਾਨ ਮੰਗਦੇ ਹਨ। ਅਸੀਂ ਦਰਿਆ ਰਾਵੀ ਤੋਂ ਇੱਧਰਲਾ ਪੰਜਾਬ ਮੰਗਦੇ ਹਾਂ। ਲਾਹੌਰ, ਨੀਲੀ ਬਾਰ ਤੇ ਮੁਲਤਾਨ, ਬਹਾਵਲਪੁਰ ਆਦਿ ਦਾ ਇਲਾਕਾ ਇੱਧਰ ਆ ਜਾਏਗਾ ਤਾਂ ਮੁਸਲਮਾਨ ਇੱਧਰ ਰਹਿ ਜਾਣਗੇ ਤੇ ਅਸੀਂ ਉਹਨਾਂ ਨਾਲ ਤੇ ਸ਼ਡੂਲਡ ਕਾਸਟਸ ਨਾਲ ਮਿਲ ਕੇ ਸਵਰਨ ਜਾਤੀਆਂ ਦਾ ਬਹੁਤਾ ਚੱਕਰ ਨਹੀਂ ਚੱਲਣ ਦਿਆਂਗੇ।

ਫੇਰ ਮੈਂ ਉਹਨਾਂ ਨੂੰ ਆਜ਼ਾਦ ਪੰਜਾਬ ਦੀ ਗੱਲ ਸੁਣਾਈ। ਮੈਂ ਦੱਸਿਆ ਕਿ ਜੇ ਦਰਿਆਏ ਚਨਾਬ ਤੱਕ ਦਾ ਪੰਜਾਬ ਰਹਿ ਜਾਏ ਤੇ ਬਾਕੀ ਦੇ ਪੰਜਾਬ ਵਿਚ 40 ਫੀਸਦੀ ਮੁਸਲਮਾਨ, 40 ਫੀਸਦੀ ਹਿੰਦੂ ਤੇ 20 ਫੀਸਦੀ ਸਿੱਖ ਹੋ ਜਾਣਗੇ ਤਾਂ ਫਿਰ ਪਾਕਿਸਤਾਨ ਦੀ ਮੰਗ ਆਪਣੇ ਆਪ ਖਤਮ ਹੋ ਜਾਏਗੀ। ਕੁਝ ਹੋਰ ਦਲੀਲਾਂ ਵੀ ਦਿੱਤੀਆਂ। ਉਹਨਾਂ ਨੇ ਮੇਰੀਆਂ ਦਲੀਲਾਂ ਇਕ ਇਕ ਕਰਕੇ ਸੁਣੀਆਂ ਤੇ ਫਿਰ ਇਕੱਲੀ ਇਕੱਲੀ ਦਾ ਉਹਨਾਂ ਨੇ ਉਤਰ ਦਿੱਤਾ। ਤਿੰਨ ਚਾਰ ਦਿਨ ਇਸ ਗੱਲ ਨੂੰ ਲੱਗੇ।

ਜਿੱਥੋਂ ਤੱਕ ਨਨਕਾਣਾ ਸਾਹਿਬ ਦਾ ਸਬੰਧ ਹੈ, ਡਾਕਟਰ ਅੰਬੇਡਕਰ ਨੇ ਕਿਹਾ ਕਿ ਜੇ ਮਿਸਟਰ ਜਿਨਾਹ ਨੇ ਪਾਕਿਸਤਾਨ ਲੜ ਕੇ ਲਿਆ ਤਾਂ ਉਹ ਸਾਡੀ ਗੱਲ ਕਿਉਂ ਮੰਨੇਗਾ? ਹਾਂ ਅੰਗਰੇਜ਼ ਸਾਡੀ ਮਦਦ ਕਰ ਸਕਦਾ ਹੈ ਪਰ ਇਹ ਵੀ ਤਾਂ ਜਾਣਦਾ ਹੈ ਕਿ ਸਿੱਖ ਕਾਂਗਰਸ ਨਾਲ ਹਨ ਤੇ ਕਾਂਗਰਸ ਅੰਗਰੇਜ਼ਾਂ ਦੀ ਅਤੇ ਜਿਨਾਹ ਦੀ ਨਜ਼ਰ ਵਿਚ ਬਹੁਤੀ ਰੜਕ ਰਹੀ ਹੈ। ਇਸ ਵਿਚ ਕਾਂਗਰਸ ਜ਼ਰੂਰ ਮਦਦ ਕਰ ਸਕਦੀ ਹੈ ਪਰ ਉਹ ਇਸ ਨੂੰ ਓਨਾ ਅਹਿਮ ਮਸਲਾ ਨਹੀਂ ਸਮਝੇਗੀ, ਜਿੰਨਾ ਕਿ ਸਿੱਖ ਸਮਝਦੇ ਹਨ। ਡਾਕਟਰ ਅੰਬੇਡਕਰ ਨੇ ਭਾਵ-ਪੂਰਤ ਨਜ਼ਰ ਨਾਲ ਮੇਰੇ ਵੱਲ ਵੇਖਦਿਆਂ ਕਿਹਾ, "ਸਾਧੂ ਸਿੰਘ ਤੁਮ ਬਤਾਓ ਕਿ ਉਸਨੇ ਨਹਿਰੂ ਰਿਪੋਰਟ, ਕਮਿਊਨਲ ਐਵਾਰਡ, ਲਾਰਡ ਲਿਨ ਲਿਥਗੋ ਬਾਤਚੀਤ ਕੇ ਮੌਕੇ ਪਰ ਜਬ ਸਾਰੀ ਪਾਰਟੀਉਂ ਕੋ ਜੰਗ ਮੇਂ ਸ਼ਾਮਲ ਹੋਨੇ ਕੇ ਲੀਏ ਸਿੱਖੋਂ ਕੋ ਨਾ ਬੁਲਾਇਆ ਤੋ ਕਾਂਗਰਸ ਨੇ ਸਿੱਖੋਂ ਕੀ ਕਿਆ ਮਦਦ ਕੀ? ਆਜ਼ਾਦ ਪੰਜਾਬ ਕੀ ਮਾਂਗ ਕੀ ਪੰਜਾਬ ਕੇ ਹਿੰਦੂ ਕਾਂਗਰਸੀ ਭੀ ਮੁਖਾਲਫਿਤ ਕਰ ਰਹੇ ਹੈਂ, ਤੋਂ ਵੋਹ ਨਨਕਾਣਾ ਸਾਹਿਬ ਕੇ ਬਾਰੇ ਮੇਂ ਕਿਆ ਕਰੇਗੀ? ਹਾਂ ਲਾਹੌਰ ਕੇ ਲੀਏ ਵੁਹ ਕੋਸ਼ਿਸ਼ ਕਰੇਗੀ ਮਗਰ ਕਲਕੱਤਾ ਲੇਨੇ ਕੀ ਖਾਤਿਰ ਵੋਹ ਲਾਹੌਰ ਕੀ ਮਾਂਗ ਭੀ ਛੋੜ ਸਕਤੀ ਹੈ। ਮੈਂ ਇਨ ਕਾਂਗਰਸੀਉਂ ਕੋ ਖ਼ੂਬ ਜਾਨਤਾ ਹੂੰ।'' ਇਹ ਗੱਲ ਮੈਂ ਰਿਕਾਰਡ ਨਹੀਂ ਕੀਤੀ ਪਰ ਉਸ ਦਾ ਸਾਰੰਸ ਕੱਢ ਕੇ ਦੱਸਿਆ ਹੈ। ਉਨ੍ਹਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਇਹ ਮੰਗ ਸਿੱਖਾਂ ਨੂੰ ਜ਼ਰੂਰ ਕਰਨੀ ਚਾਹੀਦੀ ਹੈ। ਜਿਨਾਹ ਇਹ ਗੱਲ ਸੁਣ ਸਕਦੇ ਹਨ ਪਰ ਜੇ ਅਸੀਂ ਉਨ੍ਹਾਂ ਦਾ ਪਾਕਿਸਤਾਨ ਬਣਾਉਣ ਦੀ ਮੰਗ ਦਾ ਅਸੂਲ ਮੰਨ ਲਈਏ। ਪਰ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦਾ ਖਿਆਲ ਹੈ ਕਿ ਇਹ ਮੰਗ ਨਹੀਂ ਮੰਨੀ ਜਾਏਗੀ। ਪਰ ਫਿਰ ਵੀ ਇਸ ਲਈ ਯਤਨ ਕਰਨਾ ਹੋਵੇਗਾ। ਇਸ ਲਈ ਇਹ ਵੀ ਹੋ ਸਕਦਾ ਹੈ ਕਿ ਸਿੱਖ ਲੀਡਰ ਮਿਸਟਰ ਜਿਨਾਹ ਨੂੰ ਮਿਲਣ। ਜੇ ਅਜਿਹਾ ਹੋ ਜਾਏ ਤਾਂ ਮਿਸਟਰ ਜਿਨਾਹ ਦਾ ਰਵੱਈਆ ਨਰਮ ਹੋ ਸਕਦਾ ਹੈ। ਪਰ ਉਹ ਜਾਣਦੇ ਸਨ ਕਿ ਅਕਾਲੀ ਲੀਡਰ




ਸਵਰਨ ਹਿੰਦੂਆਂ ਤੋਂ ਡਰਦੇ ਹੋਏ ਜਿਨਾਹ ਸਾਹਿਬ ਨਾਲ ਗੱਲ ਨਹੀਂ ਕਰਨਗੇ।

ਮੈਂ ਦਿਲ ਹੀ ਦਿਲ ਵਿਚ ਸੋਚ ਰਿਹਾ ਸਾਂ ਕਿ ਡਾਕਟਰ ਅੰਬੇਡਕਰ ਠੀਕ ਕਹਿੰਦੇ ਹਨ। ਸੱਚ ਪੁੱਛੋ ਤਾਂ ਉਹਨਾਂ ਦੀਆਂ ਗੱਲਾਂ ਸੁਣ ਕੇ ਮੈਨੂੰ ਆਪਣੇ ਆਪ ਉਤੇ ਅਤੇ ਆਪਣੇ ਲੀਡਰਾਂ ਤੇ ਗੁੱਸਾ ਆ ਰਿਹਾ ਸੀ। ਜਦੋਂ ਡਾਕਟਰ ਜੀ ਨੇ ਕਿਹਾ, ''ਗਿਆਨੀ ਕਰਤਾਰ ਸਿੰਘ ਭੀ ਤੋ ਜੁਰਅਤ ਨਹੀਂ ਕਰਤੇ।'' ਤਾਂ ਮੈਨੂੰ ਆਪਣੇ ਇਸ 'ਫਕੀਰ ਲੀਡਰ' ਤੇ ਤਰਸ ਆਇਆ, ਮੈਂ ਤਾਂ ਜਾਣਦਾ ਸਾਂ ਕਿ ਗਿਆਨੀ ਜੀ ਜਿਨਾਹ ਨਾਲ ਗੱਲ ਕਰਕੇ ਝਗੜਾ ਖਤਮ ਕਰਨਾ ਚਾਹੁੰਦੇ ਹਨ ਪਰ ਮਾਸਟਰ ਤਾਰਾ ਸਿੰਘ ਅਤੇ ਨਾਗੋਕੇ ਗਰੁੱਪ ਕਾਂਗਰਸ ਤੋਂ ਡਰਦੇ ਇਸ ਸਵਾਲ ਤੇ ਕੰਨਾਂ ਨੂੰ ਹੱਥ ਲਗਾਉਂਦੇ ਸਨ। ਗਿਆਨੀ ਜੀ ਸਾਹਮਣੇ ਮੁਸ਼ਕਿਲ ਇਹ ਸੀ ਕਿ ਉਹ ਸਭ ਸਮਝਦੇ ਹੋਏ ਵੀ ਕੁਝ ਨਹੀਂ ਸੀ ਕਰ ਸਕਦੇ, ਸਮਾਂ ਅਜਿਹਾ ਸੀ ਕਿ ਬਗਾਵਤ ਵੀ ਨਹੀਂ ਕੀਤੀ ਜਾ ਸਕਦੀ ਸੀ। ਅੱਜ ਜਦੋਂ ਮੈਂ ਇਹ ਲੇਖ ਲਿਖ ਰਿਹਾ ਹਾਂ ਤਾਂ ਮੈਨੂੰ ਗਿਆਨੀ ਜੀ ਦਾ ਬੇਬਸੀ ਦੇ ਜਜ਼ਬਾਤ ਨਾਲ ਪ੍ਰੇਸ਼ਾਨ ਚਿਹਰਾ ਸਾਫ ਦਿਖਾਈ ਦੇ ਰਿਹਾ ਹੈ। ਮੈਂ ਹੌਕਾ ਲੈ ਕੇ ਇਹ ਸ਼ਬਦ ਉਚਾਰ ਰਿਹਾ ਹਾਂ, ''ਕਾਸ਼! ਗਿਆਨੀ ਜੀ ਨੂੰ ਆਜ਼ਾਦਾਨਾ ਤੌਰ ਤੇ ਕੰਮ ਕਰਨ ਦਾ ਮੌਕਾ ਮਿਲਦਾ।''

ਮੈਂ ਡਾਕਟਰ ਅੰਬੇਡਕਰ ਸਾਹਮਣੇ ਦਿਲ ਖੋਲ੍ਹ ਕੇ ਰੱਖ ਦੇਣਾ ਚਾਹੁੰਦਾ ਸਾਂ ਪਰ ਇਹ ਸਮਝਦਾ ਸਾਂ ਕਿ ਡਾਕਟਰ ਜੀ ਸਮਝਣਗੇ ਕਿ ਗਿਆਨੀ ਜੀ ਦੀ ਲੀਡਰਸ਼ਿਪ ਕਮਜ਼ੋਰ ਹੈ। ਇਹ ਅਹਿਸਾਸ ਮੈਂ ਡਾਕਟਰ ਜੀ ਨੂੰ ਦੇਣਾ ਨਹੀਂ ਸਾਂ ਚਾਹੁੰਦਾ। ਇਸ ਨਾਲ ਉਹ ਇਹ ਸਮਝ ਸਕਦੇ ਸਨ ਕਿ ਜੇ ਗਿਆਨੀ ਜੀ ਦੀ ਕੋਈ ਸੁਣਦਾ ਹੀ ਨਹੀਂ ਤਾਂ ਉਹ ਗਿਆਨੀ ਜੀ ਦੀ ਕਿਉਂ ਮਦਦ ਕਰਨ, ਇਹ ਤਾਕੀਦ ਗਿਆਨੀ ਜੀ ਨੇ ਕਰ ਦਿੱਤੀ ਸੀ ਕਿ ਮੈਂ ਡਾਕਟਰ ਜੀ ਨਾਲ ਅਜਿਹੀ ਗੱਲ ਨਾ ਕਰਾਂ ਜਿਸ ਨਾਲ ਕਿ ਉਹ ਸਾਡੇ ਗਰੁੱਪ ਨੂੰ ਕਮਜ਼ੋਰ ਸਮਝਣ। ਪਰ ਫਿਰ ਵੀ ਮੈਂ ਡਾਕਟਰ ਜੀ ਨੂੰ ਇਹ ਪ੍ਰਭਾਵ ਜ਼ਰੂਰ ਦੇਣਾ ਚਾਹੁੰਦਾ ਸਾਂ ਕਿ ਗਿਆਨੀ ਜੀ ਸਿੱਖਾਂ ਦੇ ਬੜੇ ਮਜ਼ਬੂਤ ਲੀਡਰ ਹਨ। ਸਿੱਖ ਸਿਆਸਤ ਦੀ ਜਾਨ ਤੇ ਸਿੱਖਾਂ ਦੇ ਦਿਮਾਗ ਹਨ, ਅਜਿਹਾ ਹੀ ਮੈਂ ਕੀਤਾ ਪਰ ਅੰਦਰੋਂ ਤਾਂ ਡਾਕਟਰ ਜੀ ਦੀਆਂ ਗੱਲਾਂ ਨੇ ਮੈਨੂੰ ਹਿਲਾ ਛੱਡਿਆ ਸੀ। ਉਂਝ ਅਜਿਹੀਆਂ ਗੱਲਾਂ ਵਿਚ ਮੈਂ ਇਕ ਅਜਿਹਾ ਪੱਥਰ ਹਾਂ ਕਿ ਮੇਰੇ ਉਤੇ ਭਾਵੇਂ ਕਿੰਨਾ ਵੀ ਪਾਣੀ ਪੈਂਦਾ ਰਹੇ ਗਿੱਲਾ ਨਹੀਂ ਹੁੰਦਾ ਪਰ ਡਾਕਟਰ ਸਾਹਿਬ ਨੇ ਥੋੜ੍ਹੀ ਜਿਹੀ ਗੱਲਬਾਤ ਵਿਚ ਹੀ ਮੈਨੂੰ ਕਾਇਲ ਕਰ ਲਿਆ।

ਡਾਕਟਰ ਜੀ ਨੇ ਨਨਕਾਣਾ ਸਾਹਿਬ ਬਾਰੇ ਮੇਰਾ ਦਿਮਾਗ ਸਾਫ ਕਰ ਦਿੱਤਾ ਤੇ ਸੁਝਾਉ ਦਿੱਤਾ ਕਿ ਗਿਆਨੀ ਕਰਤਾਰ ਸਿੰਘ ਮਿਸਟਰ ਜਿਨਾਹ ਨਾਲ ਮਿਲ ਕੇ ਗੱਲ ਕਰ ਲੈਣ ਤਾਂ ਜੋ ਇਹ ਮਸਲਾ ਹੱਲ ਹੋ ਜਾਏ। ਮੈਨੂੰ ਇਹ ਵੀ ਕਿਹਾ ਕਿ ਗਿਆਨੀ ਜੀ ਨੂੰ ਪਾਕਿਸਤਾਨ ਸਬੰਧੀ ਅਸੂਲ ਦੇ ਜ਼ਰੂਰ ਕਾਇਲ ਹੋ ਜਾਣਾ ਚਾਹੀਦਾ ਹੈ ਕਿਉਂਕਿ ਪਾਕਿਸਤਾਨ ਦੀ ਕਾਇਮੀ ਨਾਲ ਹੀ ਸਿੱਖਾਂ ਦਾ ਕੁਝ ਬਣ ਸਕੇਗਾ। ਇਹੋ ਕਾਰਨ ਹੈ ਕਿ ਡਾਕਟਰ ਜੀ ਮੇਰਾ ਦਿਮਾਗ ਪਾਕਿਸਤਾਨ ਦੇ ਸਬੰਧ ਵਿਚ ਚੰਗੀ ਤਰ੍ਹਾਂ ਧੋ ਰਹੇ ਸਨ।

ਦੂਜੀ ਗੱਲ ਸੀ ਆਜ਼ਾਦ ਪੰਜਾਬ ਦੀ, ਡਾਕਟਰ ਜੀ ਨੇ ਇਸ ਗੱਲ ਨੂੰ ਅਸੰਭਵ ਦੱਸਿਆ। ਉਹਨਾਂ ਨੇ ਦੱਸਿਆ ਕਿ ਜਦੋਂ ਅੰਗਰੇਜ਼ ਫੈਸਲਾ ਹੀ ਕਰ ਚੁੱਕੇ ਹਨ ਕਿ ਪਾਕਿਸਤਾਨ ਜੰਗ ਤੋਂ ਪਿੱਛੋਂ ਬਣਾ ਦੇਣਾ ਹੈ ਤਾਂ ਇਸ ਨੂੰ ਕਿਵੇਂ ਰੋਕਿਆ ਜਾ ਸਕੇਗਾ। ਉਨ੍ਹਾਂ ਨੇ ਇਨ੍ਹਾਂ ਯਤਨਾਂ ਨੂੰ 'ਕੁਵੇਲੇ ਦੀਆਂ ਟੱਕਰਾਂ' ਨਾਲ ਤਸਵੀਹ ਦਿੱਤੀ ਸੀ। ਇਹ ਵੀ ਕਿਹਾ ਕਿ ਕਾਂਗਰਸ ਪਾਕਿਸਤਾਨ ਮੰਨ ਰਹੀ ਹੈ ਤੇ ਪੰਜਾਬ ਦੇ ਹਿੰਦੂ ਆਜ਼ਾਦ ਪੰਜਾਬ ਦੇ ਵਿਰੁੱਧ ਹਨ। ਉਨ੍ਹਾਂ ਨੇ ਮੇਰੇ ਤੇ ਇਹ ਜ਼ੋਰ ਦਿੱਤਾ ਕਿ ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਮਦਦ ਆਪ ਕਰਨ। ਸਾਫ ਕਿਹਾ ਕਿ ਸਿੱਖਾਂ ਨੂੰ ਸਿੱਖ ਸਟੇਟ ਮੰਗਣੀ ਚਾਹੀਦੀ ਹੈ ਤੇ ਕਹਿਣਾ ਚਾਹੀਦਾ ਹੈ ਕਿ ਵਸੋਂ ਤੇ ਜਾਇਦਾਦ ਦੇ ਤਬਾਦਲੇ ਨਾਲ ਸਿੱਖਾਂ ਨੂੰ ਹਿੰਦੋਸਤਾਨ ਵਿਚ ਇਕ ਥਾਂ ਇਕੱਠਾ ਕਰ ਦਿੱਤਾ ਜਾਏ। ਇਸ ਗੱਲ ਤੇ ਉਨ੍ਹਾਂ ਸਾਰਾ ਜ਼ੋਰ ਲਗਾਇਆ ਤੇ ਨਾਲ ਹੀ ਕਿਹਾ ਕਿ ਇਸ ਲਈ ਪਹਿਲਾਂ ਪਾਕਿਸਤਾਨ ਦਾ ਅਸੂਲ ਮੰਨਣਾ ਹੋਵੇਗਾ।

ਡਾਕਟਰ ਅੰਬੇਡਕਰ ਕਾਂਗਰਸ ਦੇ ਬਹੁਤ ਖ਼ਿਲਾਫ਼ ਸਨ। ਉਹ ਕਾਂਗਰਸੀ ਲੀਡਰਾਂ ਨੂੰ ਕਮਜ਼ੋਰ ਵੀ ਸਮਝਦੇ ਸਨ ਤੇ ਬੌਂਗੇ ਵੀ।ਉਹ ਕਹਿੰਦੇ ਸਨ ਕਿ ਇਹ ਲੋਗ ਬੜੇ ਬੜੇ ਬਿਆਨ ਦੇ ਕੇ ਜਿਨਾਹ ਸਾਹਿਬ ਨੂੰ ਡਰਾਉਣਾ ਚਾਹੁੰਦੇ ਹਨ ਪਰ ਜਦੋਂ ਮੌਕਾ ਆਇਆ ਤਾਂ ਉਨ੍ਹਾਂ ਸਾਹਮਣੇ ਗੋਡੇ ਟੇਕ ਦੇਣਗੇ। ਉਨ੍ਹਾਂ ਨੇ ਮੈਨੂੰ ਇਹ ਦੱਸਿਆ ਕਿ ਕਾਂਗਰਸੀ ਨੇਤਾ ਮੁਸਲਮਾਨਾਂ ਨੂੰ ਹਿੰਦੋਸਤਾਨ ਵਿਚ ਰੱਖਣ ਲਈ ਵੱਡੀ ਤੋਂ ਵੱਡੀ ਕੀਮਤ ਦੇਣ ਲਈ ਤਿਆਰ ਹਨ। ਉਨ੍ਹਾਂ ਨੇ ਦੱਸਿਆ ਕਿ ਕਾਂਗਰਸ ਨੇ ਮੁਸਲਮਾਨਾਂ ਨੂੰ ਇਹ ਪੇਸ਼ਕਸ਼ ਕੀਤੀ ਸੀ ਕਿ ਜੇ ਉਹ ਹਿੰਦੋਸਤਾਨ ਵਿਚ ਹੀ ਰਹਿਣ ਤਾਂ ਫੌਜ ਵਿਚ 45 ਫੀਸਦੀ ਮੁਸਲਮਾਨ ਭਰਤੀ ਕੀਤੇ ਜਾਣਗੇ। ਡਾਕਟਰ ਜੀ ਨੇ ਦੱਸਿਆ ਕਿ ਇਸ ਤਰ੍ਹਾਂ ਸਿੱਖਾਂ ਦਾ ਫੌਜ ਵਿਚ ਹਿੱਸਾ ਘੱਟ ਜਾਵੇਗਾ ਕਿਉਂਕਿ ਸਵਰਨ ਹਿੰਦੂ ਮਾਰਸ਼ਲ ਤੇ ਨਾਨ-ਮਾਰਸ਼ਲ ਗਰੁੱਪਾਂ ਦਾ ਵੇਰਵਾ ਖਤਮ ਕਰ ਦੇਣਗੇ। ਪਾਕਿਸਤਾਨ ਬਣਨ ਨਾਲ ਸਿੱਖਾਂ ਦੀ ਤਾਦਾਦ ਫੌਜ ਵਿਚ ਕਾਇਮ ਰਹਿ ਸਕਦੀ ਹੈ। ਪਰ ਇਸ ਬਾਰੇ ਵੀ ਉਹ ਬਹੁਤੇ ਆਸਵੰਦ ਨਹੀਂ ਸਨ। ਸੱਚ ਤਾਂ ਇਹ ਹੈ ਕਿ ਉਹ ਸਮਝਦੇ ਸਨ ਕਿ ਸਿੱਖਾਂ ਨੂੰ ਹਰ ਤਰ੍ਹਾਂ ਨਾਲ ਲਾਭ ਪਾਕਿਸਤਾਨ ਬਣਨ ਤੋਂ ਪਿੱਛੋਂ ਹੀ ਹੋ ਸਕਦਾ ਹੈ।

ਉਹਨਾਂ ਨੇ ਦੱਸਿਆ ਕਿ ਹੁਣ ਪਾਕਿਸਤਾਨ ਬਣ ਕੇ ਰਹੇਗਾ। ਅੰਗਰੇਜ਼ਾਂ ਨੇ ਫੈਸਲਾ ਕਰ ਦਿੱਤਾ ਹੈ ਤੇ ਜਿਨਾਹ ਸਾਹਿਬ ਪਾਕਿਸਤਾਨ ਲੈਣ ਤੇ ਡਟੇ ਹੋਏ ਹਨ। ਇਸ ਲਈ ਉਹਨਾਂ ਦੇ ਖਿਆਲ ਮੁਤਾਬਕ ਇਹ ਗੱਲ ਹੀ ਠੀਕ ਹੋਵੇਗੀ ਕਿ ਪਾਕਿਸਤਾਨ ਬਣ ਜਾਏ। ਉਹਨਾਂ ਦਾ ਵਿਚਾਰ ਸੀ ਕਿ ਵਿਰੋਧੀ ਤੁਹਾਡੀ ਗੋਲੀ ਅੱਗੇ ਭਾਵ ਸਾਹਮਣੇ ਹੀ ਹੋਣਾ ਚਾਹੀਦਾ ਹੈ। ਡਾਕਟਰ ਜੀ ਨੇ ਕਿਹਾ ਕਿ ਜੋ ਮੁਸਲਮਾਨ ਪਾਕਿਸਤਾਨ ਦੀ ਮੰਗ ਛੱਡ ਦੇਣ ਤੇ ਮੁਸਲਮਾਨ ਹਿੰਦੋਸਤਾਨ ਵਿਚ ਹੀ ਰਹਿਣਾ ਮੰਨ ਲੈਣ ਤਾਂ ਕਾਂਗਰਸੀਆਂ ਦੀ ਬੇਵਕੂਫ਼ੀ ਕਾਰਨ ਫੌਜ ਵਿਚ ਉਹਨਾਂ ਦੀ ਤਾਦਾਦ 45 ਫੀਸਦੀ ਹੋਵੇਗੀ। ਫਰਜ਼ ਕੀਤਾ ਜਾਏ ਹਿੰਦੋਸਤਾਨ ਤੇ ਕੋਈ ਮੁਸਲਿਮ ਦੇਸ਼-ਈਰਾਨ ਜਾਂ ਅਫ਼ਗਾਨਿਸਤਾਨ ਹਮਲਾ ਕਰ ਦਏ ਤਾਂ ਉਸ ਫੌਜ ਦਾ ਕੀ ਬਣੇਗਾ, ਜਿਸ ਵਿਚ 45 ਫੀਸਦੀ ਤਾਦਾਦ ਫਰੰਜ਼ਦਾਨੇ-ਤੋਹੀਦ ਭਾਵ ਈਰਾਨੀਆਂ ਦਾ ਅਫਗਾਨਾਂ ਦੇ ਹਮ-ਮਜ਼ਹਬ ਵਾਲਿਆਂ ਦੀ ਹੋਵੇਗੀ। ਕੁਦਰਤੀ ਗੱਲ ਹੈ ਮਜ਼ਹਬ ਦੇ ਨਾਮ ਤੇ ਬਹੁਤ ਸਾਰੇ ਫੌਜੀ ਦੂਜੇ ਬੰਨੇ ਜਾ ਸਕਦੇ ਹਨ। ਅੰਦਾਜ਼ਾ ਲਗਾਓ ਕਿ ਅਜਿਹੀ ਹਾਲਤ ਵਿਚ ਦੇਸ਼ ਦਾ ਕੀ ਬਣੇਗਾ?

ਉਨ੍ਹਾਂ ਨੇ ਕਿਹਾ ਕਿ ਇੱਥੇ ਹੀ ਬੱਸ ਨਹੀਂ, ਸਗੋਂ ਸਭ ਤੋਂ ਖਤਰਨਾਕ ਗੱਲ ਇਸ ਹਾਲਤ ਵਿਚ ਇਹ ਹੋਵੇਗੀ ਕਿ ਅੱਠ ਕਰੋੜ ਦੇ ਲਗਭਗ ਉਹ ਲੋਗ ਪਿੱਛੇ ਬੈਠੇ ਹੋਣਗੇ ਜੋ ਜੰਗ ਵੇਲੇ ਸਾਬੋਤਾਜ ਕਰ ਸਕਦੇ ਹਨ। ਹੋਰ ਵੀ ਦਲੀਲਾਂ ਡਾਕਟਰ ਸਾਹਿਬ ਨੇ ਦਿੱਤੀਆਂ। ਉਨ੍ਹਾਂ ਨੇ ਮੇਰੇ ਦਿਮਾਗ ਵਿਚ ਇਹ ਬਿਠਾਣ ਦਾ ਯਤਨ ਕੀਤਾ ਕਿ ਹਿੰਦੋਸਤਾਨ ਦਾ ਭਲਾ ਵੀ ਪਾਕਿਸਤਾਨ ਬਣਨ ਵਿਚ ਹੀ ਹੈ ਤੇ ਸਿੱਖਾਂ ਦਾ ਭਲਾ ਵੀ ਪਾਕਿਸਤਾਨ ਬਣਨ ਵਿਚ ਹੀ ਹੈ। ਉਨ੍ਹਾਂ ਨੇ ਮੈਨੂੰ ਪਾਕਿਸਤਾਨ ਦਾ ਹਾਮੀ ਬਣਾਉਣ ਦਾ ਯਤਨ ਕੀਤਾ। ਪਰ ਮੈਂ ਤਾਂ ਪਹਿਲਾਂ ਹੀ ਪਾਕਿਸਤਾਨ ਬਣਾਏ ਜਾਣ ਦੇ ਹੱਕ ਵਿਚ ਸਾਂ।

ਇੱਥੇ ਪੁੱਜ ਕੇ ਮੈਂ ਡਾਕਟਰ ਸਾਹਿਬ ਨੂੰ ਇਹ ਗੱਲ ਆਖੀ ਕਿ ਉਨ੍ਹਾਂ ਨੇ 'ਥਾਟਸ ਆਫ਼ ਪਾਕਿਸਤਾਨ' ਵਿਚ ਵਾਹਗਾ ਨੂੰ ਪਾਕਿਸਤਾਨ ਤੇ ਹਿੰਦੋਸਤਾਨ ਦੀ ਹੱਦ ਬਣਾ ਦਿੱਤਾ ਹੈ। ਮੈਨੂੰ ਪਤਾ ਹੈ ਕਿ ਮੇਰੇ ਇਸ ਇਤਰਾਜ਼ ਤੇ ਡਾਕਟਰ ਜੀ ਖਿੜ ਖਿੜਾ ਕੇ ਹੱਸ ਪਏ। ਕਹਿਣ ਲੱਗੇ ''ਹੈ ਤੋ ਅਸਲੀ ਸਰਹਦ ਵਾਹਗਾ ਹੀ, ਮਗਰ ਫਿਰ ਭੀ ਆਪ ਕੀ ਤਸੱਲੀ ਕੇ ਲੀਏ ਮੈਂ ਅਗਲੇ ਐਡੀਸ਼ਨ ਮੇਂ ਸਰਹਦ ਕੀ ਲਾਈਨ ਲਾਹੌਰ ਕੋ ਛੋੜ ਕਰ ਦੂਸਰੀ ਤਰਫ਼ ਕਸੂਰ ਕੀ ਤਰਫ਼ ਆਗੇ ਲੇ ਜਾਊਂਗਾ। ਯਹ ਸਿਰਫ਼ ਆਪ ਲੋਗੋਂ ਕੀ ਤਸੱਲੀ ਕੇ ਲੀਏ ਹੀ ਹੋਗਾ ਲੇਕਿਨ ਸੱਚ ਮਾਨੀਏ ਸਾਧੂ ਸਿੰਘ ਹੱਦ ਵਾਹਗਾ ਹੀ ਬਣੇਗੀ, ਯਹੀ ਠੀਕ ਬਾਤ ਹੈ।'' ਅੱਜ ਮੈਂ ਜਦੋਂ ਵੀ ਕਦੇ ਡਾਕਟਰ ਅੰਬੇਡਕਰ ਦੀਆਂ ਗੱਲਾਂ ਯਾਦ ਕਰਦਾ ਹਾਂ ਤਾਂ ਉਨ੍ਹਾਂ ਨੂੰ ਦਾਦ ਦਿੰਦਾ ਹਾਂ ਕਿ ਉਹਨਾਂ ਨੇ ਮੇਰੇ ਨਾਲ ਜੋ ਗੱਲਾਂ ਕੀਤੀਆਂ ਸਨ, ਉਹ ਹਰਫ਼ ਬਹਰਫ ਠੀਕ ਨਿਕਲੀਆਂ। ਉਨ੍ਹਾਂ ਨੇ ਹਿੰਦੋਸਤਾਨ ਦਾ ਵਿਧਾਨ ਬਣਾਉਣ ਵਿਚ ਜੋ ਹਿੱਸਾ ਪਾਇਆ ਉਹ ਕੇਵਲ ਉਨ੍ਹਾਂ ਦੀ ਹੀ ਦੇਣ ਹੈ।

ਡਾਕਟਰ ਅੰਬੇਡਕਰ ਇਸ ਖਿਆਲ ਦੇ ਸਨ ਕਿ ਪਾਕਿਸਤਾਨ ਬਣਨ ਤੋਂ ਪਿੱਛੋਂ ਸ਼ੇਡੂਲਡ ਕਾਸਟਸ, ਸਿੱਖਾਂ ਅਤੇ ਹੋਰ ਘੱਟ ਗਿਣਤੀਆਂ ਦੀ ਸਵਰਨ ਜਾਤੀਆਂ ਨੂੰ ਲੋੜ ਪਏਗੀ। ਇਸ ਮਸਲੇ ਤੇ ਕਾਫ਼ੀ ਬਹਿਸ ਹੁੰਦੀ ਰਹੀ। ਡਾਕਟਰ ਸਾਹਿਬ ਬਾਕੀ ਗੱਲਾਂ ਵਿਚ ਤਾਂ ਮੈਨੂੰ ਕਾਇਲ ਕਰਦੇ ਰਹੇ ਪਰ ਇਸ ਗੱਲ ਵਿਚ ਉਹ ਕਾਇਲ ਨਾ ਕਰ ਸਕੇ। ਹਾਂ ਛੂਆ-ਛਾਤ ਬਾਰੇ ਗੱਲਾਂ ਉਹਨਾਂ ਨੇ ਕੁਝ ਜ਼ੋਰ ਨਾਲ ਤੇ ਨਿਖਰਵੇਂ ਢੰਗ ਨਾਲ ਆਖੀ ਪਰ ਇਸ ਬਾਰੇ ਤਾਂ ਮੈਂ ਪਹਿਲਾਂ ਹੀ ਕਾਇਲ ਸਾਂ। ਡਾਕਟਰ ਜੀ ਨੂੰ ਜਦੋਂ ਮੈਂ ਇਸ ਸਵਾਲ ਤੇ ਆਪਣਾ ਦਿਲ ਫੋਲ ਕੇ ਦੱਸਿਆ ਤਾਂ ਉਹਨਾਂ ਨੇ, ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਮੇਰੇ ਵੱਲ ਪਿਆਰ ਭਰੀਆਂ ਨਜ਼ਰਾਂ ਨਾਲ ਤੱਕ ਕੇ ਕਿਹਾ ''ਭਾਈ ਤੁਮ ਤੋ ਸੱਚਮੁੱਚ ਹਮਦਰਦ ਹੋ।''

ਮੈਂ ਤਿੰਨ ਚਾਰ ਦਿਨ ਬਿਨਾਂ ਨਾਗਾ ਉਹਨਾਂ ਨੂੰ ਮਿਲਦਾ ਰਿਹਾ। ਗਿਆਨੀ ਜੀ ਦੇ ਕਹਿਣ ਅਨੁਸਾਰ ਉਨ੍ਹਾਂ ਤੋਂ ਅਖ਼ਬਾਰ ਦੇ ਕਾਗ਼ਜ਼ ਦੇ ਕੋਟੇ ਲਈ ਫੋਨ ਵੀ ਕਰਾਉਂਦਾ ਰਿਹਾ। ਉਹ ਬੜੇ ਜ਼ੋਰ ਨਾਲ ਸਿਫਾਰਸ਼ ਕਰਦੇ ਸਨ। ਮੈਨੂੰ ਸਰ ਜੋਗਿੰਦਰਾ ਸਿੰਘ ਵੱਲੋਂ ਕੀਤੇ ਗਏ ਫੋਨ ਦੀ ਗੱਲ ਵੀ ਚੇਤੇ ਆ ਗਈ। ਸ. ਜੋਗਿੰਦਰਾ ਸਿੰਘ ਚੀਫ਼ ਸੈਕਟਰੀ ਉਠਾਲਵੀ ਨਾਲ ਸਹਿਮੇ ਜਿਹੇ ਲਹਿਜ਼ੇ ਵਿਚ ਗੱਲਬਾਤ ਕਰ ਰਹੇ ਸਨ ਕਿ ਗਿਆਨੀ ਜੀ ਨੇ ਉਨ੍ਹਾਂ ਤੋਂ ਫੋਨ ਖੋਹ ਕੇ ਆਪ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ। ਡਾਕਟਰ ਜੀ ਨਾਲ ਮੈਂ ਉਹ ਘਟਨਾ ਸਾਂਝੀ ਕਰ ਲਈ, ਡਾਕਟਰ ਜੀ ਵੀ ਬੜੇ ਹੱਸੇ ਤੇ ਸੁਆਦ ਲਿਆ। ਆਖਿਰ ਮੈਂ ਡਾਕਟਰ ਜੀ ਤੋਂ ਛੁੱਟੀ ਮੰਗੀ ਕਿਉਂਕਿ ਦੂਜੇ ਦਿਨ ਮੈਂ ਵਾਪਿਸ ਅੰਮ੍ਰਿਤਸਰ ਜਾਣਾ ਸੀ। ਡਾਕਟਰ ਜੀ ਨਾਲ ਬਿਤਾਏ ਉਸ ਥੋੜ੍ਹੇ ਜਿਹੇ ਸਮੇਂ ਦੀ ਯਾਦ ਜਦੋਂ ਮੇਰੇ ਦਿਲ ਵਿਚ ਆਉਂਦੀ ਹੈ ਤਾਂ ਉਸ ਬੁੱਧੀਜੀਵੀ ਪਵਿੱਤਰ 'ਅਛੂਤ' ਲਈ ਮੇਰੇ ਦਿਲ ਵਿਚ ਸ਼ਰਧਾ ਦੇ ਜਜ਼ਬਾਤ ਉਮੜ ਆਉਂਦੇ ਹਨ। ਇਹ ਹਸਰਤ ਦਿਲ ਵਿਚ ਜ਼ਰੂਰ ਬਣੀ ਰਹਿੰਦੀ ਹੈ ਕਿ ਮੈਂ ਉਹਨਾਂ ਦੇ ਫੇਰ ਦਰਸ਼ਨ ਨਹੀਂ ਕਰ ਸਕਿਆ ਤੇ ਨਾ ਹੀ ਚਿੱਠੀ ਪੱਤਰ ਕਰ ਸਕਿਆ ਹਾਂ। ਉਂਝ ਪਿੱਛੋਂ ਉਹਨਾਂ ਦੇ ਹਿੰਦੋਸਤਾਨ ਦੇ ਵਿਧਾਨ ਬਣਾਉਣ ਦੇ ਕਾਰਨਾਮਿਆਂ ਲਈ ਮੈਂ ਇਸ ਮਹਾਨ ਵਿਅਕਤੀ ਨੂੰ ਸਦਾ ਹੀ ਦਾਦ ਦੇਂਦਾ ਰਿਹਾ। ਇਹ ਗੱਲਾਂ ਮੈਂ ਆਪਣੀ ਯਾਦਦਾਸ਼ਤ ਤੋਂ ਹੀ ਲਿਖੀਆਂ ਹਨ। ਮੈਨੂੰ ਅਫਸੋਸ ਹੈ ਕਿ ਮੈਂ ਨਾਲੋ ਨਾਲ ਉਹਨਾਂ ਦੀ ਰਿਪੋਰਟ ਤਿਆਰ ਨਹੀਂ ਸੀ ਕਰ ਸਕਿਆ। ਪਰ ਇਹਨਾਂ ਛੋਟੀਆਂ ਛੋਟੀਆਂ ਮੁਲਾਕਾਤਾਂ ਦਾ ਨਸ਼ਾ ਮੈਨੂੰ ਸਾਰੀ ਉਮਰ ਰਹੇਗਾ।

ਮੈਂ ਇਹ ਕੁਝ ਸ਼ਬਦ ਕਾਹਲੀ ਵਿਚ ਲਿਖੇ ਹਨ। ਮੇਰੇ ਮਿੱਤਰ ਸ੍ਰੀ ਲਾਹੌਰੀ ਰਾਮ ਬਾਲੀ ਨੇ ਡਾਕਟਰ ਜੀ ਸਬੰਧੀ ਬਹੁਤ ਕਿਤਾਬਾਂ ਲਿਖੀਆਂ ਹਨ। ਮੈਨੂੰ ਅਫਸੋਸ ਹੈ ਕਿ ਅਸੀਂ ਹਿੰਦੋਸਤਾਨ ਦੇ ਸਾਂਝੇ ਲੀਡਰ ਨੂੰ ਇਕ ਵਰਗ ਦਾ ਲੀਡਰ ਬਣਾ ਕੇ ਰੱਖ ਦਿੱਤਾ ਹੈ। ਮੈਂ ਵਾਅਦਾ ਕਰਦਾ ਹਾਂ ਕਿ ਇਸ ਸਬੰਧ ਵਿਚ ਮੈਂ ਤੇ ਅਜੀਤ ਅਖ਼ਬਾਰ, ਬਾਲੀ ਜੀ ਦਾ ਹੱਥ ਵਟਾਵਾਂਗੇ ਤੇ ਉਨ੍ਹਾਂ ਨੂੰ ਦੁਨੀਆਂ ਸਾਹਮਣੇ ਇਕ ਉਸ ਸਾਂਝੇ ਨੇਤਾ ਵਜੋਂ ਸਾਹਮਣੇ ਰੱਖਾਂਗਾ, ਜਿਸ ਨੇ ਉਸ ਵਰਗ ਲਈ ਮੁਢਲਾ ਕੰਮ ਕੀਤਾ, ਜਿਸਨੂੰ ਸਦੀਆਂ ਤੋਂ ਪਛੜੇਵੇਂ ਦੇ ਚੱਕਰ ਵਿਚ ਪਾ ਦਿੱਤਾ ਗਿਆ ਸੀ। ਮੈਨੂੰ ਪਤਾ ਹੈ ਕਿ ਜਿੰਨਾ ਡਾਕਟਰ ਜੀ ਦਾ ਨਾਮ ਉਭਰੇਗਾ, ਉਨਾ ਹੀ ਜਾਤੀ ਅਭਿਮਾਨ ਦੇ ਸਿਰ ਤੇ ਮਾਰੂ ਸੱਟ ਵੱਜੇਗੀ।

ਅਜੇ ਤਾਂ ਸ੍ਰੀ ਬਾਲੀ ਇਕੱਲੇ ਹੀ ਇਕ ਸੰਸਥਾ ਬਣ ਕੇ ਇਸ ਸਬੰਧ ਵਿਚ ਜੂਝ ਰਹੇ ਹਨ। ਮੈਂ ਉਨ੍ਹਾਂ ਦੀਆਂ ਸਾਰੀਆਂ ਕਿਤਾਬਾਂ ਤਾਂ ਪੜ੍ਹ ਨਹੀਂ ਸਕਿਆ ਪਰ ਜੋ ਮੇਰੇ ਸਾਹਮਣੇ ਹਨ ਉਹ ਵੇਖ ਕੇ ਬਾਲੀ ਜੀ ਦੀ ਦ੍ਰਿੜ੍ਹਤਾ, ਹੌਸਲਾ ਤੇ ਲਗਨ ਤੋਂ ਪਤਾ ਲਗਦਾ ਹੈ ਕਿ ਡਾਕਟਰ ਜੀ ਦੇ ਪੈਗਾਮ ਨੂੰ ਉਹ ਕਿੰਨੀ ਮਜ਼ਬੂਤੀ ਨਾਲ ਦਿਲ ਵਿਚ ਲੁਕਾਈ ਬੈਠੇ ਹਨ ਤੇ ਉਸ ਉਤੇ ਨੰਗੇ ਧੜ ਹੀ ਕਿਸ ਤਰ੍ਹਾਂ ਅਮਲ ਕਰਕੇ ਡਾਕਟਰ ਜੀ ਦੀਆਂ ਘਾਲਣਾਵਾਂ ਨੂੰ ਅੱਗੇ ਲਿਜਾ ਰਹੇ ਹਨ।

ਪੰਜਾਬੀ ਵਿਚ ਉਨ੍ਹਾਂ ਦੀ ਇਹ ਪੁਸਤਕ ਇਕ ਬਹੁਤ ਵੱਡਾ ਕੰਮ ਹੈ ਪਰ ਇਹ ਕੰਮ ਕਰਨਾ ਇਕ ਬਹੁਤ ਵੱਡੇ ਦਿਲ ਗੁਰਦੇ ਦੀ ਗੱਲ ਹੈ। ਮੈਂ ਇਕ ਅਖ਼ਬਾਰ ਨਵੀਸ ਦੇ ਤੌਰ ਤੇ ਬਾਲੀ ਜੀ ਦਾ ਧੰਨਵਾਦ ਕਰਦਾ ਜਿਨ੍ਹਾਂ ਨੇ ਉਹ ਕੰਮ ਪੂਰੀ ਲਗਨ ਤੇ ਮਿਹਨਤ ਨਾਲ ਜਾਰੀ ਰੱਖਿਆ ਜੋ ਸਾਡਾ ਸਭ ਦਾ ਕੰਮ ਹੈ। ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਅਸੀਂ ਡਾਕਟਰ ਜੀ ਦੇ ਪੈਗਾਮ ਨੂੰ ਪੂਰੇ ਜ਼ੋਰ ਨਾਲ ਲੋਕਾਂ ਤੱਕ ਪੁਚਾਈਏ ਤਾਂ ਜੋ ਉਹ ਬਿਮਾਰੀ ਜੋ ਸਦੀਆਂ ਤੋਂ ਸਾਡੇ ਸਮਾਜ ਨੂੰ ਲੱਗੀ ਹੋਈ ਸੀ ਤੇ ਜਿਸ ਨੂੰ ਕੱਢਣ ਲਈ ਡਾਕਟਰ ਜੀ ਨੇ ਆਪਣੇ ਜੀਵਨ ਦਾ ਮਿਸ਼ਨ ਬਣਾਇਆ ਹੋਇਆ ਸੀ ਉਹ ਪੂਰਾ ਕਰਨ ਵਿਚ ਅਸੀਂ ਸਹਾਈ ਹੋ ਕੇ ਆਪਣਾ ਫਰਜ਼ ਨਿਭਾਈਏ।

**ਸਾਧੂ ਸਿੰਘ ਹਮਦਰਦ**
**ਅਜੀਤ ਭਵਨ, ਜਲੰਧਰ- 144001**
**27 ਸਤੰਬਰ, 1981**

(ਧੰਨਵਾਦ ਸਹਿਤ: ਸ੍ਰੀ ਲਾਹੌਰੀ ਰਾਮ ਬਾਲੀ ਜੀ ਦੀ ਪੁਸਤਕ 'ਡਾ. ਅੰਬੇਡਕਰ ਜੀਵਨ ਅਤੇ ਮਿਸ਼ਨ' 1981 ਵਿਚੋਂ, ਪੰਨਾ 7 ਤੋਂ 12)

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਕੈਲੀਫੋਰਨੀਆਂ ਦੇ ਸ਼ਹਿਰ ਸੇਲਮਾ ਵਿਚ 30ਵੇਂ ਸਲਾਨਾ ਨਗਰ ਕੀਰਤਨ ਨੇ ਸਿਰਜਿਆ ਖਾਲਸਾਈ ਰੰਗ





**ਫਰੀ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਕੈਲੀਫੋਰਨੀਆਂ ਵਿੱਚ ਫਰਿਜ਼ਨੋ ਦੇ ਪਿੰਡੀ ਸ਼ਹਿਰ ਸੇਲਮਾ ਦੇ ਸਰੋਵਰ "ਸਿੱਖਿਅਸ ਮਾਨਸਿਕਸ਼ੀਫਿਕ ਕੌਂਸਟ" ਮਾਸਿਕਲ ਵੈਲੀ ਵਿਕਟ ਵਿਸਾਖੀ ਨੂੰ ਚੁਣਿਆ ਗਿਆ 30 ਵਿਸਾਲ ਨਗਰ ਕੀਰਤਨ। ਜਿਸ ਦੇ ਸਿਖਾਂ ਅਤੇ ਰੰਗੀ-ਢਾਡੀ, ਕਥਾ ਪ੍ਰਕਤੀ, ਕੀਰਤਨੀ ਜਿਆ ਨੇਕਤਾ ਸਿਰੀ ਕੀਤੀ। ਸੰਸਦ ਦੇ ਨੇਤਾ ਲੋਕ ਅਤੇ ਰਾਜਨੀਤਿਕ ਪ੍ਰਤੀਨਿਧੀਆਂ ਨੇ ਪੂਰੀ ਤਰ੍ਹਾਂ ਭਰੀ। ਗੁਰੂਘਰ ਦੇ ਕੀਰਤਨ ਅਤੇ ਗੁਰਮਤਿ ਵਿਚਾਰ ਆਦਿਕ ਤੋਂ ਇਲਾਵਾ ਲੋਕ ਅਤੇ ਗੁਰੂ ਘਰ ਦੇ ਪ੍ਰਬੰਧਕਾਂ ਨੇ ਵਿਚਾਰ ਦੀ ਸਥਿਤੀ ਪਾਈ।

ਕੀਰਤਨ ਦੀ ਸੁਰੂਆਤ ਆਰਡਰਾਂ ਦੇ ਉਲੰਘਣ ਦੇ ਝੰਡੇ ਅਤੇ ਕੈਲੀਫੋਰਨੀਆਂ ਦੇ ਝੰਡੇ ਮਗਰ ਪੰਚਾਂ ਨੂੰ ਪਿਆਰ ਦੀ ਥਾਨ ਤੇ ਸ੍ਰੀ ਗੁਰੂ ਸਾਹਿਬ ਦੇ ਸਜੇ ਨਗਰ ਫਲੋਟ ਮਗਰ ਅਨੇਕਾ ਸਿੱਖ ਧਰਮ ਨਾਲ ਸਬੰਧਤ ਝੋਕੀਆਂ ਇਕਗੇਨ ਅਮੇਰੀਕਨ ਪੰਜਾਬ ਦੀ ਖੇਡ ਪੇਸ਼ਕਾਰੀ। ਇਸ ਅੰਤਰ ਜ਼ੈਕਾਰਿਆ ਦੀ ਗੂੰਜ ਵਿੱਚ ਨਗਰ ਕੀਰਤਨ ਦੀ ਗੁਰੂਘਰ ਤੋਂ ਰਵਾਨਗੀ ਹੋਈ। ਰਲਵੇਂ ਨਗਰ ਕੀਰਤਨ ਪ੍ਰਫੁੱਲਿਤ ਸਿੱਖੀ ਦੀ ਮੂੰਹ ਬੋਲਦੀ ਯਾਦ ਚਾਰ ਚੁਰੇ ਲਿ ਈਸ਼ਾਕ ਕੇਸ਼ ਅਤੇ ਰੰਗ-ਬਰੰਗੀਆਂ ਦਿੱਗਾਂ ਅਤੇ ਚੁੰਨੀਆਂ ਆਮ ਵਾਂਗ ਚੱਲ ਰਹੀ ਸੀ। ਜਿਸ ਵਿੱਚ ਬਚਿਆ ਬੁ-ਜੁਰਗਾਂ ਤੋਂ ਇਲਾਵਾ ਸਮੂੰਹ ਕੌਮਾਂ ਦੇ ਵਿਚਾਰਾਂ ਨੇ ਰੱਲੀ ਭਰੀ। ਨਗਰ ਕੀਰਤਨ ਦਾ ਬਹੁਤ ਹੀ ਅਲੌਕਿਕ ਅਤੇ ਰੂਹਾਨੀ ਭਰਿਆ ਸੀ। ਪਿੰਡ ਪਾਲ ਸਾਹਿਬ ਦੇ ਮਗਰ ਵਾਹਿਗੂ ਅਤੇ ਸਬਦ ਗਾਰੂਕੀ ਸਿਮਰਨ ਜਾਪਣ। ਰਲਵੇਂ "ਸਿੱਖ ਕੌਸ਼ਲ ਸ਼ਾਂਤੀ ਕੈਲੇਫੋਰਨੀਆਂ" ਨੇ ਪਹਿਲੀ ਵਾਰ ਫਲੋਟ ਵੀ ਸ਼ਾਮਲ ਕੀਤਾ। ਜਦੋਂ ਕਿ ਨਗਰ ਕੀਰਤਨ ਨਾਲ ਹੋਰ ਵੀ ਬਹੁਤ ਸਾਰੇ ਫਲੋਟ ਚਲਾਉਂਦੇ ਹਨ।

ਨਗਰ ਕੀਰਤਨ ਰਾਤ ਨੂੰ ਵੀ ਪੈ ਗਿਆ ਸੀ। ਪਰਾਂ ਵਿੱਚ ਖੁਸ਼ੀ ਖੁਸ਼ੀ ਖੁਸ਼ੀ ਵਿੱਚ ਪਿਆਰ ਨਗਰ ਕੀਰਤਨ ਵਿੱਚ ਬੈਠਾ ਪਰਤਾਰੀ ਹੋਈ ਸੀ। ਕੀਰਤਨ ਨਗਰ ਗੁਰੂਘਰ ਅੰਦਰਲੇ ਸੁਆਦਿਸ਼ਟ ਖਾਣਾਂ ਦੇ ਸਟਾਲ ਸਨ। ਜੰਵ ਮਾਣ ਦਾ ਨੇ ਖੂਬ ਆਨੰਦ ਮਾਣਿਆ। ਗੁਰੂਘਰ ਦੇ ਅੰਦਰ "ਸਿੱਖ ਕੌਸ਼ਲ ਸ਼ਾਂਤੀ ਸ਼ਾਂਤੀਕਲ ਕੈਲੇਫੋਰਨੀਆਂ" ਅਤੇ ਹੋਰ ਪਾਟ ਬੁਥਰ ਸਨ।

ਇਸ ਤੋਂ ਇਲਾਵਾ ਅਤੇ ਰਸਤਾ ਦੀਆਂ ਵੀ ਬਾਜ਼ਤਾ ਦੀਆਂ ਕਹਾਣੀਆਂ ਦਾ ਸ਼ਾਨਦਾਰ ਪ੍ਰਦਰਸ਼ਨ ਕਰਨਾ। ਇਸ ਵਾਰ ਨਗਰ ਕੀਰਤਨ ਵਿੱਚ ਸੰਗਤਾ ਦੇ ਅੰਕਾਂ ਵਿੱਚ ਸ਼ਾਮਲ ਹੋਣ ਦੇ ਪ੍ਰਗਟਾਵੇ ਦੇ ਪ੍ਰਗਟਾਵੇ ਪ੍ਰਗਟ ਕੀਤੇ ਗਏ ਹਨ। ਨਗਰ ਕੀਰਤਨਟਰ ਸਥਾਨਿਕ ਅਧਿਕਾਰੀ, ਰਫਤਾਰ ਡਿਪਾਰਟਮੈਂਟ ਅਤੇ ਸ਼ਾਂਤੀ ਸਕਿਉਰਟੀ ਸੁਰੱਖਿਆ ਦੇ ਬਹੁਤ ਵਧੀਆਂ ਮਜਬੂਤ ਅਤੇ ਸਾਧਾਰਨ ਸਨ। ਇਸ ਨਗਰ ਦੇ ਕੀਰਤਨ ਲਈ ਗੁਰੂਘਰ ਦੇ ਪ੍ਰਬੰਧਕ, ਲੋਕ ਭਰ ਦੇ ਗੁਰੂਘਰ ਅਤੇ ਵਿਚਾਰਾਂ ਦੇ ਪਾਤਰ ਹਨ। ਜੰਕ ਸਭ ਦੇ ਸਹਿਯੋਗ ਇਹ ਨਗਰ ਕੀਰਤਨੀ ਹੋ ਨਿਬੜਿਆ।

# ਬਖਲੌਰ ਵਿਖੇ ਮਨਾਇਆ ਬਾਬਾ ਸਾਹਿਬ ਜੀ ਦਾ ਜਨਮ ਦਿਨ




**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਪਿੰਡ ਬਖਲੌਰ ਦੇ ਡਾ ਅੰਬੇਡਕਰ ਪਾਰਕ ਵਿੱਚ ਡਾ ਅੰਬੇਡਕਰ ਚੈਰੀਟੇਬਲ ਸੋਸਾਇਟੀ ਰਜਿ ਬਖਲੌਰ ਵਲੋ ਭਾਰਤ ਰਤਨ ਡਾ ਭੀਮ ਰਾਓ ਅੰਬੇਦਕਰ ਸਾਹਿਬ ਜੀ ਦਾ 133ਵਾਂ ਜਨਮ ਦਿਨ ਸਤਿਗੁਰ ਰਵਿਦਾਸ ਮੰਦਰ ਪ੍ਰਬੰਧਕ ਕਮੇਟੀ ,ਸਮੂੰਹ ਗ੍ਰਾਮ ਪੰਚਾਇਤ ਤੇ ਪਿੰਡ ਵਾਸੀਆਂ ਵਲੋ ਬੜੀ ਸ਼ਰਧਾ ਨਾਲ ਮਨਾਇਆ ਗਿਆ ਇਸ ਤੋਂ ਪਹਿਲਾਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਸਟੈਚੂ ਤੇ ਹਾਰ ਪਾਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਇਸ ਮੌਕੇ ਸੰਬੋਧਨ ਕਰਦਿਆ ਕਸ਼ਮੀਰ ਲਾਲ ਬਖਲੌਰ ਰਿਟਾਇਰਡ ਡੀਐਸਪੀ ਨੇ ਦੱਸਿਆ ਕਿ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਸਾਡੇ ਦੇਸ਼ ਦੇ ਉਹ ਮਹਾਨ ਯੁਗਪੁਰਸ਼ ਨੇ ਬਿਨਾ ਸਵਾਰਥ ਦੇ ਸਾਨੂੰ ਉਹ ਹੱਕ ਲੈਕੇ ਦੇ ਗਏ ਜਿਹੜੇ ਅਸੀ ਕਿਸੇ ਵੀ ਕੀਮਤ ਤੇ ਨਹੀਂ ਲੈ ਸਕਦੇ ਸੀ ਜਿਕਰਯੋਗ ਹੈਕਿ ਡਾਕਟਰ ਭੀਮ ਰਾਓ ਜੀ ਨੇ ਸਮੂੰਹ ਦੇਸ਼ ਵਾਸੀਆਂ ਲਈ ਬਹੁਤ ਸ਼ੰਘਰਸ਼ ਕੀਤਾ ਤੇ ਬਾਬਾ ਸਾਹਿਬ ਦੇਸ਼ ਦੇ ਕਰੋੜਾਂ ਲੋਕਾਂ ਦਾ ਸੁਪਨਾ ਸਾਕਾਰ ਕਰ ਦਿਤਾ ਪਰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਕਿ ਦੇਸ਼ ਦੇ ਕਰੋੜਾਂ ਲੋਕ ਬਾਬਾ ਸਾਹਿਬ ਦੇ ਮਿਸ਼ਨ ਨੂੰ ਅੱਗੇ ਵਧਾਉਣ ਵਿਚ ਅਸਫਲ ਰਹੇ ਅਗਰ ਅਸੀਂ ਵਾਕਿਆ ਹੀ ਬਾਬਾ ਸਾਹਿਬ ਜੀਦੇ ਪੈਰੋਕਾਰ ਹਾਂ ਤਾਂ ਸਾਰੇ ਇਕਜੁੱਟ ਹੋਕੇ ਡਾ ਭੀਮ ਰਾਓ ਅੰਬੇਦਕਰ ਸਾਹਿਬ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਆਪਣਾ ਯੋਗਦਾਨ ਪਾਈਏ ਤੇ ਇਹੋ ਸੱਚੀ ਤੇ ਸੁਚੀ ਸ਼ਰਧਾਂਜ਼ਲੀ ਹੋਵੇਗੀ ਇਸ ਮੌਕੇ ਮਾਸਟਰ ਸੱਤਪਾਲ ਸਿੰਘ ਰਟੈਂਡਾ, ਮਾਸਟਰ ਸਤਨਾਮ ਸਿੰਘ ਤੇ ਹੋਰ ਬੁਲਾਰਿਆ ਨੇ ਸੰਬੋਧਨ ਕੀਤਾ ਮਾਸਟਰ ਮੱਖਣ ਬਖਲੌਰ ਨੇ ਸਟੇਜ ਸਕੱਤਰ ਦੀ ਕਾਰਵਾਈ ਬਾਖੂਬੀ ਨਿਭਾਈ ਤੇ ਅਖੀਰ ਵਿੱਚ ਸੋਸਾਇਟੀ ਦੇ ਪ੍ਰਧਾਨ ਰਾਮ ਪ੍ਰਕਾਸ਼ ਚੁੰਬਰ ਨੇ ਸਮੂੰਹ ਸੰਗਤਾਂ ਨੂੰ ਡਾ ਭੀਮ ਰਾਓ ਅੰਬੇਡਕਰ ਸਾਹਿਬ ਜੀ ਦੇ ਜਨਮ ਦਿਨ ਦੀ ਵਧਾਈ ਦਿਤੀ ਤੇ ਧੰਨਵਾਦ ਕੀਤਾ ਤੇ ਆਖਿਆ ਕਿ ਜਿਵੇ ਸਤਿਗੁਰ ਰਵਿਦਾਸ ਮਹਾਰਾਜ ਜੀ ਨੇ ਸਾਡੇ ਸਮਾਜ ਲਈ ਬਹੁਤ ਸ਼ੰਘਰਸ਼ ਕੀਤਾ ਬਿਲਕੁਲ ਉਸੇ ਤਰਾਂ ਡਾ ਭੀਮ ਰਾਓ ਅੰਬੇਡਕਰ ਜੀ ਸਾਡੇ ਲਈ ਬਹੁਤ ਸਤਿਕਾਰ ਯੋਗ ਹਨ ਉਨਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਮਿਸ਼ਨ ਨੂੰ ਪ੍ਰਫੁੱਲਿਤ ਕਰਨ ਦੀ ਅਪੀਲ ਕੀਤੀ ਤੇ ਪੜ੍ਹਾਈ ਇਚ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਬੱਚਿਆਂ ਅਤੇ ਪ੍ਰਮੁੱਖ ਸਖਸ਼ੀਅਤਾਂ ਦਾ ਵਿਸ਼ੇਸ ਸਨਮਾਨ ਕੀਤਾ ਗਿਆ ਤੇ ਇਸ ਮੌਕੇ ਕੇਕ ਕੱਟਿਆ ਗਿਆ ਸਕੂਲੀ ਬੱਚਿਆਂ ਵਲੋਂ ਕਵਿਤਾ,ਗੀਤ ,ਪੇਸ਼ ਕੀਤੇ ਅਤੇ ਗਾਇਕ ਸੱਤਪਾਲ ਸੰਗੀ ਨੇ ਮਿਸ਼ਨਰੀ ਪ੍ਰੋਗਰਾਮ ਪੇਸ਼ ਕੀਤਾ ਇਸ ਮੌਕੇ ਜੋਗ ਰਾਜ ਸੁੰਮਨ ਰਿਟਾਇਰਡ ਜੰਗਲਾਤ ਵਿਭਾਗ, ਜਸਵਿੰਦਰ ਸਰੋਆ ਸਬ ਇੰਸਪੈਕਟਰ ਪੀਪੀ,ਮੰਗਤ ਰਾਮ ਢੰਡਾ ਏਐਸ ਆਈ,ਅਸ਼ੋਕ ਮਹਿੰਮੀ,ਸਰਪੰਚ ਬਿਮਲ ਕਿਸ਼ੋਰ,ਪ੍ਰਦੀਪ ਕੁਮਾਰ ਚੁੰਬਰ ਕਮੇਟੀ ਪ੍ਰਧਾਨ, ਮੰਗਲ ਸੁਮਨ, ਸ਼ਾਮ ਲਾਲ ਮਹਿੰਮੀ, ਜਗਜੀਵਨ ਮਹਿੰਮੀ, ਨੰਬਰਦਾਰ ਰਾਮ ਲਾਲ, ਪੰਚ ਸਰਵਜੀਤ, ਪੰਚ ਸ਼ਮਸ਼ੇਰ ਸਿੰਘ,ਡਾ ਅਸ਼ਨੀ ਤੌਂ ਇਲਾਵਾ ਪਿੰਡ ਵਾਸੀ ਹਾਜ਼ਰ ਸਨ।







# ਅਮਰੀਕਾ ਵਿਚ ਸ਼ਟਲ ਬੱਸ ਲੋਕਾਂ 'ਤੇ ਚੜੀ, ਇਕ ਮੌਤ ਤੇ ਅਨੇਕਾਂ ਹੋਰ ਜ਼ਖਮੀ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਹਵਾਈ ਰਾਜ ਵਿਚ ਹੋਨੋਲੂਲੂ ਕਰੂਜ਼ ਟਰਮੀਨਲ 'ਤੇ ਇਕ ਸ਼ਟਲ ਬੱਸ ਅਚਾਨਕ ਤੁਰ ਪਈ ਤੇ ਲੋਕਾਂ ਉਪਰ ਜਾ ਚੜੀ ਜਿਸ ਦੇ ਸਿੱਟੇ ਵਜੋਂ ਇਕ ਵਿਅਕਤੀ ਦੀ ਮੌਤ ਹੋਣ ਤੇ ਅਨੇਕਾਂ ਹੋਰਨਾਂ ਦੇ ਜਖਮੀ ਹੋਣ ਦੀ ਖਬਰ ਹੈ। ਪੁਲਿਸ ਤੇ ਕਾਰਨੀਵਾਲ ਕਰੂਜ਼ ਲਾਈਨ ਅਨੁਸਾਰ ਕਰੂਜ਼ ਪੋਰਟ ਬੱਸ ਇਕ ਘਾਟ ਨੇੜੇ ਖੜੀ ਸੀ ਕਿ ਉਹ ਅਚਾਨਕ ਤੁਰ ਪਈ। ਡਰਾਈਵਰ ਨੇ ਫੁਰਤੀ ਵਰਤ ਕੇ ਬੱਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰੰਤੂ ਕਾਹਲੀ ਵਿਚ ਬਰੇਕ ਲਾਉਣ ਦੀ ਬਜਾਏ ਉਸ ਨੇ ਗੈਸ ਪੈਡਲ ਨੂੰ ਦਬਾਅ ਦਿੱਤਾ। ਬੱਸ ਅੱਗੇ ਖੜੇ ਲੋਕਾਂ ਉਪਰ ਚੜ ਗਈ। ਪੁਲਿਸ ਨੇ ਕਿਹਾ ਹੈ ਕਿ ਕੁਲ 11 ਲੋਕ ਜ਼ਖਮੀ ਹੋਏ ਹਨ ਜਿਨਾਂ ਵਿਚੋਂ 5 ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਦ ਕਿ ਬਾਕੀਆਂ ਨੇ ਹਸਪਤਾਲ ਦਾਖਲ ਹੋਣ ਤੋਂ ਨਾਂਹ ਕਰ ਦਿੱਤੀ। ਉਹ ਠੀਕ ਠਾਕ ਹਨ। ਕਾਰਨੀਵਾਲ ਕਰੂਜ਼ ਲਾਈਨ ਅਨੁਸਾਰ ਇਸ ਹਾਦਸੇ ਵਿਚ ਜ਼ਖਮੀ ਹੋਏ 9 ਵਿਅਕਤੀ ਕਾਰਨੀਵਾਲ ਮਿਰਾਕਲ ਸ਼ਿੱਪ ਤੋਂ ਉਤਰੇ ਸਨ ਜਿਨਾਂ ਵਿਚੋਂ ਇਕ ਔਰਤ ਦੀ ਮੌਤ ਹੋ ਗਈ ਜਦ ਕਿ ਉਸ ਦਾ ਪਤੀ ਜ਼ਖਮੀ ਹੋ ਗਿਆ। ਪੁਲਿਸ ਨੇ ਕਿਹਾ ਹੈ ਕਿ ਹਾਦਸੇ ਦੀ ਜਾਂਚ ਕੀਤੀ ਜਾਵੇਗੀ ਪਰੰਤੂ ਇਸ ਸਮੇ ਲੱਗਦਾ ਹੈ ਕਿ ਰਫਤਾਰ ਹਾਦਸੇ ਦਾ ਕਾਰਨ ਨਹੀਂ ਹੈ।

# ਵਿਸ਼ਵ ਦੇ ਸਭ ਤੋਂ ਵੱਡੀ ਉਮਰ ਦੇ ਜੁੜਵੇਂ ਬੱਚਿਆਂ ਦੀ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚ ਵਿਸ਼ਵ ਦੇ ਸਭ ਤੋਂ ਵੱਡੀ ਉਮਰ ਦੇ ਦੋ ਜੁੜਵੇਂ ਬੱਚਿਆਂ ਦੀ 62 ਸਾਲ ਦੀ ਉਮਰ ਵਿਚ ਮੌਤ ਹੋ ਗਈ। ਗਿਨੀਜ਼ ਵਰਲਡ ਰਿਕਾਰਡ ਨੇ ਜੁੜਵੇਂ ਬੱਚਿਆਂ ਜੋ ਦੋਨੋਂ ਭੈਣਾਂ ਸਨ, ਦੀ ਮੌਤ ਹੋਣ ਦੀ ਪੁਸ਼ਟੀ ਕੀਤੀ ਹੈ। ਸਿਰ ਤੋਂ ਜੁੜੀਆਂ ਲੌਰੀ ਸ਼ੈਪਲ ਤੇ ਜਾਰਜ ਸ਼ੈਪਲ ਦੀ ਮੌਤ ਯੁਨੀਵਰਸਿਟੀ ਆਫ ਪੈਨਸਿਲਵਾਨੀਆ ਹਸਪਤਾਲ ਵਿਚ ਹੋਈ।



18 ਸਤੰਬਰ 1961 ਵਿਚ ਪੈਦਾ ਹੋਈਆਂ ਲੌਰੀ ਤੇ ਜਾਰਜ ਦੀ ਖੋਪੜੀ ਆਪਸ ਵਿਚ ਜੁੜੀ ਹੋਈ ਸੀ ਤੇ ਉਨਾਂ ਦੀਆਂ ਖੂਨ ਦੀਆਂ ਨਾੜੀਆਂ ਤੇ ਦਿਮਾਗ ਦਾ 30 % ਹਿੱਸਾ ਜੁੜਿਆ ਹੋਇਆ ਸੀ। 18 ਅਕਤੂਬਰ 2023 ਨੂੰ ਦਾਅਵਾ ਕੀਤਾ ਗਿਆ ਸੀ ਕਿ ਇਹ ਵਿਸ਼ਵ ਦੇ ਸਭ ਤੋਂ ਵੱਡੀ ਉਮਰ ਦੇ ਜੁੜਵੇਂ ਬੱਚੇ ਹਨ।

# ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦਾ 133ਵਾਂ ਜਨਮ ਦਿਨ ਛੋਕਰਾਂ ਵਿਖੇ ਕੇਕ ਕੱਟ ਕੇ ਮਨਾਇਆ



**ਫਿਲੌਰ, ਅੱਪਰਾ (ਜੱਸੀ)–** ਭਾਰਤ ਦੇ ਸੰਵਿਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦਾ 133 ਵਾਂ ਜਨਮ ਦਿਨ ਪਿੰਡ ਛੋਕਰਾਂ ਵਿਖੇ ਸਾਰੇ ਨਗਰ ਨਿਵਾਸੀਆਂ ਅਤੇ ਗ੍ਰਾਮ ਪੰਚਾਇਤ ਵਲੋਂ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਹਾਜ਼ਰ ਮੋਹਤਬਰਾਂ ਨੇ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਬਾਰੇ, ਉਨ੍ਹਾਂ ਦੇ ਗਰੀਬ ਮਜ਼ਦੂਰ ਤੇ ਦਲਿਤ ਸਮਾਜ ਲਈ ਕੀਤੇ ਹੋਏ ਸੰਘਰਸ਼ ਬਾਰੇ ਦੱਸਿਆ ਅਤੇ ਲੋਕਾਂ ਨੂੰ ਉਨ੍ਹਾਂ ਦੀ ਵਿਚਾਰਧਾਰਾ ਅਨੁਸਾਰ ਚੱਲਣ ਦੀ ਅਪੀਲ ਕੀਤੀ। ਇਸ ਮੌਕੇ 'ਬਾਬਾ ਸਾਹਿਬ ਦੀ ਸੋਚ 'ਤੇ, ਪਹਿਰਾ ਦਿਆਂਗੇ ਠੋਕ ਕੇ' ਦੇ ਅਸਮਾਨ ਗੂੰਜਦੇ ਨਾਅਰਿਆਂ ਹੇਠ ਬਾਬਾ ਸਾਹਿਬ ਜੀ ਦੇ ਜਨਮ ਦਿਨ ਨੂੰ ਸਮਰਪਿਤ ਕੇਕ ਕੱਟਿਆ ਗਿਆ । ਇਸ ਮੌਕੇ ਸਮੂਹ ਅੰਬੇਡਕਰੀ ਆਗੂ ਤੇ ਸੰਗਤਾਂ ਹਾਜ਼ਰ ਸਨ

# ਭਾਰਤੀ ਮੂਲ ਦੀ ਰਿਧੀ ਪਟੇਲ ਕੌਂਸਲ ਮੈਂਬਰਾਂ ਤੇ ਮੇਅਰ ਨੂੰ ਧਮਕੀਆਂ ਦੇਣ ਦੇ ਮਾਮਲੇ ਵਿਚ ਹੋਈ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਬੇਕਰਸਫੀਲਡ (ਕੈਲੀਫੋਰਨੀਆ) ਸਿਟੀ ਕੌਂਸਲ ਦੀ ਮੀਟਿੰਗ ਦੌਰਾਨ ਇਤਰਾਜਯੋਗ ਟਿਪਣੀਆਂ ਕਰਨ ਕਾਰਨ ਭਾਰਤੀ ਅਮਰੀਕੀ ਰਿਧੀ ਪਟੇਲ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਉਸ ਨੂੰ ਕੌਂਸਲ ਮੀਟਿੰਗ ਦੌਰਾਨ ਕੌਂਸਲ ਮੈਂਬਰਾਂ ਤੇ ਮੇਅਰ ਕਰੇਨ ਗੋਹ ਨੂੰ ਮਾਰ ਦੇਣ ਦੀਆਂ ਧਮਕੀਆਂ ਦੇਣ ਸਮੇਤ 18 ਅਪਰਾਧਕ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਕੌਂਸਲ ਮੀਟਿੰਗ ਵਿਚ ਜਨਤਿਕ ਮੁੱਦਿਆਂ ਸਬੰਧੀ ਚਰਚਾ ਦੌਰਾਨ ਬੋਲਦਿਆਂ ਪਟੇਲ (28) ਨੇ ਇਸਰਾਈਲ 'ਤੇ ਸ਼ਬਦੀ ਹਮਲਾ ਕੀਤਾ। ਮਹਾਤਮਾ ਗਾਂਧੀ ਤੇ ਹਿੰਦੂ ਉਤਸਵ ਚੇਤਰ ਨਵਰਾਤਿਆਂ ਦੀ ਗੱਲ ਕੀਤੀ। ਉਪਰੰਤ ਉਸ ਦੇ ਭਾਸ਼ਣ ਕਾਰਨ ਉਸ ਵੇਲੇ ਵਿਵਾਦ ਪੈਦਾ ਹੋ ਗਿਆ ਜਦੋਂ ਉਸ ਨੇ ਮੇਅਰ ਗੋਹ ਸਮੇਤ ਕੌਂਸਲ ਮੈਂਬਰਾਂ ਨੂੰ ਹਿੰਸਕ ਧਮਕੀਆਂ ਦਿੱਤੀਆਂ। ਪਟੇਲ ਦੀਆਂ ਟਿਪਣੀਆਂ ਵੀਡੀਓ ਵਿਚ ਰਿਕਾਰਡ ਹੋ ਗਈਆਂ ਤੇ ਵੱਡੀ ਪੱਧਰ ਉਪਰ ਆਨ ਲਾਈਨ ਫੈਲ ਗਈਆਂ ਜਿਸ ਦੀ ਕਈ ਪਾਸਿਆਂ ਤੋਂ ਅਲੋਚਨਾ ਹੋਈ। ਪਟੇਲ ਦੀ ਅਦਾਲਤ ਵਿਚ ਅਗਲੀ ਪੇਸ਼ੀ 24 ਅਪ੍ਰੈਲ ਨੂੰ ਹੋਵੇਗੀ। ਇਕ ਜਨਤਿਕ ਬਚਾਅ ਪੱਖ ਦੇ ਵਕੀਲ ਨੇ ਪਟੇਲ ਦੀ ਤਰਫੋਂ ਪਟੀਸ਼ਨ ਦਾਇਰ ਕੀਤੀ ਹੈ ਜਿਸ ਵਿਚ ਕਿਹਾ ਹੈ ਕਿ ਉਹ ਨਿਰਦੋਸ਼ ਹੈ।



# ਅਮਰੀਕਾ ਵਿਚ ਹੋਈ ਗੋਲੀਬਾਰੀ ਵਿਚ 2 ਪੁਲਿਸ ਅਫਸਰਾਂ ਦੀ ਹੋਈ ਮੌਤ, ਮੁਕਾਬਲੇ ਵਿਚ ਇਕ ਸ਼ੱਕੀ ਹਮਲਾਵਰ ਵੀ ਮਾਰਿਆ ਗਿਆ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸਿਰਾਕੂਜ, ਨਿਊਯਾਰਕ ਨੇੜੇ ਪੁਲਿਸ ਤੇ ਸ਼ੱਕੀਆਂ ਵਿਚਾਲੇ ਹੋਏ ਮੁਕਾਬਲੇ ਵਿਚ 2 ਲਾਅ ਇਨਫੋਰਸਮੈਂਟ ਅਫਸਰਾਂ ਦੀ ਮੌਤ ਹੋਣ ਦੀ ਖਬਰ ਹੈ। ਇਕ ਟਰੈਫਿਕ ਸਟਾਪ ਤੋਂ ਸ਼ੁਰੂ ਹੋਏ ਇਸ ਮੁਕਾਬਲੇ ਵਿਚ ਇਕ ਸ਼ੱਕੀ ਹਮਲਾਵਰ ਦੀ ਵੀ ਮੌਤ ਹੋ ਗਈ। ਚੀਫ ਜੋਸਫ ਸੀਸਿਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਸਿਰਕੂਜ ਪੁਲਿਸ ਵਿਭਾਗ ਦੇ 2 ਅਫਸਰਾਂ ਨੇ ਇਕ ਸ਼ੱਕੀ ਵਾਹਣ ਨੂੰ ਰੋਕਣ ਦਾ ਯਤਨ ਕੀਤਾ ਪਰੰਤੂ ਡਰਾਈਵਰ ਵਾਹਣ ਭਜਾ ਕੇ ਲੈ ਲਿਆ। ਬਾਅਦ ਵਿਚ ਵਾਹਣ ਦੀ ਲਾਇਸੰਸ ਪਲੇਟ ਤੋਂ ਉਸ ਨੂੰ ਲਿਵਰਪੂਲ ਨੇੜੇ ਇਕ ਘਰ ਵਿਚ ਲੱਭ ਲਿਆ ਗਿਆ। ਜਦੋਂ ਪੁਲਿਸ ਅਫਸਰ ਘਰ ਦੇ ਬਾਹਰ ਖੜੇ ਵਾਹਣ ਦੀ ਜਾਂਚ ਕਰ ਰਹੇ ਸਨ ਤਾਂ ਘਰ ਦੇ ਅੰਦਰੋਂ ਚੱਲੀਆਂ ਗੋਲੀਆਂ ਨਾਲ ਦੋ ਪੁਲਿਸ ਅਫਸਰ ਮਾਰੇ ਗਏ। ਘੱਟੋ ਘੱਟ ਇਕ ਸ਼ੱਕੀ ਵੀ ਮੁਕਾਬਲੇ ਦੌਰਾਨ ਢੇਰ ਹੋ ਗਿਆ। ਮੇਅਰ ਬੇਨ ਵਾਲਸ਼ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸਿਰਾਕੂਜ ਦੇ ਇਤਿਹਾਸ ਵਿਚ ਇਹ ਕਾਲਾ ਦਿਨ ਹੈ। ਸਾਡੀ ਹਮਦਰਦੀ ਮਾਰੇ ਗਏ 2 ਅਫਸਰਾਂ ਦੇ ਪਰਿਵਾਰਾਂ ਨਾਲ ਹੈ ਜੋ ਸਾਡੇ ਹੀਰੋ ਸਨ।







# ਨਿਊਯਾਰਕ ਸਟੇਟ ਅਸੈਂਬਲੀ ਵਿੱਚ ਅਲਬਨੀ ਵਿਖੇ ਮਨਾਇਆ ਗਿਆ ਖਾਲਸਾ ਸਾਜਨਾ ਦਿਵਸ ਟਰਾਂਸ ਨੈਸ਼ਨਲ ਰਿਪਰੈਸ਼ਨ ਦਾ ਮੁੱਦਾ ਵੀ ਜ਼ੋਰ ਸ਼ੋਰ ਨਾਲ ਚੁੱਕਿਆ ਗਿਆ

**ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)–** ਅੱਜ ਨਿਊਯਾਰਕ ਸਟੇਟ ਦੀ ਅਸੈਂਬਲੀ ਵਿੱਚ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਇਕ ਬਹੁਤ ਹੀ ਪ੍ਰਭਾਵਸ਼ਾਲੀ ਪ੍ਰੋਗਰਾਮ ਕੀਤਾ ਗਿਆ। ਇਸ ਸਮਾਗਮ ਦੀ ਮੇਜ਼ਬਾਨੀ ਕਰਨ ਵਿੱਚ ਖਾਸ ਤੌਰ ਤੇ ਅਸੈਂਬਲੀ-ਮੈਂਬਰ ਜੋਹਰਾਨ ਮਮਦਾਨੀ (ਡਿਸਟ੍ਰਿਕਟ 36), ਅਤੇ ਉਨ੍ਹਾਂ ਦੇ ਨਾਲ ਹੋਰ ਅਸੈਂਬਲੀ-ਮੈਂਬਰ ਗਰੇਸ ਲੀ (ਡਿਸਟ੍ਰਿਕਟ 65), ਖਲੀਲ ਐਂਡਰਸਨ (ਡਿਸਟ੍ਰਿਕਟ 31), ਸਟੀਵਨ ਰਾਗਾ (ਡਿਸਟ੍ਰਿਕਟ 30), ਜੈਫਰੀਅਨ ਔਰਬੀ (ਡਿਸਟ੍ਰਿਕਟ 35), ਜੈਸੀਕਾ ਗੌਨਜਾਲੇਜ (ਡਿਸਟ੍ਰਿਕਟ 34), ਕੈਟਲੀਨਾ ਕਰੂਜ (ਡਿਸਟ੍ਰਿਕਟ 39) ਸ਼ਾਮਲ ਸਨ। ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਵਿੱਚ ਜਿਵੇਂ ਵਿਸਾਖੀ ਨੂੰ ਨੈਸ਼ਨਲ ਸਿੱਖ ਡੇਅ ਵਜੋਂ ਅਤੇ ਅਪ੍ਰੈਲ ਨੂੰ "ਸਿੱਖ ਐਪਰੀਸੀਏਸ਼ਨ ਅਤੇ ਅਵੇਅਰਨੈਸ ਮੰਥ" ਵਜੋਂ ਮਨਾਇਆ ਜਾਂਦਾ ਹੈ। ਉਸੇ ਤਰਾਂ ਹੀ ਨਿਊਯਾਰਕ ਸਟੇਟ ਦੀ ਅਸੈਂਬਲੀ ਵਿੱਚ ਵਿਸਾਖੀ ਨੂੰ ਸਮਰਪਿਤ ਇਹ ਪ੍ਰੋਗਰਾਮ ਕੀਤਾ ਗਿਆ, ਜਿੱਥੇ ਕਿ ਵਰਲਡ ਸਿੱਖ ਪਾਰਲੀਮੈਂਟ ਵੱਲੋਂ 2015 ਵਿੱਚ ਹੋਏ ਸਰਬੱਤ ਖਾਲਸਾ ਦੇ ਮਤੇ, ਅਤੇ ਜਥੇਦਾਰ ਭਾਈ ਜਗਤਾਰ ਸਿੰਘ ਜੀ ਹਵਾਰਾ ਦੇ ਹੁਕਮਾਂ ਅਨੁਸਾਰ ਹੋਂਦ ਵਿੱਚ ਆਉਣ ਤੋਂ ਬਾਅਦ ਚੱਲ ਰਹੇ ਕੰਮਾਂ ਦੀ ਰੱਜਵੀਂ ਸ਼ਲਾਘਾ




ਕੀਤੀ ਗਈ। ਜਿਸ ਤਰਾਂ ਕਿ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਕੋਵਿਡ-19 ਦੇ ਸਮੇਂ ਨਿਊਯਾਰਕ ਤੇ ਹੋਰ ਥਾਵਾਂ ਤੇ ਲੱਖਾਂ ਹੀ ਲੋਕਾਂ ਨੂੰ ਭੋਜਨ ਪਹੁੰਚਾਇਆ ਗਿਆ।

ਪੰਜਾਬ ਵਿੱਚ 2019 ਵਿੱਚ ਆਏ ਹੜਾਂ ਤੋ ਬਾਅਦ ਕੀਤੀ ਮਦਦ, ਅਤੇ ਯੂਕਰੇਨ ਵਿੱਚ ਚੱਲ ਰਹੇ ਮੌਜੂਦਾ ਸੰਕਟ ਦੇ ਸਮੇ ਯੂਨਾਈਟਡ ਸਿਖਸ ਨਾਲ ਰਲ ਕੇ ਰਾਹਤ ਕਾਰਜ ਕੀਤੇ ਗਏ। ਇਸ ਤੋਂ ਇਲਾਵਾ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਸਿੱਖਿਆ, ਮਨੁੱਖੀ ਅਧਿਕਾਰਾਂ ਹੋਰ ਚੱਲ ਰਹੇ ਕੰਮਾਂ ਦਾ ਵੀ




ਅਸੈਬਲੀ ਦੇ ਪਰੋਕਲੇਮੇਸ਼ਨ (ਘੋਸ਼ਣਾ ਪੱਤਰ) ਵਿੱਚ ਜ਼ਿਕਰ ਕੀਤਾ ਗਿਆ।

ਅਸੈਂਬਲੀ-ਮੈਂਬਰ ਜੋਹਰਾਨ ਮਮਦਾਨੀ ਨੇ ਹੋਰ ਅਸੈਂਬਲੀ-ਮੈਂਬਰਾਂ ਦੇ ਸਹਿਯੋਗ ਨਾਲ ਪਿਛਲੇ ਸਮੇਂ ਤੋਂ ਟਰਾਂਸ ਨੈਸ਼ਨਲ ਰਿਪਰੈਸ਼ਨ ਦੇ ਮੁੱਦੇ ਨੂੰ ਵੀ ਜ਼ੋਰ ਨਾਲ ਚੁੱਕਿਆ ਜਾ ਰਿਹਾ ਹੈ, ਜਿਸ ਤਹਿਤ ਭਾਰਤ ਸਰਕਾਰ ਵੱਲੋਂ ਵਿਦੇਸ਼ਾਂ ਵਿੱਚ ਸਿੱਖ ਆਗੂਆਂ ਭਾਈ ਹਰਦੀਪ ਸਿੰਘ ਨਿੱਝਰ, ਭਾਈ ਪਰਮਜੀਤ ਸਿੰਘ ਪੰਜਵੜ, ਭਾਈ ਅਵਤਾਰ ਸਿੰਘ ਖੰਡਾ ਦੇ ਕਤਲ ਕਰਨ ਅਤੇ ਨਾਲ ਹੀ ਵਕੀਲ ਗੁਰ-ਪਤਵੰਤ ਸਿੰਘ ਪੰਨੂ ਤੇ ਹੋਰ ਵੀ ਆਗੂਆਂ ਕਤਲਾਂ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦਾ ਪਰਦਾਫਾਸ਼ ਹੋਇਆ ਸੀ। ਉਸ ਤੋਂ ਬਾਅਦ ਇਹਨਾਂ ਅਸੈਂਬਲੀ-ਮੈਂਬਰਾਂ ਵੱਲੋਂ ਸਟੇਟ ਅਸੈਂਬਲੀ ਤੋਂ ਲੈ ਕੇ ਗਵਰਨਰ ਅਤੇ ਪ੍ਰੈਜ਼ੀਡੈਂਟ ਤੱਕ ਇਸ ਮਸਲੇ ਨੂੰ ਪੁਚਾਉਣ ਵਿੱਚ ਅਹਿਮ ਰੋਲ ਨਿਭਾਇਆ ਜਾ ਰਿਹਾ ਹੈ। ਪ੍ਰੋਗਰਾਮ ਵਿੱਚ ਸ਼ਾਮਲ ਨੁਮਾਇੰਦਿਆਂ ਵਿੱਚ ਕੋਆਰਡੀਨੇਟਰ ਸ. ਹਿੰਮਤ ਸਿੰਘ, ਸੈਲਫ ਡਿਟਰਮੀਨੇਸ਼ਨ ਕਾਊਂਸਿਲ ਦੇ ਸ. ਬਲਜਿੰਦਰ ਸਿੰਘ, ਸ. ਮੱਖਣ ਸਿੰਘ ਰੌਚੈਸਟਰ, ਸ. ਸੁਖਜਿੰਦਰ ਸਿੰਘ ਬਾਜਵਾ, ਸ. ਬਲਜੀਤ ਸਿੰਘ, ਸ. ਚਰਨਜੀਤ ਸਿੰਘ ਸਮਰਾ, ਸ. ਵਰਿੰਦਰ ਸਿੰਘ ਵਿਕੀ, ਬੀਬੀ ਜਸਲੀਨ ਕੌਰ, ਸ. ਮਨਵੀਰ ਸਿੰਘ, ਸ. ਜਗਪ੍ਰੀਤ ਸਿੰਘ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਲੋਕਤੰਤਰ ਦੀ ਨੀਂਹ ਮਜ਼ਬੂਤ ਕਰਨ ਲਈ ਹੁਸ਼ਿਆਰਪੁਰ 'ਚ ਅੱਗੇ ਆਏ ਉਸਾਰੀ ਕਿਰਤੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਲੋਕਤੰਤਰ ਦੀ ਨੀਂਹ ਮਜ਼ਬੂਤ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਰੇ ਵਰਗਾਂ ਦੀ ਸ਼ਮੂਲੀਅਤ ਯਕੀਨੀ ਬਣਾਈ ਜਾ ਰਹੀ ਹੈ। ਇਸੇ ਲੜੀ ਵਿਚ ਸਥਾਨਕ ਲੇਬਰ ਚੌਕ 'ਤੇ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਪ੍ਰੀਤ ਕੋਹਲੀ ਦੀ ਅਗਵਾਈ ਵਿਚ ਬਿਲਕੁਲ ਹੀ ਵੱਖਰੇ ਅੰਦਾਜ਼ ਵਿਚ ਸਵੀਪ ਗਤੀਵਿਧੀ ਕਰਵਾਈ ਗਈ। ਇਸ ਦੌਰਾਨ ਭੰਡ ਕਲਾ ਰਾਹੀਂ ਉਸਾਰੀ ਕਿਰਤੀਆਂ ਨੂੰ ਵੋਟ ਪਾਉਣ ਲਈ ਜਾਗਰੂਕ ਕੀਤਾ ਗਿਆ ਅਤੇ ਬੜੇ ਹੀ ਨਾਟਕੀ ਅੰਦਾਜ਼ ਵਿਚ ਵੋਟ ਦੀ ਮਹੱਤਤਾ ਸਬੰਧੀ ਉਨ੍ਹਾਂ ਨੂੰ ਸਮਝਾਇਆ ਗਿਆ। ਵੋਟ ਪਾਉਣ ਪ੍ਰਤੀ ਜਾਗਰੂਕਤਾ ਦੇ ਇਸ ਮਾਧਿਅਮ ਨੂੰ ਸਾਰਿਆਂ ਨੇ ਬੇਹੱਦ ਸਰਾਹਿਆ।

ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਪ੍ਰੀਤ ਕੋਹਲੀ ਲੇਬਰ ਚੌਕ ਹੁਸ਼ਿਆਰਪੁਰ ਵਿਚ ਆਪਣੀ ਟੀਮ ਨਾਲ ਪਹੁੰਚ ਕਰਕੇ ਆਪਣੇ ਜਾਣ-ਪਛਾਣੇ ਅੰਦਾਜ਼ ਵਿਚ ਡਫਲੀ ਵਜਾਉਣ ਲੱਗਦੇ ਹਨ। ਇਸ ਦੌਰਾਨ ਰਾਸ਼ਟਰੀ ਪੱਧਰ 'ਤੇ ਮਸ਼ਹੂਰ ਰੇਲਵੇ ਮੰਡੀ




ਸਕੂਲ ਦੀ ਵਿਦਿਆਰਥਣ ਰਿਤਿਕਾ ਸੈਣੀ ਢੋਲ ਦੀ ਥਾਪ ਨਾਲ ਉਨ੍ਹਾਂ ਦਾ ਸਹਿਯੋਗ ਕਰਦੀ ਹੈ।

ਪਹਿਲਾ ਤਾਂ ਹਰ ਕੋਈ ਇਨ੍ਹਾਂ ਨੂੰ ਦੇਖ ਕੇ ਹੈਰਾਨ ਰਹਿ ਜਾਂਦਾ ਹੈ, ਫਿਰ ਹੌਲੀ-ਹੌਲੀ ਉਥੇ ਮਜ਼ਦੂਰਾਂ ਦੇ ਨਾਲ ਰਾਹਗੀਰ ਵੀ ਰੁਕਣੇ ਸ਼ੁਰੂ ਹੋ ਜਾਂਦੇ ਸਨ। ਇਸ ਉਪਰੰਤ ਲੋਕਾਂ ਨੂੰ ਅਸਲੀ ਗੱਲ ਸਮਝ ਆਉਂਦੀ ਹੈ ਕਿ ਇਹ ਅਧਿਕਾਰੀ ਲੋਕਾਂ ਨੂੰ ਵੋਟਾਂ ਲਈ ਪ੍ਰੇਰਿਤ ਕਰ ਰਹੇ ਹਨ। ਪ੍ਰੀਤ ਕੋਹਲੀ ਨੇ ਇਸ ਦੌਰਾਨ ਉਸਾਰੀ ਮਜ਼ਦੂਰਾਂ ਨਾਲ ਰਾਹਗੀਰਾਂ ਨੂੰ ਵੋਟਾਂ ਲਈ ਜਾਗਰੂਕ ਕਰਦਿਆਂ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ 100 ਫੀਸਦੀ ਵੋਟ ਪਾਉਣੀ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਕੋਈ ਵੀ ਵੋਟਰ ਲੋਕ ਸਭਾ ਚੋਣਾਂ ਵਿਚ ਵੋਟ ਪਾਉਣ ਤੋਂ ਵਾਂਝਾ ਨਾ ਰਹੇ। ਇਸ ਲਈ ਉਹ ਸਵੀਪ ਨੋਡਲ ਅਫ਼ਸਰ ਅੰਕੁਸ਼ ਸ਼ਰਮਾ, ਜ਼ਿਲ੍ਹਾ ਮੀਡੀਆ ਅਤੇ ਕਮਿਊਨੀਕੇਸ਼ਨ ਟੀਮ ਦੇ ਸਹਾਇਕ ਨੋਡਲ ਅਫ਼ਸਰ ਰਜਨੀਸ਼ ਗੁਲਿਆਨੀ ਅਤੇ ਨੀਰਜ ਧੀਮਾਨ ਨੂੰ ਨਾਲ ਲੈ ਕੇ ਲੇਬਰ ਚੌਕ ਹੁਸ਼ਿਆਰਪੁਰ ਵਿਖੇ ਵੱਖ-ਵੱਖ ਢੰਗ ਨਾਲ ਉਸਾਰੀ ਮਜ਼ਦੂਰਾਂ ਨੂੰ ਨੁੱਕੜ ਨਾਟਕ ਰਾਹੀਂ ਵੋਟਾਂ ਪ੍ਰਤੀ ਜਾਗਰੂਕ ਕਰ ਰਹੇ ਹਨ। ਅਸਲ ਵਿਚ ਸਵੀਪ ਤਹਿਤ ਵੋਟ ਪ੍ਰਤੀਸ਼ਤਤਾ ਵਧਾਉਣ ਲਈ ਲੋਕਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਦੌਰਾਨ ਜਿਥੇ ਫਸਟ ਟਾਈਮ ਯੁਵਾ ਵੋਟਰਾਂ ਨੇ ਵੀ ਆਉਂਦੇ ਜਾਂਦੇ ਰਾਹਗੀਰਾਂ ਨੂੰ ਵੋਟ ਪ੍ਰਤੀ ਉਨ੍ਹਾਂ ਦੀ ਬਣਦੀ ਜ਼ਿੰਮੇਵਾਰੀ ਦੀ ਸਹੁੰ ਚੁਕਾਈ। ਇਸ ਮੌਕੇ ਐਨ।ਸੀ।ਸੀ ਕੈਡਿਟਾਂ ਤੋਂ ਇਲਾਵਾ ਸਮਾਜ ਸੇਵੀ ਜਸਵਿੰਦਰ ਸਿੰਘ, ਪ੍ਰਿੰਸੀਪਲ ਕਰੁਣ ਸ਼ਰਮਾ, ਜਤਿੰਦਰ ਸਿੰਘ, ਜਸਵੀਰ ਸਿੰਘ ਆਦਿ ਵੀ ਮੌਜੂਦ ਸਨ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES

WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

# ਬਾਬਾ ਸਾਹਿਬ ਡਾ. ਅੰਬੇਡਕਰ ਦਾ ਜਨਮ ਦਿਨ ਵਿਸ਼ਾਲ ਪੱਧਰ ਤੇ ਮਨਾਇਆ ਗਿਆ

## ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਵਿਵਹਾਰਕ ਰੂਪ ਵਿੱਚ ਅਪਣਾਉਣ ਦੀ ਲੋੜ – ਸੁਭਾਸ਼ ਮੁਸਾਫਰ
















**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਵੱਲੋਂ ਮਹਾਨ ਕਨੂੰਨ ਦਾਨ, ਸਮਾਜਿਕ ਕ੍ਰਾਂਤੀਕਾਰੀ, ਵਿਸ਼ਵ ਪ੍ਰਸਿੱਧ ਸਮਾਜ ਵਿਗਿਆਨੀ, ਮਾਹਿਰ ਅਰਥ ਸ਼ਾਸਤਰੀ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਜੀ ਦਾ ਜਨਮ ਦਿਵਸ ਅੰਬੇਡਕਰ ਭਵਨ ਟਰੱਸਟ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਦੇ ਸਹਿਯੋਗ ਨਾਲ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ ਵਿਖੇ ਬੇਹੱਦ ਉਤਸ਼ਾਹ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਗਿਆ। ਅੰਬੇਡਕਰ ਭਵਨ ਇੱਕ ਅਜਿਹਾ ਇਤਿਹਾਸਿਕ ਸਥਾਨ ਹੈ ਜਿੱਥੋਂ ਬਾਬਾ ਸਾਹਿਬ ਨੇ 27 ਅਕਤੂਬਰ 1951 ਨੂੰ ਲੱਖਾਂ ਦੀ ਗਿਣਤੀ ਵਿੱਚ ਜੁੜੇ ਪੰਜਾਬੀਆਂ ਨੂੰ ਸੰਬੋਧਨ ਕਰਦਿਆਂ ਦੇਸ਼ ਦੀ ਨਵ ਉਸਾਰੀ ਲਈ ਸੰਸਦੀ ਲੋਕਤੰਤਰ ਨੂੰ ਮਜਬੂਤ ਕਰਨ ਲਈ ਆਹਵਾਨ ਕੀਤਾ ਸੀ । ਸੁਸਾਇਟੀ ਵੱਲੋਂ ਆਯੋਜਿਤ ਇਸ ਸਮਾਗਮ ਵਿੱਚ ਹਿਮਾਚਲ ਪ੍ਰਦੇਸ਼ ਦੇ ਉੱਘੇ ਅੰਬੇਡਕਰੀ ਚਿੰਤਕ ਸ੍ਰੀ ਸੁਭਾਸ਼ ਚੰਦ ਮੁਸਾਫਰ ਮੁੱਖ ਮਹਿਮਾਨ ਅਤੇ ਦਿੱਲੀ ਯੂਨੀਵਰਸਿਟੀ ਵਿੱਚ ਮਾਨਵੀ ਹੱਕਾਂ ਲਈ ਸੰਘਰਸ਼ ਕਰਨ ਵਾਲੀ ਜੁਝਾਰੂ ਡਾ। ਰੀਤੂ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ।


ਇਸ ਮੌਕੇ ਤੇ ਭਾਰੀ ਗਿਣਤੀ ਵਿੱਚ ਸ਼ਾਮਿਲ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਸੁਭਾਸ਼ ਮੁਸਾਫਰ ਨੇ ਕਿਹਾ ਕਿ ਅੱਜ ਪੂਰੀ ਦੁਨੀਆ ਵਿੱਚ ਬਾਬਾ ਸਾਹਿਬ ਦੀ ਵਿਚਾਰਧਾਰਾ ਦਾ ਡੰਕਾ ਵੱਜ ਰਿਹਾ ਹੈ। ਉਹ ਕੇਵਲ ਭਾਰਤ ਤੱਕ ਸੀਮਤ ਨਹੀਂ ਰਹੇ। ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਨੇ ਉਹਨਾਂ ਨੂੰ ਸਿੰਬਲ ਆਫ ਨੋਲੇਜ ਵਜੋਂ ਸਵੀਕਾਰ ਕਰਕੇ ਇੱਕ ਮਹਾਨ ਵਿਸ਼ਵ ਚਿੰਤਕ ਵਜੋਂ ਮਾਨਤਾ ਪ੍ਰਦਾਨ ਕੀਤੀ ਹੈ। ਉਹਨਾਂ ਨੇ ਕਿਹਾ ਕਿ ਸਾਨੂੰ ਬਾਬਾ ਸਾਹਿਬ ਦੀ ਵਿਚਾਰਧਾਰਾ ਦੇ ਪ੍ਰਤੇਕ ਪਹਿਲੂ ਤੇ ਸੈਮੀਨਾਰ ਆਯੋਜਿਤ ਕਰਕੇ ਲੋਕ ਚੇਤਨਾ ਪੈਦਾ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਉਹਨਾਂ ਨੇ ਕਿਹਾ ਕਿ ਡਾ. ਅੰਬੇਡਕਰ ਦੀ ਨਿਆ ਪੂਰਨ, ਤਰਕਸ਼ੀਲ ਅਤੇ ਲੋਕ ਹਿਤੈਸ਼ੀ ਵਿਚਾਰਧਾਰਾ ਨੂੰ ਵਿਵਹਾਰਕ ਰੂਪ ਵਿੱਚ ਆਪਣੇ ਜੀਵਨ ਵਿੱਚ ਧਾਰਨ ਕਰਨਾ ਚਾਹੀਦਾ ਹੈ। ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰ ਰਹੀ ਡਾਕਟਰ ਰੀਤੂ ਸਿੰਘ ਨੇ ਦਿੱਲੀ ਯੂਨੀਵਰਸਿਟੀ ਦੇ ਕਾਲਜਾਂ ਵਿੱਚ ਦਲਿਤਾਂ ਨਾਲ ਹੋ ਰਹੀ ਬੇਇਨਸਾਫੀ ਦਾ ਜ਼ਿਕਰ ਕਰਦਿਆਂ ਉਹਨਾਂ ਦੇ ਸਾਥੀਆਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਸਬੰਧੀ ਦਲਿਤ ਸਿਆਸਤਦਾਨਾਂ ਦੇ ਨਾ ਪੱਖੀ ਰਵਈਏ ਨੂੰ ਬਾਖੂਬੀ ਨੰਗਿਆਂ ਕੀਤਾ। ਡਾਕਟਰ ਰੀਤੂ ਸਿੰਘ ਨੇ ਕਿਹਾ ਕਿ ਡਾਕਟਰ ਅੰਬੇਡਕਰ ਇੱਕ ਵਿਅਕਤੀ ਨਹੀਂ ਸੰਸਥਾ ਹੈ, ਇੱਕ ਵਿਚਾਰਧਾਰਾ, ਇਕ ਊਰਜਾ ਹੈ ਅਤੇ ਸ਼ਕਤੀ ਹੈ ਜਿਹੜੀ ਦੁਨੀਆ ਭਰ ਦੇ ਪੀੜਤ ਦਬਾਏ ਅਤੇ ਸਤਾਏ ਹੋਏ ਲੋਕਾਂ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਲਈ ਪ੍ਰੇਰਿਤ ਅਤੇ ਉਤਸਾਹਿਤ ਕਰਦੀ ਹੈ। ਉਹਨਾਂ ਨੇ ਅੰਬੇਡਕਰ ਭਵਨ ਨਾਲ ਜੁੜੇ ਅੰਬੇਡਕਰੀ ਸਾਥੀਆਂ ਵੱਲੋਂ ਬਾਬਾ ਸਾਹਿਬ ਦੀ ਸਿਧਾਂਤਕ ਵਿਚਾਰਧਾਰਾ ਨੂੰ ਪ੍ਰਚਾਰਤ ਤੇ ਪ੍ਰਸਾਰਿਤ ਕਰਨ ਦੀ ਭਰਪੂਰ ਪ੍ਰਸ਼ੰਸਾ ਕੀਤੀ।

ਸਮਾਗਮ ਦੇ ਆਰੰਭ ਵਿੱਚ ਸੁਸਾਇਟੀ ਦੇ ਪ੍ਰਧਾਨ ਸ਼੍ਰੀ ਚਰਨ ਦਾਸ ਸੰਧੂ ਨੇ ਸ਼ਾਮਲ ਪ੍ਰਮੁੱਖ ਮਹਿਮਾਨਾਂ ਅਤੇ ਬੁਲਾਰਿਆਂ ਨਾਲ ਜਾਣ ਪਛਾਣ ਕਰਵਾਉਂਦਿਆਂ ਭਾਰੀ ਗਿਣਤੀ ਵਿੱਚ ਸ਼ਿਰਕਤ ਕਰ ਰਹੇ ਸਰੋਤਿਆਂ ਦਾ ਸਵਾਗਤ ਕਰਦਿਆਂ ਭਾਰਤ ਦੀਆਂ ਅਜੋਕੀਆਂ ਰਾਜਨੀਤਿਕ ਸਥਿਤੀਆਂ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਵੱਲੋਂ ਸੁਝਾਏ ਸਮਾਧਾਨਾ ਦਾ ਵਿਸਥਾਰ ਸਹਿਤ ਜ਼ਿਕਰ ਕੀਤਾ। ਅੰਬੇਡਕਰ ਭਵਨ ਟਰਸਟ ਦੇ ਚੇਅਰਮੈਨ ਸ਼੍ਰੀ ਸੋਹਨ ਲਾਲ ਰਿਟਾ। ਡੀਪੀਆਈ (ਕਾਲਜਾਂ) ਨੇ ਡਾ। ਅੰਬੇਡਕਰ ਵੱਲੋਂ ਸੰਵਿਧਾਨ ਵਿੱਚ ਸ਼ਾਮਿਲ ਕੀਤੇ ਗਏ ਮੁਢਲੇ ਅਧਿਕਾਰਾਂ ਦੀ ਵਿਸਤਰਿਤ ਜਾਣਕਾਰੀ ਦਿੱਤੀ । ਉਹਨਾਂ ਕਿਹਾ ਕਿ ਡਾ। ਅੰਬੇਡਕਰ ਨੇ ਸਮਤਾ, ਸੁਤੰਤਰਤਾ, ਭਾਈਚਾਰੇ ਤੇ ਨਿਆਸ਼ੀਲਤਾ ਤੇ ਅਧਾਰਤ ਭਾਰਤੀ ਸੰਵਿਧਾਨ ਦੀ ਸਿਰਜਣਾ ਕਰਕੇ ਇੱਕ ਬੇਮਿਸਾਲ ਕਾਰਜ ਕੀਤਾ। ਦੁਆਬਾ ਕਾਲਜ ਦੇ ਰਾਜਨੀਤੀ ਵਿਗਿਆਨ ਵਿਭਾਗ ਦੇ ਸੇਵਾ ਮੁਕਤ ਮੁਖੀ ਪ੍ਰੋਫੈਸਰ ਬਲਬੀਰ ਜੀ ਨੇ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਦਾ ਵਰਣਨ ਕਰਦਿਆਂ, ਇਸ ਨੂੰ ਸੰਵਿਧਾਨ ਦੀ ਆਤਮਾ ਦਰਸਾਉਂਦਿਆਂ ਮਾਨਵਵਾਦੀ ਦ੍ਰਿਸ਼ਟੀ ਤੋਂ ਸੰਵਿਧਾਨ ਦਾ ਵਿਸ਼ਲੇਸ਼ਣ ਪ੍ਰਸਤੁਤ ਕੀਤਾ। ਇਹਨਾਂ ਵਿਸ਼ੇਸ਼ ਬੁਲਾਰਿਆਂ ਤੋਂ ਇਲਾਵਾ ਡਾ. ਜੀਸੀ ਕੌਲ, ਡਾ।ਰਾਹੁਲ ਬਾਲੀ, ਜਸਵਿੰਦਰ ਵਰਿਆਣਾ ਅਤੇ ਦਿੱਲੀ ਯੂਨੀਵਰਸਿਟੀ ਦੇ ਆਸ਼ੂਤੋਸ਼ ਬੋਧ ਨੇ ਵੀ ਡਾ. ਅੰਬੇਡਕਰ ਸਾਹਿਬ ਦੇ ਜੀਵਨ ਸੰਘਰਸ਼ ਅਤੇ ਅਜੋਕੇ ਹਾਲਾਤ ਵਿੱਚ ਉਹਨਾਂ ਦੇ ਚਿੰਤਨ ਦੀ ਸਾਰਥਕਤਾ ਦੇ ਵਿਭਿੰਨ ਪੱਖਾਂ ਤੇ ਵਿਚਾਰ-ਚਰਚਾ ਕੀਤੀ। ਉੱਘੇ ਅੰਬੇਡਕਰੀ ਗਾਇਕ ਜੀਵਨ ਮਹਿਮੀ ਅਤੇ ਉਨਾਂ ਦੇ ਸਾਥੀਆਂ ਨੇ ਆਪਣੇ ਗੀਤਾਂ ਰਾਹੀਂ ਬਾਬਾ ਸਾਹਿਬ ਦੀਆਂ ਕੁਰਬਾਨੀਆਂ ਨੂੰ ਪ੍ਰਸਤੁਤ ਕਰਦਿਆਂ ਸਰੋਤਿਆਂ ਵਿੱਚ ਨਵੀਂ ਊਰਜਾ ਅਤੇ ਸ਼ਕਤੀ ਦਾ ਸੰਚਾਰ ਕੀਤਾ ।

ਅੰਬੇਡਕਰ ਮਿਸ਼ਨ ਸੋਸਾਇਟੀ ਅਤੇ ਅੰਬੇਡਕਰ ਭਵਨ ਦੇ ਪ੍ਰਸਿੱਧ ਪ੍ਰਮੁੱਖ ਅਹੁਦੇਦਾਰਾਂ ਸਰਬ ਸ਼੍ਰੀ ਬਲਦੇਵ ਰਾਜ ਭਾਰਦਵਾਜ ਐਡਵੋਕੇਟ ਪਰਮਿੰਦਰ ਖੁਤਨ, ਤਿਲਕ ਰਾਜ , ਡਾ। ਮਹਿੰਦਰ ਸੰਧੂ, ਰਾਜ ਕੁਮਾਰ, ਸੋਮ ਲਾਲ ਮਲ, ਰਾਜ ਕੁਮਾਰ ਮੱਲਣ, ਹਰਮੇਸ਼ ਜੱਸਲ, ਕਮਲਸ਼ੀਲ ਬਾਲੀ, ਨਿਰਮਲ ਬਿੰਜੀ, ਮੇਹਰ ਮਲਿਕ, ਪਰਵੀਨ ਪਰਵ, ਸੁਖਰਾਜ, ਡਾ. ਚਰਨਜੀਤ ਸਿੰਘ, ਤੋਂ ਇਲਾਵਾ ਇੰਜੀਨੀਅਰ ਗੁਰਮੇਲ ਸਿੰਘ , ਰਿਟਾ। ਰਾਜ ਦੂਤ ਰਮੇਸ਼ ਚੰਦਰ, ਰਿਟਾ। ਏਡੀਜੀਪੀ ਆਰ। ਐੱਲ। ਜੱਸੀ, ਮਲਕੀਤ ਸਿੰਘ, ਐਕਸੀਅਨ ਕਮਲ ਨੈਣ, ਪਰਮਜੀਤ ਮਹੇ, ਚਰਨਜੀਤ ਸਿੰਘ ਚੰਨੀ, ਸਮਰੱਥ ਸਿੰਘ, ਪ੍ਰਿੰਸੀਪਲ ਤੀਰਥ ਬਸਰਾ, ਪਿਆਰੇ ਲਾਲ ਚਾਹਲ, ਰਿਟਾ. ਡੀਐਸਪੀ ਦਲਜੀਤ ਸਿੰਘ, ਸੂਰਜ ਵਿਰਦੀ, ਰਜੇਸ਼ ਵਿਰਦੀ, ਰਕੇਸ਼ ਕੌਲ, ਬੀਸੀ ਗਿੱਲ, ਸੀਬੀ ਚੰਦਰ, ਚਰਨਜੀਤ ਸਿੰਘ ਮੱਟੂ, ਪਿਆਰਾ ਸਿੰਘ ਤੇਜੀ, ਕਮਲ ਕੁਮਾਰ, ਨਰਿੰਦਰ ਲੇਖ, ਧਨੀ ਰਾਮ ਸੂਦ, ਹਰਭਜਨ ਨਿਮਤਾ, ਪ੍ਰੋ। ਲਾਲ ਬਹਾਦਰ, ਪ੍ਰੋ। ਅਸ਼ਵਨੀ ਜੱਸਲ, ਅਸ਼ਵਨੀ ਵਾਲੀਆ, ਦਰਸ਼ਨ ਸਿੰਘ ਵਿਰਦੀ, ਐਸ ਆਰ ਬਾਘਾ, ਪ੍ਰੋ। ਅਰਿੰਦਰ ਸਿੰਘ, ਰਜਿੰਦਰ ਕੁਮਾਰ ਬੋਲੀਨਾ ਵਾਲੇ, ਜੇ ਕੇ ਬਾਲੀ, ਰਾਮ ਸਰੂਪ ਬਾਲੀ, ਰਾਮ ਲਾਲ ਦਾਸ, ਮਲਕੀਤ ਖਾਂਬੜਾ,ਚਮਨ ਸਾਂਪਲਾ, ਗੌਤਮ ਸਾਂਪਲਾ, ਅਮਰਜੀਤ ਸਾਂਪਲਾ, ਅਨਿਲ ਮਹੇ, ਸੰਤ ਰਾਮ, ਪ੍ਰਕਾਸ਼ ਸੁਮਨ, ਸਤਪਾਲ ਸੁਮਨ, ਚਰੰਜੀ ਲਾਲ ਕੰਗਣੀਵਾਲ, ਡਾ। ਵੀਨਾ ਪਾਲ, ਮੈਡਮ ਮੰਜੂ, ਰਾਜ ਰਾਣੀ, ਸੋਨੀਆ ਭਾਰਦਵਾਜ, ਨਿਆਸਾ, ਕਵਿਤਾ, ਸੁਰਿੰਦਰ ਕੌਰ, ਸੁਨੀਤਾ ਸੰਧੂ , ਗੁਰਦੇਵ ਕੌਰ ਆਦਿ ਸ਼ਾਮਲ ਸਨ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈੱਸ ਨੋਟ ਰਾਹੀਂ ਦਿੱਤੀ।




ਇਸ ਮੌਕੇ ਤੇ ਸ੍ਰੀ ਸੋਹਣ ਲਾਲ ਸਾਂਪਲਾ, ਪ੍ਰਧਾਨ, ਅੰਬੇਡਕਰ ਮਿਸ਼ਨ ਸੁਸਾਇਟੀ, ਯੂਰਪ ਵੱਲੋਂ ਸ੍ਰੀ ਲਾਹੌਰੀ ਰਾਮ ਬਾਲੀ ਜੀ ਦੁਆਰਾ ਅੰਗਰੇਜ਼ੀ ਵਿਚ ਲਿਖੀ ਗਈ ਪੁਸਤਕ ਡਾ. ਅੰਬੇਡਕਰ ਲਾਈਫ ਐਂਡ ਮਿਸ਼ਨ' ਦਾ ਜਰਮਨ ਭਾਸ਼ਾ ਵਿਚ ਅਨੁਵਾਦ ਕਰਵਾਈ ਗਈ ਪੁਸਤਕ ਵੀ ਰਿਲੀਜ਼ ਕੀਤੀ ਗਈ।




Professor Mark Juergensmeyer's most readable book

ਪਠਾਨਕੋਟ ਖਬਰਨਾਮਾ / - ਰਾਜਿੰਦਰ ਸਿੰਘ ਪਠਾਨਕੋਟ

# ਸਕੂਲੀ ਬੱਸਾਂ ਦੀ ਜਾਂਚ ਕਰ ਕੱਟੇ 29 ਸਕੂਲੀ ਵਾਹਨਾਂ ਦੇ ਚਲਾਨ

**ਪਠਾਨਕੋਟ–** ਬੀਤੇ ਦਿਨ ਹਰਿਆਣਾ ਦੇ ਮਹਿੰਦਰਗੜ੍ਹ ਚ ਸਕੂਲੀ ਬੱਸ ਪਲਟਣ ਦੀ ਮਦਭਾਗੀ ਘਟਨਾਂ ਤੋਂ ਬਾਅਦ ਪੰਜਾਬ ਅੰਦਰ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਸਿੱਖਿਆ ਵਿਭਾਗ, ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੁਲਿਸ ਵਿਭਾਗ ਅਤੇ ਜਿਲ੍ਹਾ ਟਰਾਂਸਪੋਰਟ ਵਿਭਾਗ ਵੱਲੋਂ ਸੰਯੁਕਤ ਤੋਰ ਤੇ ਵਿਸੇਸ ਅਭਿਆਨ ਚਲਾ ਕੇ ਸੁਕਰਵਾਰ ਨੂੰ ਜਿਲ੍ਹੇ ਦੇ ਵੱਖ ਵੱਖ ਸਕੂਲਾਂ ਦੇ ਬਾਹਰ ਬੱਸਾਂ ਦੀ ਚੈਕਿੰਗ ਕੀਤੀ ਗਈ ਅਤੇ ਕਰੀਬ 29 ਸਕੂਲੀ ਵਾਹਨਾਂ ਦੇ ਚਲਾਨ ਵੀ ਕੱਟੇ ਗਏ।

ਇਸ ਮੋਕੇ ਤੇ ਜਾਣਕਾਰੀ ਦਿੰਦਿਆਂ ਊਸਾ ਲਲੋਤਰਾ ਜਿਲ੍ਹਾ ਬਾਲ ਸੁਰੱਖਿਆ ਅਫਸਰ ਪਠਾਨੋਕਟ ਨੇ ਦੱਸਿਆ ਕਿ ਜਿਲ੍ਹਾ ਪਠਾਨਕੋਟ ਅੰਦਰ ਵੀ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ ਦੇ ਦਿਸਾ ਨਿਰਦੇਸਾਂ ਅਨੁਸਾਰ ਜਿਲ੍ਹੇ ਵਿੱਚ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖ ਕੇ ਵਿਸੇਸ ਅਭਿਆਨ ਚਲਾਇਆ ਗਿਆ। ਉਨ੍ਹਾਂ ਦੱਸਿਆ ਕਿ ਹਰਿਆਣਾ ਦੇ ਮਹਿੰਦਰਗੜ੍ਹ ਵਿਖੇ ਹੋਈ ਸਕੂਲੀ ਬੱਸ ਦੁਰਘਟਨਾਂ ਅੰਦਰ 6 ਬੱਚਿਆਂ ਦੀ ਮੋਤ ਹੋ ਗਈ ਸੀ ਜਿਸ ਦੇ ਚਲਦਿਆਂ ਅੱਜ ਪੂਰੇ ਪੰਜਾਬ ਅੰਦਰ ਵਿਸੇਸ ਅਭਿਆਨ ਚਲਾਇਆ ਗਿਆ ਅਤੇ ਵੱਖ ਵੱਖ ਸਕੂਲੀ ਬੱਸਾਂ ਦੀ ਚੈਕਿੰਗ ਕੀਤੀ ਗਈ । ਇਸ ਤੋਂ ਇਲਾਵਾ ਸਕੂਲੀ ਬੱਸਾਂ ਦੇ ਡਰਾਇਵਰਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਸੁਰੱਖਿਆ ਸਾਵਧਾਨੀਆਂ ਬਾਰੇ ਜਾਗਰੂਕ ਵੀ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਦਾ ਗਠਨ ਭਾਰਤ ਸਰਕਾਰ ਦੇ ਦਾ ਕਮਿਸ਼ਨ ਫਾਰ ਪ੍ਰੋਟੈਕਸ਼ਨ ਆਫ ਚਾਈਲਡ ਰਾਈਟਜ਼ ਐਕਟ–2005 ਦੀ ਧਾਰਾ 17 ਤਹਿਤ ਵਿਧਾਨਕ ਸੰਸਥਾ ਹੈ। ਕਮਿਸ਼ਨ ਪਾਸ ਜੁਵੇਨਾਇਲ ਜਸਟਿਸ (ਕੇਅਰ ਅਤੇ ਪ੍ਰੋਟੈਕਸ਼ਨ ਆਫ ਚਿਲਡਰਨ) ਐਕਟ, 2015, ਪ੍ਰੋਟੈਕਸ਼ਨ ਆਫ ਚਿਲਡਰਨ ਫਰੋਮ ਸੈਕਸ਼ੁਅਲ ਆਫੈਂਸ ਐਕਟ–2012 ਅਤੇ ਰਾਈਟ ਟੂ ਐਜੁਕੇਸ਼ਨ ਐਕਟ –2009 ਅਧੀਨ ਨਿਗਰਾਨੀ ਕਰਨ ਦਾ ਅਧਿਕਾਰ ਹੈ। ਐਕਟ ਦੀ ਧਾਰਾ 13 ਅਧੀਨ ਕਮਿਸ਼ਨ ਪਾਸ ਬਾਲ ਅਧਿਕਾਰਾਂ ਦੀ ਉਲੰਘਣਾਂ ਵਿਰੁੱਧ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੀ ਇੰਨਕੁਆਰੀ ਕਰਨ ਅਤੇ ਉਹਨਾਂ ਬਾਰੇ ਕਾਰਨ ਦੱਸੋ ਨੋਟਿਸ ਜਾਰੀ ਕਰਨ ਦਾ ਵੀ ਅਧਿਕਾਰ ਹੈ। ਕਮਿਸ਼ਨ ਪਾਸ ਇਸ ਐਕਟ ਦੀ ਧਾਰਾ 14 ਅਤੇ ਸਿਵਲ ਪ੍ਰੋਸ਼ੀਜ਼ਰ ਕੋਡ, 1908 ਤਹਿਤ ਕੇਸ ਦੀ ਸੁਣਵਾਈ ਲਈ ਸਿਵਲ ਕੋਰਟ ਦੀਆਂ ਸਕਤੀਆਂ ਹਨ।





ਉਨ੍ਹਾਂ ਦੱਸਿਆ ਕਿ ਮਿਤੀ 10।04।2024 ਨੂੰ ਹਰਿਆਣਾ ਵਿਖੇ ਸਕੂਲ ਬੱਸ ਦਾ ਹਾਦਸਾ ਗ੍ਰਸਤ ਹੋਣ ਕਾਰਨ 6 ਬੱਚਿਆਂ ਦੀ ਮੌਤ ਹੋਣ ਤੋਂ ਬਾਅਦ ਸਿਵਲ ਰਿੱਟ ਪਟੀਸ਼ਨ ਨੰ। 6907 ਆਫ 2009 ਅਤੇ ਸਿਵਲ ਰਿੱਟ ਪਟੀਸ਼ਨ ਨੰ। 21506 ਆਫ਼ 2022 ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਦਿੱਤੇ ਹੁਕਮਾਂ ਅਨੁਸਾਰ ਪੰਜਾਬ ਰਾਜ ਵਿੱਚ ਸਕੂਲ ਬੱਸਾਂ ਸੇਫ਼ ਸਕੂਲ ਵਾਹਨ ਸਕੀਮ ਦੀਆਂ ਸ਼ਰਤਾਂ ਪੂਰੀਆਂ ਕਰਦੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਇਹਨਾਂ ਸ਼ਰਤਾਂ ਪੂਰੀਆਂ ਕਰਦੇ ਵਾਹਨਾਂ ਨੂੰ ਹੀ ਬੱਚਿਆਂ ਲਈ ਵਰਤਣਾ ਸਕੂਲ ਪ੍ਰਿੰਸੀਪਲ ਦੀ ਜ਼ਿੰਮਵਾਰੀ ਹੈ।

ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਅਜਿਹੀ ਮੰਤਭਾਗੀ ਘਟਨਾ ਨਾ ਵਾਪਰੇ ਇਸ ਦੇ ਲਈ ਅੱਜ ਜਿਲ੍ਹਾ ਪਠਾਨਕੋਟ ਅੰਦਰ ਵੱਖ ਵੱਖ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਦੀਆਂ ਟੀਮਾਂ ਬਣਾ ਕੇ ਸਮੂਹ ਸਕੂਲਾਂ ਦੇ ਸਕੂਲੀ ਵਾਹਨਾਂ ਦੀ ਚੈਕਿੰਗ ਕੀਤੀ ਗਈ ਅਤੇ ਹਦਾਇਤ ਕੀਤੀ ਗਈ ਕਿ ਸੇਫ਼ ਸਕੂਲ ਵਾਹਨ ਸਕੀਮ ਤਹਿਤ 20 ਦਿਨਾਂ ਦੇ ਅੰਦਰ–2 ਜਾਂਚ ਕਰਵਾਉਣੀ ਯਕੀਨੀ ਬਣਾਈ ਜਾਵੇ, ਜੋ ਵਾਹਨ ਸੇਫ਼ ਸਕੂਲ ਵਾਹਨ ਸਕੀਮ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਉਹਨਾਂ ਵਾਹਨਾਂ ਨੂੰ ਜ਼ਬਤ ਕੀਤਾ ਜਾਵੇਗਾ। ਉਨ੍ਹਾਂ ਸਕੂਲ ਮੁੱਖੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਜੋ ਸਕੂਲੀ ਵਾਹਨਾਂ ਉਪਰੋਕਤ ਨਿਯਮਾਂ ਦੇ ਅਧਾਰ ਤੇ ਸਰਤਾਂ ਪੂਰੀਆਂ ਨਹੀਂ ਕਰਦੇ ਹਨ। ਉਹਨਾਂ ਵਾਹਨਾ ਨੂੰ ਸਕੂਲੀ ਬੱਚਿਆਂ ਨੂੰ ਆਉਂਣ ਜਾਣ ਦੇ ਲਈ ਨਾ ਵਰਤਿਆ ਜਾਵੈ। ਉਨ੍ਹਾਂ ਕਿਹਾ ਕਿ ਸਕੂਲੀ ਵਾਹਨਾਂ ਦੀ ਵਿਸੇਸ ਤੋਰ ਤੇ ਜਾਂਚ ਕੀਤੀ ਜਾਵੇਗੀ।

# ਡਾ. ਅੰਬੇਡਕਰ ਦੇ ਜਨਮ ਦਿਵਸ ਤੇ ਜਿਲ੍ਹਾ ਅਧਿਕਾਰੀਆਂ ਨੇ ਸਰਧਾ ਦੇ ਫੁੱਲ ਭੇਂਟ ਕਰ ਬਾਬਾ ਸਾਹਿਬ ਨੂੰ ਕੀਤਾ ਨਮਨ



**ਪਠਾਨਕੋਟ–** ਅੱਜ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ ਦੇ ਦਿਸਾ ਨਿਰਦੇਸਾਂ ਅਨੁਸਾਰ ਪਠਾਨਕੋਟ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਵਸ ਮਨਾਇਆ ਗਿਆ। ਇਸ ਮੋਕੇ ਤੇ ਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਮੇਜਰ ਡਾ. ਸੁਮਿਤ ਮੁਧ ਐਸ.ਡੀ.ਐਮ. ਪਠਾਨਕੋਟ, ਸ੍ਰੀ ਕਾਲਾ ਰਾਮ ਕਾਂਸਲ ਐਸ.ਡੀ.ਐਮ. ਧਾਰ ਕਲ੍ਹਾਂ ਵਿਸੇਸ ਤੋਰ ਤੇ ਹਾਜ਼ਰ ਹੋਏ ਅਤੇ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਸਥਿਤ ਬਾਬਾ ਸਾਹਿਬ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਤੇ ਸਰਧਾ ਦੇ ਫੁੱਲ ਭੇਂਟ ਕਰਕੇ ਨਮਨ ਕੀਤਾ। ਇਸ ਮੋਕੇ ਤੇ ਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ ਪਠਾਨਕੋਟ ਨੇ ਕਿਹਾ ਕਿ ਅੱਜ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਵਸ ਪੂਰੇ ਭਾਰਤ ਅੰਦਰ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਡਕਰ



ਜੀ ਇੱਕ ਸਧਾਰਨ ਪਰਿਵਾਰ ਤੋਂ ਸਨ ਅਤੇ ਉਨ੍ਹਾਂ ਉੱਚ ਸਿੱਖਿਆ ਪ੍ਰਾਪਤ ਕਰਕੇ ਕਾਨੂੰਨ ਵਿਵਸਥਾ ਦੇ ਲਈ ਸਵਿਧਾਨ ਦਾ ਨਿਰਮਾਣ ਕੀਤਾ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਦਾ ਬਹੁਤ ਵੱਡਾ ਯੋਗਦਾਨ ਹੈ ਜਿਸ ਦਾ ਕਰਜ ਅਸੀਂ ਕਦੇ ਨਹੀਂ ਉਤਾਰ ਸਕਦੇ ਉਨ੍ਹਾਂ ਦੇ ਜਨਮਦਿਨ ਤੇ ਉਨ੍ਹਾਂ ਨੂੰ ਸਰਧਾ ਦੇ ਫੁੱਲ ਭੇਂਟ ਕਰਕੇ ਨਮਨ ਕਰਦੇ ਹਾਂ।




ਭਾਰਤ ਦੇ ਦੱਬੇ ਕੁੱਚਲੇ ਲੋਕਾਂ ਨੂੰ ਆਰਥਿਕ, ਸਮਾਜਿਕ, ਰਾਜਨੀਤਕ ਤੇ ਧਾਰਮਿਕ ਆਜਾਦੀ ਅਤੇ ਜੀਵਨ ਜਾਚ ਦਾ ਪਾਠ ਪੜ੍ਹਾਉਣ ਵਾਲੇ, ਧਰਮ ਦੇ ਨਾਮ ਤੇ ਹੁੰਦੀ ਲੁੱਟ ਖਸੁੱਟ ਅਤੇ ਪਖੰਡਵਾਦ ’ਚੋਂ ਕੱਢ ਕੇ ਇਕ ਨਵੀਂ ਸਵੇਰ ਨੂੰ ਜਨਮ ਦੇਣ ਵਾਲੇ ਰਾਸ਼ਟਰ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ ਦੀ ਸਮੂਹ ਲੁਕਾਈ ਨੂੰ ਬਹੁਤ ਬਹੁਤ ਵਧਾਈ।

ਬਾਬਾ ਸਾਹਿਬ ਦਾ ਜਨਮ ਦਿਵਸ ਮਿਤੀ ਅਪ੍ਰੈਲ 21, 2024 (ਦਿਨ ਐਤਵਾਰ) ਨੂੰ ਗੁਰੂ ਰਵਿਦਾਸ ਗੁਰੂ ਘਰ ਫਰਿਜਨੋ ਵਿਖੇ ਮਨਾਇਆ ਜਾਵੇਗਾ। ਸਮੂਹ ਸੰਗਤ ਨੂੰ ਗੁਰੂ ਘਰ ਸ਼ਾਮਿਲ ਹੋਣ ਲਈ ਸਨਿਮਰ ਬੇਨਤੀ ਹੈ ਜੀਓ।

**ਸ਼੍ਰੀ ਗੁਰੂ ਰਵਿਦਾਸ ਸਭਾ**
**5025 ਐਂਸ। ਚੈਰੀ ਐਵੇਨਿਊ ਫਰਿਜ਼ਨੋ ਸੀਏ 93706**
**(559) 486 3091**

# ਰੈਡ ਕਰਾਸ ਤੇ ਮੁੜ ਵਸੇਬਾ ਕੇਂਦਰ ਨਵਾਂਸ਼ਹਿਰ ਵਿਖੇ ਡਾਕਟਰ ਅੰਬੇਡਕਰ ਜੀ ਦੇ ਜਨਮ ਦਿਨ ਤੇ ਸੈਮੀਨਾਰ ਕਰਵਾਇਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਡਾਕਟਰ ਭੀਮ ਰਾਓ ਅੰ–ਬੇਡਕਰ ਜੀ ਦੇ ਜਨਮ ਦਿਨ 'ਤੇ ਸੈਮੀਨਾਰ ਅੰਬੇਡਕਰ ਰੈਡ ਕਰਾਸ ਨਸ਼ਾ ਛੁਡ–ਾਊ ਤੇ ਮੁੜ ਵਸੇਬਾ ਕੇਂਦਰ ਨਵਾਂਸ਼ਹਿਰ ਵਿਖੇ ਕਰਵਾਇਆ ਗਿਆ। ਸਰਦਾਰ ਚਮਨ ਸਿੰਘ (ਪ੍ਰਾਜੈਕਟ ਡਾਇਰੈਕਟਰ) ਨੇ ਸਮਾਗਮ ਦੀ ਪ੍ਰਧਾਨਗੀ ਕੀਤੀ।




ਉਨ੍ਹਾਂ ਕਿਹਾ ਕਿ ਅੰਬੇਡਕਰ ਜੈਅੰਤੀ 14 ਅਪ੍ਰੈਲ ਨੂੰ ਭਾਰਤੀ ਸੰਵਿਧਾਨ ਦੇ ਪਿਤਾਮਾ ਡਾ: ਭੀਮ ਰਾਓ ਅੰਬੇਡਕਰ ਦੀ ਜਯੰਤੀ ਨੂੰ ਮਨਾਉਣ ਲਈ ਮਨਾਈ ਜਾਂਦੀ ਹੈ। ਬਾਬਾ ਸਾਹਿਬ ਦੇ ਜੀਵਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕਰਦੇ ਹੋਏ ਉਨ੍ਹਾਂ ਕਿਹਾ ਕਿ ਅੰਬੇਡਕਰ ਦਾ ਜਨਮ ਇੱਕ ਮਹਾਰ (ਦਲਿਤ) ਜਾਤੀ ਵਿੱਚ ਹੋਇਆ ਸੀ। ਜਿਨ੍ਹਾਂ ਨੂੰ ਅਛੂਤ ਸਮਝਿਆ ਜਾਂਦਾ ਸੀ ਅਤੇ ਉਹਨਾਂ ਦੇ ਵਰਗ ਨਾਲ ਸਮਾਜਿਕ–ਆਰਥਿਕ ਵਿਤਕਰਾ ਕੀਤਾ ਜਾਂਦਾ ਸੀ। ਉਸ ਨੂੰ ਅਤੇ ਹੋਰ ਦਲਿਤ ਬੱਚਿਆਂ ਨੂੰ ਪਾਣੀ ਜਾਂ ਰੋਟੀ ਵਾਲੇ ਡੱਬੇ ਨੂੰ ਛੂਹਣ ਦੀ ਇਜਾਜ਼ਤ ਤੱਕ ਨਹੀਂ ਸੀ ਅਤੇ ਉੱਚ ਜਾਤੀ ਦਾ ਕੋਈ ਵਿਅਕਤੀ ਉਨ੍ਹਾਂ ਲਈ ਪਾਣੀ ਪਾਉਂਦਾ ਤਦ ਉਹ ਪਾਣੀ ਪੀ ਸਕਦੇ ਸੀ। ਉਹਨਾ ਨੇ ਬੰਬੇ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ ਅਤੇ ਰਾਜਨੀਤੀ ਸ਼ਾਸਤਰ ਵਿੱਚ ਗ੍ਰੈਜੂਏਸ਼ਨ ਕੀਤੀ। ਉਹਨਾ ਬੜੌਦਾ ਰਾਜ ਸਰਕਾਰ ਵਿੱਚ ਆਪਣੀ ਪਹਿਲੀ ਨੌਕਰੀ ਪ੍ਰਾਪਤ ਕੀਤੀ ਅਤੇ 22 ਸਾਲ ਦੀ ਉਮਰ ਵਿੱਚ ਕੋਲੰਬੀਆ ਯੂਨੀਵਰਸਿਟੀ ਵਿੱਚ ਇੱਕ ਸਕਾਲਰਸ਼ਿਪ ਜਿੱਤੀ। ਬਾਬਾ ਸਾਹਿਬ, ਜਿਸਦਾ ਅਰਥ ਹੈ "ਸਤਿਕਾਰਯੋਗ ਪਿਤਾ" ਜਿਵੇਂ ਕਿ ਉਹਨਾਂ ਦੇ ਪੈਰੋਕਾਰਾਂ ਦੁਆਰਾ ਉਹਨਾਂ ਦਾ ਹਵਾਲਾ ਦਿੱਤਾ ਜਾਂਦਾ ਸੀ। ਇੱਕ ਮਾਸਟਰ ਡਿਗਰੀ ਪ੍ਰਾਪਤ ਕੀਤੀ ਅਤੇ ਆਪਣੀ ਪੀ ਐਚ।ਡੀ। ਕੋਲੰਬੀਆ ਯੂ–ਨੀਵਰਸਿਟੀ ਵਿੱਚ। ਬਾਅਦ ਵਿੱਚ ਉਹ ਲੰਡਨ ਸਕੂਲ ਆਫ਼ ਇਕਨਾਮਿਕਸ ਗਏ ਅਤੇ ਉੱਥੇ ਇਤਿਹਾਸ, ਅਰਥ ਸ਼ਾਸਤਰ ਅਤੇ ਰਾਜਨੀਤੀ ਸ਼ਾਸਤਰ ਦਾ ਅਧਿਐਨ ਕੀਤਾ ਅਤੇ ਭਾਰਤ ਵਿੱਚ ਜਾਤ ਪ੍ਰਣਾਲੀ ਸਮੇਤ ਕਈ ਵਿਸ਼ਿਆਂ 'ਤੇ ਵੀ ਲਿਖਿਆ। ਡਾਕਟਰ ਭੀਮ ਰਾਓ ਅੰਬੇਡਕਰ ਨੂੰ ਭਾਰਤੀ ਸੰਵਿਧਾਨ ਦੇ ਨਿ–ਰਮਾਤਾ ਵਜੋਂ ਯਾਦ ਕੀਤਾ ਜਾਂਦਾ ਹੈ। ਉਹਨਾ ਨੇ ਸੰਵਿਧਾਨ ਸਭਾ ਦੀ ਡਰਾਫਟ ਕਮੇਟੀ ਦੀ ਪ੍ਰਧਾਨਗੀ ਕੀਤੀ ਅਤੇ ਡਾਕਟਰ ਅੰਬੇਡਕਰ ਜੀ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਸਨ। ਉਨ੍ਹਾਂ ਨੂੰ ਮਰਨ ਉਪਰੰਤ ਭਾਰਤ ਦੇ ਸਰਵਉੱਚ ਨਾਗਰਿਕ ਪੁਰਸਕਾਰ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਪਲਵਿੰਦਰ ਸਿੰਘ ਪ੍ਰਧਾਨ ਕਾਨੂੰਗੋ ਯੂਨੀਅਨ ਨਵਾਂਸ਼ਹਿਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਡਾਕਟਰ ਅੰਬੇਡਕਰ ਜੀ ਨੇ ਆਪਣਾ ਸਮੁੱਚਾ ਜੀਵਨ ਗਰੀਬ ਤੇ ਪਛੜੇ ਲੋਕਾਂ ਦੀ ਭਲਾਈ ਲਈ ਸਮਰਪਿਤ ਕਰ ਦਿੱਤਾ। ਭਾਰਤੀ ਸੰਵਿਧਾਨ ਧਰਮ ਦੀ ਆਜ਼ਾਦੀ, ਛੂਤ–ਛਾਤ ਦੇ ਖਾਤਮੇ, ਅਤੇ ਵਿਤਕਰੇ ਦੇ ਸਾਰੇ ਰੂਪਾਂ ਨੂੰ ਗੈਰ–ਕਾਨੂੰਨੀ ਬਣਾਉਣ ਸਮੇਤ ਵਿਅਕਤੀਗਤ ਨਾਗਰਿਕਾਂ ਲਈ ਨਾਗਰਿਕ ਸੁਤੰਤਰਤਾਵਾਂ ਦੀ ਵਿਸ਼ਾਲ ਸ਼੍ਰੇਣੀ ਲਈ ਗਾਰੰਟੀ ਅਤੇ ਸੁਰੱਖਿਆ ਪ੍ਰਦਾਨ ਕਰਦਾ ਹੈ। ਉਹ ਉਨ੍ਹਾਂ ਮੰਤਰੀਆਂ ਵਿੱਚੋਂ ਇੱਕ ਸੀ, ਜਿਨ੍ਹਾਂ ਨੇ ਔਰਤਾਂ ਲਈ ਵਿਆਪਕ ਆਰਥਿਕ ਅਤੇ ਸਮਾਜਿਕ ਅਧਿਕਾਰਾਂ ਲਈ ਦਲੀਲ ਦਿੱਤੀ, ਅਤੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਦੇ ਮੈਂਬਰਾਂ ਲਈ ਸਿਵਲ ਸੇਵਾਵਾਂ, ਸਕੂਲਾਂ ਅਤੇ ਕਾਲਜਾਂ ਵਿੱਚ ਨੌਕਰੀਆਂ ਦੇ ਰਾਖਵੇਂਕਰਨ ਦੀ ਪ੍ਰਣਾਲੀ ਨੂੰ ਸ਼ੁਰੂ ਕਰਨ ਲਈ ਅਸੈਂਬਲੀ ਦਾ ਸਮਰਥਨ ਪ੍ਰਾਪਤ ਕੀਤਾ।

ਭਾਰਤ ਦੇ ਸੰਸਦ ਮੈਂਬਰਾਂ ਨੇ ਇਨ੍ਹਾਂ ਉਪਾਵਾਂ ਰਾਹੀਂ ਭਾਰਤ ਦੇ ਨਿਰਾਸ਼ ਵਰਗਾਂ ਲਈ ਸਮਾਜਿਕ–ਆਰਥਿਕ ਅਸਮਾਨਤਾਵਾਂ ਅਤੇ ਮੌਕਿਆਂ ਦੀ ਘਾਟ ਨੂੰ ਖਤਮ ਕਰਨ ਦੀ ਉਮੀਦ ਕੀਤੀ। ਹਰੀਕਿਸ਼ਨ ਪਟਵਾਰੀ ਨੇ ਬਾਬਾ ਸਾਹਿਬ ਦੇ ਜੀਵਨ 'ਤੇ ਚਾਨਣਾ ਪਾਇਆ ਅਤੇ ਮਿਸ਼ਨਰੀ ਗੀਤਾਂ ਨਾਲ ਸਰੋਤਿਆਂ ਨੂੰ ਮੰਤਰਮੁਗਧ ਕੀਤਾ। ਸੁਭਾਸ਼ ਅਰੋੜਾ ਜੀ ਨੇ ਵੀ ਸਮਾਜਿਕ ਮੋਰਚੇ 'ਤੇ ਆਪਣੀਆਂ ਕਵਿਤਾਵਾਂ ਨਾਲ ਸਰੋਤਿਆਂ ਨੂੰ ਕੀਲਿਆ। ਇਸ ਮੌਕੇ ਹਰਸ਼ ਸਾਹਨੀ, ਸਟਾਫ਼ ਮੈਂਬਰ ਕਮਲਜੀਤ ਕੌਰ, ਹਰਪ੍ਰੀਤ ਕੌਰ, ਮਨਜੀਤ ਸਿੰਘ, ਜਸਵਿੰਦਰ ਕੌਰ, ਕਮਲਾ ਰਾਣੀ, ਜਸਵਿੰਦਰ ਕੌਰ ਅਤੇ ਮਰੀਜ਼ ਹਾਜ਼ਰ ਸਨ।

# ਲੋਕ ਸਭਾ ਉਮੀਦਵਾਰ ਮਾਲਵਿੰਦਰ ਸਿੰਘ ਕੰਗ ਨਾਲ ਵਰਕਰ ਮਿਲਣੀ ਕੀਤੀ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)-** ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੇ ਦਿਸ਼ਾ-ਨਿਰਦੇਸ਼ ਅਨੁਸਾਰ 2024 ਦੇ ਲੋਕ ਸਭਾ ਚੋਣਾਂ ਨੂੰ ਵੇਖਦੇ ਹੋਏ ਬੀਬ ਸੰਤੋਸ਼ ਕਟਾਰੀਆ ਵਿਧਾਇਕ ਹਲਕਾ ਬਲਾਚੌਰ ਦੀ ਯੋਗ ਅਗਵਾਈ ਹੇਠ ਆਮ ਆਦਮੀ ਪਾਰਟੀ ਦੇ ਹਲਕਾ ਸ਼੍ਰੀ ਆਨੰਦਪੁਰ ਸਾਹਿਬ ਤੋਂ ਐਲਾਨੇ ਗਏ ਉਮੀਦਵਾਰ ਮਾਲਵਿੰਦਰ ਸਿੰਘ ਕੰਗ ਵਲੋਂ ਬਲਾਚੌਰ ਵਿਖੇ ਸਮੂਹ ਵਾਲੰਟੀਅਰਾਂ ਅਤੇ ਵਰਕਰਾਂ ਨਾਲ ਮਿਲਣੀ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਨ ਤੋਂ ਪਹਿਲਾਂ ਉਹਨਾਂ ਵਲੋਂ ਬਾਬਾ ਬਲਰਾਜ ਮੰਦਰ ਬਲਾਚੌਰ ਵਿਖੇ ਮੱਥਾ ਟੇਕਿਆ ਤੇ ਆਸ਼ੀਰਵਾਦ ਲਿਆ। ਜਿਥੇ ਕਿ ਪ੍ਰਬੰਧਕ ਕਮੇਟੀ ਵਲੋਂ ਉਹਨਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਮਾਲਵਿੰਦਰ ਸਿੰਘ ਕੰਗ ਨੇ ਸੰਬੋਧਨ ਕਰਦਿਆ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਸਿਹਤ ਸਹੂਲਤਾਂ, ਸਿੱਖਿਆ ਦੇ ਖੇਤਰ ਵਿਚ ਅਤੇ ਰੁਜਗਾਰ ਦੇ ਖੇਤਰ ਵਿੱਚ, ਬਿਜਲੀ ਉਤਪਾਦਨ ਅਤੇ ਸਿੰਚਾਈ ਲਈ ਨਹਿਰੀ ਪਾਣੀ ਦੇ ਲਈ ਪੰਜਾਬ ਵੱਡੀਆਂ ਪੁਲਾਘਾਂ ਪੁੱਟ ਰਿਹਾ ਹੈ। ਪੰਜਾਬ ਦੀ ਸਮੂਹ ਜਨਤਾ ਦੇ 90 ਫੀਸਦੀ ਤੋਂ ਵੱਧ ਲੋਕਾਂ ਦੇ ਬਿਜਲੀ ਦੇ ਬਿੱਲ ਜੀਰੋ ਆਏ ਹਨ। ਜਿਸ ਕਾਰਨ ਦੂਜੀਆਂ ਰਵਾਇਤੀ ਪਾਰਟੀਆਂ ਦੇ ਆਗੂ ਆਮ ਆਦਮੀ ਪਾਰਟੀ ਦੀਆਂ ਇਹਨਾਂ ਲੋਕ ਪੱਖੀ ਯੋਜਨਾਵਾਂ ਤੋਂ ਖੁਸ਼ ਨਹੀਂ ਹਨ, ਕਿਉਂਕਿ ਇਹਨਾਂ 75 ਸਾਲ ਤੋਂ ਰਵਾਇਤੀ ਪਾਰਟੀਆਂ ਦੇ ਮੁਖੀਆਂ ਨੇ ਪਰਿਵਾਰਵਾਦ ਨੂੰ ਹੀ ਤਰਜੀਹ ਦਿੱਤੀ ਹੈ ਅਤੇ ਲੋਕਾਂ ਨਾਲ ਇਹਨਾਂ ਵਲੋਂ ਹਮੇਸ਼ਾਂ ਧੋਖਾ ਹੀ ਕੀਤਾ ਗਿਆ ਹੈ। ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ



ਆਮ ਆਦਮੀ ਪਾਰਟੀ ਦੇ ਕਾਰਜਕਾਲ ਵਿਚ ਹੀ ਸੂਬੇ ਵਿੱਚੋਂ ਗੁੰਡਾਗਰਦੀ ਨੂੰ ਠੱਲ੍ਹ ਪਾਉਣ ਦੇ ਲਈ ਕਈ ਵੱਡੇ ਵੱਡੇ ਗੈਂਗਸਟਰਾਂ ਨੂੰ ਕਾਬੂ ਕੀਤਾ ਹੈ ਅਤੇ ਪੰਜਾਬ ਦੀ ਅਮਨ ਸ਼ਾਂਤੀ ਨੂੰ ਲਾਂਬਾ ਲਾਉਣ ਵਾਲਿਆਂ ਤੇ ਸ਼ਿਕੰਜਾ ਕੱਸਿਆ ਹੈ।

ਉਹਨਾਂ ਆਖਿਆ ਕਿ ਅੱਜ ਦੀ ਇਹ ਵਲੰਟੀਅਰ ਮਿਲਣੀ ਇਕ ਰੈਲੀ ਦਾ ਰੂਪ ਧਾਰ ਗਈ ਹੈ। ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਆਮ ਆਦਮੀ ਪਾਰਟੀ ਦੇ ਸਾਰੇ ਵਲੰਟੀਅਰ ਇਕਜੁੱਟ ਹਨ। ਅਤੇ ਮੈਨੂੰ ਪੂਰਨ ਆਸ ਹੈ ਕਿ ਹਲਕਾ ਸ਼੍ਰੀ ਆਨੰਦਪੁਰ ਸਾਹਿਬ ਤੋਂ ਮੈਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਦੀਆਂ ਬਾਹਾਂ ਨੂੰ ਮਜਬੂਤ ਕਰੋਗੇ। ਇਸ ਮੌਕੇ ਬੀਬੀ ਸੰਤੋਸ਼ ਕਟਾਰੀਆ ਨੇ ਆਪਣੇ ਸੰਬੋਧਨ ਵਿੱਚ ਆਖਿਆ ਕਿ ਹਲਕੇ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਅੱਜ ਵਰਕਰ ਮਿਲਣੀ ਵਿੱਚ ਸ਼ਾਮਲ ਹੋ ਕੇ ਜੋ ਮਾਲਵਿੰਦਰ ਸਿੰਘ ਕੰਗ ਨੂੰ ਆਸ਼ੀਰਵਾਦ ਦਿੱਤਾ ਹੈ ਅਤੇ ਉਹ ਵੀ ਪੂਰਾ ਭਰੋਸਾ ਦਿੰਦੇ ਹਨ ਕਿ ਉਹਨਾਂ ਨੂੰ ਵੱਡੇ ਬਹੁਮਤ ਨਾਲ ਜਿਤਾ ਕੇ ਪਾਰਲੀਮੈਂਟ ਵਿਚ ਭੇਜਿਆ ਜਾਵੇਗਾ। ਉਹਨਾਂ ਮੀਟਿੰਗ ਵਿਚ ਆਏ ਵਰਕਰਾਂ ਦੇ ਸਮੂਹਿਕ ਇਕੱਠ ਦਾ ਧੰਨਵਾਦ ਕੀਤਾ। ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਅਸ਼ੋਕ ਕਟਾਰੀਆ, ਜਿਲਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ, ਮਨਜੀਤ ਸਿੰਘ ਘੁੰਮਣ ਪ੍ਰਧਾਨ ਐਕਸ ਸਰਵਿਸ-ਮੈਨ ਵਿੰਗ ਪੰਜਾਬ, ਬਲਜੀਤ ਸਿੰਘ ਭਾਰਾਪੁਰ, ਯੂਥ ਆਗੂ ਕਰਨਵੀਰ ਕਟਾਰੀਆ, ਸ਼ਿਵਕਰਨ ਚੇਚੀ ਪ੍ਰਧਾਨ ਬੀ ਸੀ ਵਿੰਗ ਪੰਜਾਬ, ਰਣਵੀਰ ਸਿੰਘ ਧਾਲੀਵਾਲ ਬਲਾਕ ਪ੍ਰਧਾਨ, ਸੇਠੀ ਉਧਨਵਾਲ ਜਿਲਾ ਪ੍ਰਧਾਨ ਬੀ ਸੀ ਵਿੰਗ, ਰਣਵੀਰ ਚੇਚੀ, ਪ੍ਰਵੀਨ ਪੁਰੀ ਬਲਾਕ ਪ੍ਰਧਾਨ, ਸੁਦੇਸ਼ ਕੁਮਾਰ ਕਟਾਰੀਆ, ਹਨੀ ਡਬ, ਚੰਦਰ ਮੋਹਨ ਜੇ ਡੀ, ਮੁਹੰਮਦ ਸਰਫਰਾਜ, ਮਨਜੀਤ ਬੇਦੀ, ਗੁਰਚੈਨ ਰਾਮ ਬਲਾਕ ਪ੍ਰਧਾਨ ਸੜੋਆ, ਸਤਨਾਮ ਸਹੂੰਗੜਾ ਬਲਾਕ ਪ੍ਰਧਾਨ ਸੜੋਆ, ਪਰਮਜੀਤ ਸਿੰਘ ਹਲਕਾ ਕੋਆਰਡੀਨੇਟਰ, ਜਸਵਿੰਦਰ ਬੱਛੂਆਂ, ਬਲਵੀਰ ਮਾਜਰਾ ਜੱਟਾਂ, ਜਸਵੀਰ ਘੁੰਮਣ, ਬਲਵੀਰ ਮੀਲੂ, ਜੈਮਲ ਜੌਹਰ, ਸੁਰਿੰਦਰ ਭੱਟੀ, ਬਲਦੇਵ ਰਾਜ, ਨਰੇਸ਼ ਕੁਮਾਰ ਨੀਟਾ, ਪਵਨ ਕੁਮਾਰ ਰੀਠੂ, ਕਰਮਪਾਲ ਕਰਾਵਰ, ਜੌਨੀ ਬੈਂਸ, ਹਨੀ ਜੋਗੇਵਾਲ, ਨਰੇਸ਼ ਪੰਡਿਤ, ਪ੍ਰਵੀਨ ਵਸ਼ਿਸ਼ਟ, ਪੰਮੀ ਥੋਪੀਆ, ਰਵੀ ਇੰਦਰ ਭਾਟੀਆ ਅਤੇ ਕੇਸ਼ਵ ਮੀਲੂ ਸਮੇਤ ਸਮੂਹ ਵਲੰਟੀਅਰਜ਼ ਆਦਿ ਹਾਜ਼ਰ ਸਨ।

# ਸ. ਚਰਨਜੀਤ ਸਿੰਘ ਚੰਨੀ ਜੀ ਨੂੰ ਉਮੀਦਵਾਰ ਬਣਾਏ ਜਾਣ ਤੇ ਕਾਂਗਰਸ ਹਾਈਕਮਾਂਡ ਦਾ ਧੰਨਵਾਦ



**ਜਲੰਧਰ (ਜੱਸੀ)-** ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ ਤੇ ਸ. ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਪੰਜਾਬ ਨੂੰ ਜਲੰਧਰ ਲੋਕ ਸਭਾ ਤੋਂ ਕਾਂਗਰਸ ਪਾਰਟੀ ਨੇ ਆਪਣਾ ਉਮੀਦਵਾਰ ਐਲਾਨ ਕਰਕੇ ਇਤਿਹਾਸਕ ਕੰਮ ਕੀਤਾ। ਸ। ਚੰਨੀ ਨੂੰ ਜਲੰਧਰ ਲੋਕ ਸਭਾ ਤੋਂ ਉਮੀਦਵਾਰ ਬਣਾਏ ਜਾਣ ਦੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਦੇ ਕਾਂਗਰਸ ਸੀਨੀਅਰ ਆਗੂ ਅੰਮ੍ਰਿਤਪਾਲ ਭੌਂਸਲੇ ਫਿਲੌਰ ਕਿਹਾ ਕਿ ਸ. ਚਰਨਜੀਤ ਸਿੰਘ ਚੰਨੀ ਗ਼ਰੀਬਾਂ, ਮਜ਼ਦੂਰਾਂ, ਕਿਸਾਨਾਂ, ਦੁਕਾਨਦਾਰਾਂ ਅਤੇ ਵਪਾਰੀਆਂ ਦੇ ਹਿਤੈਸ਼ੀ ਤੇ ਹਰਮਨ ਪਿਆਰੇ ਨੇਤਾ ਹਨ, ਉਨ੍ਹਾਂ ਸਦਾ ਪੰਜਾਬ,ਪੰਜਾਬੀਅਤ ਅਤੇ ਪੰਜਾਬ ਦੇ ਪਾਣੀਆਂ ਅਤੇ ਪੰਜਾਬ ਦੀ ਜਵਾਨੀ-ਕਿਸਾਨੀ ਬਚਾਉਣ ਲਈ ਲੜਾਈ ਲੜੀ ਹੈ। ਉਨ੍ਹਾਂ ਅੱਗੇ ਕਿਹਾ ਕਿ ਸ। ਚੰਨੀ ਜਲੰਧਰ ਲੋਕ ਸਭਾ ਤੋਂ ਲੋਕਾਂ ਦੀ ਆਵਾਜ਼ ਤੇ ਉਮੀਦਵਾਰ ਬਣਾਏ ਗਏ ਹਨ, ਜੋ ਹਰ ਵਰਗ ਅਤੇ ਹਰ ਧਰਮ ਦੇ ਲੋਕਾਂ ਦੇ ਸਰਬ ਸਾਂਝੇ ਉਮੀਦਵਾਰ ਹਨ, ਉਹ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਕੇ ਲੋਕ ਸਭਾ ਵਿੱਚ ਪੰਜਾਬ ਦੇ ਲੋਕਾਂ ਦੀ ਆਵਾਜ਼ ਬੁਲੰਦ ਕਰਨਗੇ। ਸ੍ਰੀ ਭੌਂਸਲੇ ਨੇ ਸ. ਚੰਨੀ ਨੂੰ ਉਮੀਦਵਾਰ ਬਣਾਏ ਜਾਣ ਤੇ ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਮਲਿਕਾਅਰੁਜਨ ਖੜਗੇ ਜੀ, ਸ੍ਰੀ ਰਾਹੁਲ ਗਾਂਧੀ ਜੀ, ਸ੍ਰੀਮਤੀ ਸੋਨੀਆ ਗਾਂਧੀ ਜੀ, ਸ੍ਰੀ ਕੇ। ਸੀ। ਵੇਨੂਗੋਪਾਲ ਜੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਲੰਧਰ ਦੇ ਲੋਕ ਵੱਡੀ ਲੀਡ ਨਾਲ ਜਿੱਤ ਦਰਜ ਕਰਕੇ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਲਈ ਕਾਂਗਰਸ ਦੇ ਉਪਰਾਲੇ ਦਾ ਸਹਿਯੋਗ ਕਰਨਗੇ। ਉਨ੍ਹਾਂ ਅੱਗੇ ਕਿਹਾ ਕਿ ਸਾਨੂੰ ਦੇਸ਼ ਦਾ ਸੰਵਿਧਾਨ ਤੇ ਲੋਕਤੰਤਰ ਨੂੰ ਲਾਮਬੰਦ ਹੋ ਕੇ ਕਾਂਗਰਸ ਦੇ ਉਮੀਦਵਾਰਾਂ ਦਾ ਸਮਰਥਨ ਕਰਨਾ ਚਾਹੀਦਾ ਹੈ।

# ਖ਼ਾਲਸਾ ਕਾਲਜ ਦੇ ਐਜੂਕੇਸ਼ਨ ਵਿਭਾਗ ਦੇ ਨਤੀਜੇ ਸ਼ਾਨਦਾਰ ਰਹੇ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਐਜੂਕੇਸ਼ਨ ਵਿਭਾਗ ਦੇ ਚਾਰ ਸਾਲਾ ਇੰਟਗ੍ਰੇਟਿਡ ਕੋਰਸ ਬੀ.ਏ. ਬੀ.ਐਡ. ਅਤੇ ਬੀ.ਐਸ. ਬੀ.ਐਡ. ਦੇ ਨਤੀਜੇ ਬੇਹੱਦ ਸ਼ਾਨਦਾਰ ਰਹੇ ਹਨ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਲਖਵਿੰਦਰਜੀਤ ਕੌਰ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਵਲੋਂ ਐਲਾਨੇ ਗਏ ਬੀ.ਏ. ਬੀ.ਐਡ. ਤੀਜੇ ਸਮੈਸਟਰ ਦੇ ਨਤੀਜੇ ਵਿਚ ਵਿਦਿਆਰਥਣ ਚਾਹਤ ਭਾਟੀਆ ਨੇ 84.87 ਫੀਸਦੀ ਅੰਕ ਲੈ ਕੇ ਪਹਿਲਾ ਸਥਾਨ, ਪ੍ਰੀਆ ਨੇ 84.5 ਫੀਸਦੀ ਅੰਕ ਲੈ ਕੇ ਦੂਜਾ ਸਥਾਨ ਤੇ ਕਾਮਨਾ ਦੇਵੀ ਨੇ 83.12 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਹਾਸਿਲ ਕੀਤਾ ਹੈ। ਇਸੇ ਤਰ੍ਹਾਂ ਬੀ.ਏ. ਬੀ.ਐਡ. ਪੰਜਵੇਂ ਸਮੈਸਟਰ ਦੇ ਨਤੀਜੇ ਵਿਚ ਵਿਦਿਆਰਥਣ ਦੀਵਿਆ ਰਾਣਾ ਨੇ 82.12 ਫੀਸਦੀ ਅੰਕ ਲੈ ਕੇ ਪਹਿਲਾ ਸਥਾਨ, ਨਵਦੀਪ ਕੌਰ ਨੇ 80.37



ਫੀਸਦੀ ਅੰਕ ਲੈ ਕੇ ਦੂਜਾ ਸਥਾਨ ਤੇ ਤਰਨਜੀਤ ਕੌਰ ਨੇ 79.5 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਹਾਸਿਲ ਕੀਤਾ ਹੈ। ਇਸੇ ਤਰ੍ਹਾਂ ਬੀ.ਐਸਸੀ. ਬੀ.ਐਡ. (ਮੈਡੀਕਲ-ਨਾਨ ਮੈਡੀਕਲ) ਪੰਜਵੇਂ ਸਮੈਸਟਰ ਦੇ ਨਤੀਜੇ ਵਿਚ ਵਿਦਿਆਰਥਣ ਰਮਨਦੀਪ (ਨਾਨ-ਮੈਡੀਕਲ) ਨੇ 86.1 ਫੀਸਦੀ ਅੰਕ ਲੈ ਕੇ ਪਹਿਲਾ ਸਥਾਨ, ਨੀਕਿਤਾ (ਨਾਨ-ਮੈਡੀਕਲ) ਨੇ 84.4 ਫੀਸਦੀ ਅੰਕ ਲੈ ਕੇ ਦੂਜਾ ਸਥਾਨ, ਅੰਕਿਤਾ ਰਾਣਾ (ਨਾਨ ਮੈਡੀਕਲ) ਨੇ 82.5 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਹਾਸਿਲ ਕੀਤਾ ਹੈ। ਪ੍ਰਿੰਸੀਪਲ ਪ੍ਰੋ. ਲਖਵਿੰਦਰਜੀਤ ਕੌਰ ਨੇ ਸ਼ਾਨਦਾਰ ਨਤੀਜੇ ਲਈ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਸਟਾਫ਼ ਨੂੰ ਵਧਾਈ ਦਿੱਤੀ ਤੇ ਅਵੱਲ ਰਹੀਆਂ ਵਿਦਿਆਰਥਣਾਂ ਨੂੰ ਭਵਿੱਖ ਵਿਚ ਹੋਰ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ।


## Matrimonials

Looking for professional compatible educated girl for Ramdasia (weaver) Sikh doctor working in California 38 years old, never married, 5' 8" tall, father's gotra Sandhi mother's gotra Bains, caste no bar. For more information:

**WhatsApp +91 8360876705,**

**Email: sukhdevnorthridge@gmail.com**

---

Seeking a suitable match for Ramdasia/Ravidasia Sikh boy, born October 1984, height- 5' 7", divorcee (previous marriage lasted for less than a month, which ended with divorce and was settled with mutual understanding), Australian citizen, working as a vocational education teacher, postgraduate in psychology. Both parents are deceased. **Contact/Whatsapp: +61 401251614, Email - devmahey84@yahoo.co.in**

---

US Citizen boy, Ravidassia Ad-Dharmi (SC) Punjabi well educated Engineer (Bachelors and Masters degree), 35 years old, Height 5"9", Looking for suitable bride match from Punjabi Ravidassia Ad-Dharmi SC Community.

All family settled in the US.

**Please send biodata and pictures as: Email: jrjeet1993@gmail.com**



## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**
**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**
**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ

ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920,**

**(ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗਦਰੀ ਬਾਬਿਆ ਦਾ 22 ਵਾਂ ਮੇਲਾ ਫਰਿਜਨੋ ਵਿਚ ਸੰਪੰਨ



## ਭਾਰਤ ਦੇ ਕਾਂਸਲੇਟ ਜਨਰਲ ਡਾ ਸ੍ਰੀਕਰ ਰੈਡੀ, ਕਾਂਗਰਸਮੈਨ ਜਿਮ ਕੋਰਟਾ ਅਤੇ ਕੈਲੇਫੋਰਨੀਆ ਅਸੰਬਲੀ ਮੈਂਬਰ ਡਾ ਜਸਮੀਤ ਕੌਰ ਬੈਂਸ ਵੀ ਹੋਏ ਸ਼ਾਮਲ














Report by: Harjinder Dhesi
Photos: Shiara Dhindsa





ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ, ਫਰਿਜਨੋ ਪਿਛਲੇ 24 ਸਾਲਾਂ ਤੋਂ ਗਦਰੀ ਬਾਬਿਆ ਦੀ ਸੋਚ ਨੂੰ ਸਮਰਪਤ ਸਲਾਨਾ ਪ੍ਰੋਗਰਾਮ ਫਰਿਜਨੋ ਕਲੋਵਸ ਏਰੀਆ ਵਿਚ ਕਰਵਾਂਉਦਾ ਆਇਆ ਹੈ।ਇਨਾਂ ਮੇਲਿਆ ਦਾ ਮਕਸਦ ਜਿਥੇ ਗਦਰੀ ਬਾਬਿਆਂ ਅਤੇ ਹੋਰ ਦੇਸ਼ ਭਗਤਾਂ ਦੀਆ ਲਾਸਾਨੀ ਕੁਰਬਾਨੀਆਂ ਤੋਂ ਲੋਕਾਂ ਨੂੰ ਅਤੇ ਸਾਡੀ ਨਵੀ ਪੀੜੀ ਨੂੰ ਜਾਣੂ ਕਰਵਾਉਣਾ ਹੈ ਉਥੇ ਹੀ ਸਾਡੇ ਬੱਚਿਆ ਅਤੇ ਨੌਜਵਾਨਾ ਨੂੰ ਦੇਸ਼ ਭਗਤਾਂ ਦੇ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਵਧੀਆਂ ਸ਼ਹਿਰੀ ਅਤੇ ਭਵਿਖ ਦੇ ਆਗੂ ਬਣਨ ਲਈ ਪ੍ਰੇਰਨਾ ਵੀ ਹੈ। ਫੋਰਮ ਵਲੋਂ ਉਲੀਕਿਆ 22 ਵਾਂ ਮੇਲਾ ਲੰਘੇ ਐਤਵਾਰ, ਅਪਰੈਲ 7 ਨੂੰ ਫਰਿਜਨੋ ਦੇ ਸੈਟਰਲ ਹਾਈ ਸਕੂਲ ਦੇ ਪਰਫਾਰਮਿੰਗ ਆਰਟ ਸੈਂਟਰ ਵਿਚ ਕਰਵਾਇਆ ਗਿਆ।ਇਸ ਸਾਲ ਦਾ ਮੇਲਾ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਕੁਰਬਾਨੀਆਂ ਕਰਨ ਵਾਲੀਆਂ ਉਨਾਂ ਔਰਤਾਂ ਨੂੰ ਸਮਰਪਤ ਸੀ ਜਿਨਾਂ ਨੇ ਜਾਂ ਤਾਂ ਸਿਧੇ ਰੂਪ ਵਿਚ ਆਜ਼ਾਦੀ ਦੇ ਸ਼ਘੰਰਸ਼ ਵਿਚ ਹਿਸਾ ਲਿਆ ਤੇ ਜਾਂ ਆਪਣੇ ਦੇਸ਼ ਦੀ ਆਜ਼ਾਦੀ ਲਈ ਜੂਝ ਰਹੇ ਆਪਣੇ ਪਤੀ, ਪਿਤਾ ਜਾਂ ਭਰਾਵਾਂ ਦੀ ਗੈਰਹਾਜ਼ਰੀ ਕਾਰਣ ਜਿੰਦਗੀ ਦੀਆਂ ਤਲਖ ਹਕੀਕਤਾਂ ਨਾਲ ਮੱਥਾ ਲਾਉਦਿਆਂ ਗੁਲਾਮ ਭਾਰਤ ਦੀਆਂ ਜੰਜੀਰਾ ਤੋੜਣ ਲਈ ਆਪਣਾ ਮਹਾਨ ਰੋਲ ਅਦਾ ਕੀਤਾ। ਇਸ ਮੇਲੇ ਦੇ ਮੁਖ ਬੁਲਾਰੇ ਪੰਜਾਬ ਤੋਂ ਉਚੇਚੇ ਤੌਰ ਤੇ ਸ਼ਾਮਲ ਹੋਏ ਪ੍ਰਸਿਧ ਪਤਰਕਾਰ ਸ੍ਰ ਹਮੀਰ ਸਿੰਘ ਸਨ ਜੋ ਕਿ ਪੰਜਾਬੀ ਪਤਰਕਾਰੀ ਵਿਚ ਡੂੰਘੀਆਂ ਪੈੜਾ ਪਾਉਣ ਵਾਲੇ ਪਤਰਕਾਰ ਹਨ। ਫੋਰਮ ਵਲੋਂ ਇਸ ਪ੍ਰੋਗਰਾਮ ਦੀ ਸ਼ੁਰੂਆਤ ਇੰਦਰਜੀਤ ਚੋਗਾਵਾਂ ਨੇ ਸਭ ਨੂੰ ਜੀ ਆਇਆਂ ਆਖਦਿਆਂ ਅਤੇ ਦੇਸ਼ ਦੇ ਆਜ਼ਾਦੀ ਸਘੰਰਸ਼ ਵਿਚ ਯੋਗਦਾਨ ਪਾਉਣ ਵਾਲੀਆਂ ਬੀਬੀਆਂ ਨੂੰ ਸ਼ਰਧਾਜਲੀ ਭੇਂਟ ਕੀਤੀ ਉਨਾਂ ਹਰਜੀਤ ਸ਼ੇਰਗਿਲ, ਕਮਲਜੀਤ ਬੈਨੀਪਾਲ ਤੇ ਰਾਜ ਬਰਾੜ ਨੂੰ ਵਾਰੀ ਵਾਰੀ ਆਪਣੇ ਗੀਤ ਗਾਉਣ ਦਾ ਸੱਦਾ ਦਿਤਾ। ਫੋਰਮ ਦੇ ਸਕੱਤਰ ਹਰਜਿੰਦਰ ਢੇਸੀ ਨੇ ਆਏ ਸਰੋਤਿਆਂ ਅਤੇ ਮੁਖ ਮਹਿਮਾਨ ਨੂੰ ਜੀ ਆਇਆ ਆਖਦਿਆ ਸੰਖੇਪ ਵਿਚ ਪਰੋਗਰਾਮ ਦੀ ਜਾਣਕਾਰੀ ਅਤੇ ਫੋਰਮ ਦਾ ਇਤਿਹਾਸ ਸਾਝਾਂ ਕੀਤਾ। ਉਨਾਂ ਨੇ ਦੇਸ਼ ਭਗਤ ਔਰਤਾਂ ਨੂੰ ਸਰਧਾਜਲੀ ਦਿੰਦਿਆਂ ਅੱਜ ਦੇ ਸਮਾਜ ਵਿਚ ਆਪਣੀ ਪਛਾਣ ਬਣਾਉਣ ਲਈ ਸਘੰਰਸਸ਼ੀਲ ਔਰਤਾਂ ਨੂੰ ਵੀ ਸਲਾਮ ਕੀਤਾ ਅਤੇ ਲੋਕਾਂ ਨੂੰ ਔਰਤਾਂ ਨੂੰ ਬਰਾਬਰ ਮੌਕੇ ਪਰਦਾਨ ਕਰਵਾਉਣ ਲਈ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ।

ਆਸ਼ਾ ਸ਼ਰਮਾ ਸਭ ਤੋਂ ਪਹਿਲਾਂ ਪਿਛਲੇ ਸਾਲਾਂ ਵਿਚ ਸਾਥੋਂ ਵਿਛੜ ਗਏ ਫੋਰਮ ਦੇ ਬਾਨੀ ਮੈਂਬਰ ਸ੍ਰ ਗੁਰਦੀਪ ਸਿੰਘ ਅਣਖੀ ਨੂੰ ਅਤੇ ਡਾ ਗੁਰੂਮੇਲ ਸਿੰਘ ਸਿਧੂ ਨੂੰ ਯਾਦ ਕੀਤਾ। ਉਨਾਂ ਨੇ ਸਮੂਚੀ ਔਰਤ ਜਮਾਤ ਨੂੰ ਭਾਵਭਿੰਨੀ ਸ਼ਰਧਾਜਲੀ ਦਿੰਦਿਆਂ ਦੁਰਗਾ ਦੇਵੀ, ਬੀਬੀ ਗੁਲਾਬ ਕੌਰ, ਮੈਡਮ ਕਾਮਾ, ਲਕਸ਼ਮੀ ਸਹਿਗਲ, ਕਾਤਾਂ ਲਤਾ ਬਰੂਆ ਅਤੇ ਅਰੁਣਾ ਆਸਿਫ ਅਲੀ ਬਾਰੇ ਸੰਖੇਪ ਜਾਣਕਾਰੀ ਵੀ ਸਾਂਝੀ ਕੀਤੀ। ਸਪਾਇਸ ਰੇਡੀਓ ਦੇ ਸਥਾਨਕ ਪ੍ਰਬੰਧਕ ਰਾਜ ਬਰਾੜ ਨੇ ਪੱਪੀ ਭਦੌੜ ਅਤੇ ਦਿਲਪ੍ਰੀਤ ਨੂੰ ਭਗਤ ਸਿੰਘ ਦੀ ਵਾਰ ਪੇਸ਼ ਕਰਨ ਦਾ ਸੱਦਾ ਦਿਤਾ। ਪਰਗਟ ਸਿੰਘ ਧਾਲੀਵਾਲ ਨੇ ਆਜ਼ਾਦੀ ਦੇ ਸਘੰਰਸ਼ ਦੀਆਂ ਮਹਾਨ ਵੀਰਾਂਗਣਾ ਨੂੰ ਸ਼ਰਧਾਜਲੀ ਪੇਸ਼ ਕਰਦਿਆਂ ਬੀਬੀ ਜੱਸ ਕੌਰ ਝਾੜ ਸਾਹਬ ਬਾਰੇ ਦੱਸਿਆਂ ਜੋ ਕਿ ਗੁਰਦੁਆਰਾ ਸਾਹਬ ਵਿਚ ਆਉਦੇ ਅੰਡਰਗਰਾਉਡ ਇੰਨਕਲਾਬੀਆਂ ਦੀ ਰੋਟੀ ਪਾਣੀ ਦੀ ਸੇਵਾ ਕਰਦੀ ਸੀ। ਮਾਤਾ ਦਾ ਪੁਤਰ ਬਾਬਾ ਬੋਘ ਸਿੰਘ ਵੀ ਇੰਨਕਲਾਬੀ ਬਣਿਆ ਅਤੇ ਦੇਸ਼ ਲਈ ਸ਼ਹੀਦ ਹੋਇਆ।

ਪੰਜਾਬੀ ਫਿਲਮ ਐਕਟਰਸ ਕਿੰਮ ਵਰਮਾ ਵੀ ਵਿਸ਼ੇਸ਼ ਤੌਰ ਤੇ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਏ ਉਨਾਂ ਨੇ ਬੋਲਦਿਆਂ ਮੇਲਾ ਕਮੇਟੀ ਨੂੰ ਵਧਾਈ ਦਿਤੀ ਅਤੇ ਇਸ ਗੱਲ ਦੀ ਖੁਸ਼ੀ ਪਰਗਟ ਕੀਤੀ ਕਿ ਫੋਰਮ ਨੇ ਇਹ ਮੇਲਾ ਦੇਸ਼ ਲਈ ਕੁਰਬਾਨੀਆਂ ਕਰਨ ਵਾਲੀਆਂ ਔਰਤਾਂ ਨੂੰ ਸਮਰਪਤ ਕੀਤਾ ਹੈ।ਉਨਾਂ ਨੇ ਦੇਸ਼ ਭਗਤਾਂ ਦੀਆਂ ਤਸਵੀਰਾਂ ਦੀ ਪਰਦਰਸਨੀ ਦੀ ਵੀ ਸਰਾਹਣਾ ਕੀਤੀ। ਕੈਲੇਫੋਰਨੀਆਂ ਅਸੰਬਲੀ ਦੇ ਪਹਿਲੇ ਪੰਜਾਬੀ ਮੂਲ ਦੀ ਮੈਂਬਰ ਡਾ ਜਸਮੀਤ ਕੌਰ ਬੈਂਸ ਵੀ ਇਸ ਮੇਲੇ ਵਿਚ ਉਚੇਚੇ ਸੱਦੇ ਤੇ ਸ਼ਾਮਲ ਹੋਏ। ਕੈਲੇਫੋਰਨੀਆ ਦੇ ਡਲੇਨੋ ਸ਼ਹਿਰ ਦੀ ਜਮਪਲ ਜਸਮੀਤ ਕੌਰ ਨਵੰਬਰ 2022 ਵਿਚ ਕੈ.ਲੇਫੋਰਨੀਆਂ ਦੇ ਡਿਸਟਰਿਕਟ 35 ਤੋਂ ਅਸੈਬਲੀ ਲਈ ਚੁਣੇ ਗਏ ਸਨ। ਉਨਾਂ ਦੀ ਹਾਜ਼ਰੀ ਅਤੇ ਭਾਸ਼ਣ ਪ੍ਰੋਗਰਾਮ ਵਿਚ ਹਾਜਰ ਨਵੀਂ ਪੀੜੀ ਦੇ ਨੌਜਵਾਨਾ ਲਈ ਖਾਸ ਕਰ ਪਰੇਰਨਾ ਸਰੋਤ ਰਹੀ। ਉਨਾਂ ਨੇ ਆਪਣੀ ਬਹੁਤ ਹੀ ਭਾਵਪੂਰਕ ਤੇ ਦਿਲ ਟੁੰਬਵੀ ਸਪੀਚ ਵਿਚ ਪੰਜਵੀ ਜਮਾਤ ਵਿਚ ਸਕੂਲ ਦੀ ਕਿਸੇ ਚੋਣ ਵਿਚ ਹੋਈ ਹਾਰ ਅਤੇ ਹਾਰ ਤੋਂ ਬਾਅਦ ਉਨਾਂ ਦੀ ਨਾਨੀ ਵਲੋਂ 'ਹਰ ਹਾਰ ਨੂੰ ਵੰਗਾਰ ਸਮਝਣ' ਦੇ ਦਿਤੇ ਸਬਕ ਨੂੰ ਉਨਾਂ ਹਮੇਸ਼ਾ ਲੜ ਬਨ ਕੇ ਰੱਖਿਆ। ਉਨਾਂ ਨੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲੀਆਂ ਔਰਤਾਂ ਨੂੰ ਸਲਾਮ ਕਰਦਿਆ ਅੱਜ ਦੀਆਂ ਕੁੜੀਆਂ ਅਤੇ ਔਰਤਾਂ ਨੂੰ ਵੱਖ ਵੱਖ ਰਾਜਨੀਤਕ ਅਤੇ ਸਮਾਜਕ ਪਲੇਟਫਾਰਮਾ ਤੇ ਅੱਗੇ ਆਉਣ ਅਤੇ ਆਗੂ ਰੋਲ ਅਦਾ ਕਰਨ ਦੀ ਅਪੀਲ ਕੀਤੀ। ਇਸ ਮੌਕੇ ਤੇ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੀ ਇਸਤਰੀ ਵਿੰਗ ਵਲੋਂ ਜਸਮੀਤ ਕੌਰ ਬੈਂਸ ਅਤੇ ਕਿੰਮ ਵਰਮਾ ਨੂੰ ਸ਼ਾਲ ਭੇਂਟ ਕਰ ਕੇ ਉਨਾਂ ਦਾ ਸੰਨਮਾਨ ਕੀਤਾ। ਇਸ ਦੇ ਨਾਲ ਹੀ ਡਾ ਰਘਬੀਰ ਕੌਰ ਵਲੋਂ ਸੰਪਾਦਕ ਕਿਤਾਬ 'ਇੰਨਕਲਾਬੀ ਬੀਬੀਆਂ' ਵੀ ਲੋਕ ਅਰਪਨ ਕੀਤੀ ਗਈ।ਇਸ ਕਿਤਾਬ ਵਿਚ ਆਜ਼ਾਦੀ ਦੀ ਲੜਾਈ ਵਿਚ ਹਿਸਾ ਪਾਉਣ ਵਾਲੀਆਂ ਔਰਤਾਂ ਸਬੰਧੀ ਵੱਖ ਵੱਖ ਲੇਖਕਾਂ ਵਲੋਂ ਲਿਖੇ ਲੇਖ ਹਨ। ਇਸ ਕਿਤਾਬ ਦਾ ਮੁਖਬੰਦ ਪ੍ਰਸਿਧ ਪੰਜਾਬੀ ਲੇਖਕ ਅਤੇ ਇਤਿਹਾਸਕਾਰ ਵਰਿਆਮ ਸਿੰਘ ਸੰਧੂ ਵਲੋਂ ਲਿਖਿਆ ਹੈ। ਫੋਰਮ ਮੈਂਬਰ ਸ਼ਰਨਜੀਤ ਕੌਰ ਧਾਲੀਵਾਲ ਦੇ ਇਸ ਕਿਤਾਬ ਦਾ ਸੰਖੇਪ ਰਿਵਿਓ ਵੀ ਪੇਸ਼ ਕੀਤਾ। ਡਾਕਟਰ ਗੁਰੂਮੇਲ ਸਿਧੂ ਵਲੋਂ ਲਿਖੀ ਕਿਤਾਬ 'ਗਦਰ ਦਾ ਦੂਜਾ ਪੱਖ' ਦਾ ਦੂਜਾ ਅਡੀਸ਼ਨ ਵੀ ਇਸ ਮੌਕੇ ਤੇ ਰੀਲੀਜ ਕੀਤਾ। ਇਸ ਕਿਤਾਬ ਨੂੰ ਸ੍ਰੀ ਹਮੀਰ ਸਿੰਘ, ਪ੍ਰਸਿਧ ਕਹਾਣੀਕਾਰ ਕਰਮ ਸਿੰਘ ਮਾਨ, ਮਹਿੰਦਰ ਸਿੰਘ ਢਾਹ, ਗੁਰਮਿੰਦਰ ਸੰਘਾ, ਡਾਕਟਰ ਬਲਜੀਤ ਸਿਧੂ ਆਦਿ ਦੇ ਲੋਕ ਅਰਪਨ ਕੀਤਾ। ਦੋਨੋ ਕਿਤਾਬਾਂ 'ਇੰਨਕਲਾਬੀ ਬੀਬੀਆਂ' ਅਤੇ 'ਗਦਰ ਦਾ ਦੂਜਾ ਪੱਖ' ਫੋਰਮ ਵਲੋਂ ਸ੍ਰ ਹਮੀਰ ਸਿੰਘ ਹੁਣਾ ਨੇ ਸਿਖ ਇੰਸਟੀਚਿਊਟ ਫਰਿਜਨੋ ਦੀ ਲਾਇਬਰੇਰੀ ਨੂੰ ਭੇਂਟ ਕੀਤਾ ਜਿਸਨੂੰ ਲਾਇਬਰੇਰੀ ਵਲੋਂ ਦਵਿੰਦਰ ਗਰੇਵਾਲ, ਕਮਲਜੀਤ ਕੌਰ ਭੰਗਲ, ਬਹਾਦਰ ਸਿੰਘ ਭੰਗਲ ਅਤੇ ਪਵਿੰਦਰਜੀਤ ਸਿੰਘ ਭੰਗਲ ਵਲੋਂ ਸਵਿਕਾਰ ਕੀਤਾ।

ਪ੍ਰੋਗਰਾਮ ਦਾ ਮੁਖ ਆਕਰਸ਼ਨ ਸ੍ਰ ਹਮੀਰ ਸਿੰਘ ਹੁਣਾ ਦਾ ਭਾਸ਼ਨ ਸੀ। ਉਨਾਂ ਦੇ ਲ਼ੈਅ ਬੱਧ ਭਾਸ਼ਨ ਨੂੰ ਹਾਲ ਵਿਚ ਮੌਜੂਦ ਭਾਰੀ ਗਿਣਤੀ ਲੋਕਾਂ ਨੇ ਪੂਰੀ ਸ਼ਾਤੀ ਅਤੇ ਦਿਲਚਸਪੀ ਨਾਲ ਸੁਣਿਆਂ। ਉਨਾਂ ਨੇ ਫੋਰਮ ਦਾ ਧੰਨਵਾਦ ਕਰਦਿਆਂ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਗਦਰੀ ਬਾਬਿਆਂ ਨੂੰ ਯਾਦ ਕੀਤਾ। ਉਨਾਂ ਕਿਹਾ ਕਿ ਗ਼ਦਰੀ ਪਾਰਟੀ ਭਾਰਤ ਦੀ ਆਜ਼ਾਦੀ ਦੇ ਅੰਦੋਲਨ ਦੌਰਾਨ ਅਜਿਹੀ ਪਹਿਲੀ ਸਿਆਸੀ ਪਾਰਟੀ ਸੀ ਜਿਸਨੇ ਨਾ ਕੇਵਲ ਪੂਰਨ ਆਜ਼ਾਦੀ ਦੀ ਗੱਲ ਕੀਤੀ ਬਲਕਿ ਕਿਰਤੀਆਂ - ਕਿਸਾਨਾਂ ਅਤੇ ਬਰਾਬਰੀ ਵਾਲੇ ਸਮਾਜ ਦੇ ਸੁਪਨੇ ਨੂੰ ਪੂਰਾ ਕਰਨ ਲਈ ਅਥਾਹ ਕੁਰਬਾਨੀਆਂ ਕੀਤੀਆਂ। ਬੀਬੀ ਗੁਲਾਬ ਕੌਰ ਸਮੇਤ ਅਨੇਕਾਂ ਔਰਤਾਂ ਦੀ ਭੂਮਿਕਾ ਦੇ ਨਾਲ ਦੀ ਨਾਲ ਆਜ਼ਾਦੀ ਵਿਚ ਹਰ ਉਸ ਔਰਤ ਦੇ ਰੋਲ ਨੂੰ ਵੀ ਬਣਦੀ ਜਗ੍ਹਾ ਨਹੀਂ ਮਿਲੀ ਜਿਨ੍ਹਾਂ ਨੇ ਆਜ਼ਾਦੀ ਘੁਲਾਟੀਆਂ ਦੀਆਂ ਮਾਵਾਂ, ਪਤਨੀਆਂ ਤੇ ਹੋਰ ਪਰਵਾਰਕ ਮੈਂਬਰ ਹੋਣ ਕਰਕੇ ਸੱਤਾ ਦੀਆਂ ਜ਼ਿਆਦਤੀਆਂ ਝੱਲੀਆਂ ਤੇ ਸਿਦਕ ਨਹੀਂ ਹਾਰਿਆ। ਅੱਜ ਵੀ ਸਮਾਜ ਵਿਚ ਔਰਤ ਆਰਥਿਕ, ਸਿਆਸੀ ਅਤੇ ਸੱਭਿਆਚਾਰਕ ਵਿਤਕਰੇ ਦਾ ਸ਼ਿਕਾਰ ਹੋ ਰਹੀ ਹੈ। ਕੰਮ ਵਾਲੀ ਥਾਂ ਉੱਤੇ ਅਸੁਰ-ਖਿਆ ਦੇ ਮਾਮਲੇ ਆਮ ਸਾਹਮਣੇ ਆ ਰਹੇ ਹਨ। ਸਮਾਜ ਅੰਦਰ ਬਰਾਬਰੀ ਲਈ ਔਰਤਾਂ ਪ੍ਰਤੀ ਨਜ਼ਰੀਆ ਬਦਲਣ ਦੀ ਲੋੜ ਹੈ। ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਇਸ ਵਕਤ ਕੁਦਰਤੀ ਸਾਧਨਾਂ ਦੀ ਬਰਬਾਦੀ, ਨੌਜਵਾਨਾਂ ਦਾ ਜਬਰੀ ਪਰਵਾਸ, ਨਸ਼ੇ ਦੀ ਵਧ ਰਹੀ ਜਕੜ ਅਤੇ ਕਰਜ਼ੇ ਦੇ ਜਾਲ ਜਾਲ ਵਿੱਚ ਫਸੇ ਕਿਸਾਨ ਮਜ਼ਦੂਰ ਸਾਰੇ ਸੰਕਟ ਦੇ ਸੰਕੇਤ ਦੇ ਰਹੇ ਹਨ। ਪਰ ਕਿਸਾਨ ਅੰਦੋਲਨ ਨੇ ਉਮੀਦ ਦੀ ਕਿਰਨ ਦਿਖਾਈ।

ਲੋਕ ਅਜੇ ਵੀ ਇਨ੍ਹਾਂ ਅਲਾਮਤਾਂ ਉੱਤੇ ਕਾਬੂ ਪਾ ਸਕਦੇ ਹਨ ਪਰ ਸਿਆਸੀ, ਸਮਾਜਿਕ ਅਤੇ ਬੌਧਿਕ ਅਗਵਾਈ ਦੀ ਤਲਾਸ਼ ਹੈ। ਇਸ ਵਾਸਤੇ ਸਮੂਹਿਕ ਉਪਰਾਲੇ ਹੀ ਰਸਤਾ ਬਣਾ ਸਕਦੇ ਹਨ। ਫੋਰਮ ਵਲੋਂ ਹਮੀਰ ਸਿੰਘ ਹੁਣਾਂ ਨੂੰ ਇਸ ਪ੍ਰੋਗਰਾਮ ਵਿਚ ਸ਼ਮੂਲੀਅਤ ਅਤੇ ਉਨਾਂ ਦੀਆ ਪੰਜਾਬੀ ਪੱਤਰਕਾਰਤਾ ਵਿਚ ਪਾਏ ਯੋਗਦਾਨ ਲਈ ਇਕ ਸਨਮਾਨ ਚਿੰਨ ਨਾਲ ਸਨਮਾਨਤ ਕੀਤਾ ਗਿਆ।

ਫਰਿਜਨੋ ਇਲਾਕੇ ਦੇ ਕਾਗਰਸ ਮੈਂਬਰ ਮਿਸਟਰ ਜੰਮ ਕੋਸਟਾ ਨੇ ਬੋਲਦਿਆਂ ਭਾਰਤੀ ਆਜਾਦੀ ਘੁਲਾਟੀਆਂ ਨੂੰ ਸ਼ਰਧਾਜਲੀ ਦਿਦਿਆਂ ਕਿਹਾ ਕਿ ਸ਼ਹੀਦਾਂ ਦੀਆ ਕੁਰਬਾਨੀਆਂ ਨਾਲ ਪ੍ਰਾਪਤ ਕੀਤੀ ਆਜ਼ਾਦੀ ਅਤੇ ਲੋਕਤੰਤਰ ਨੂੰ ਬਾਹਾਲ ਰੱਖਣਾ ਸਾਡਾ ਸਾਰਿਆ ਦਾ ਫਰਜ ਹੈ। ਭਾਰਤ ਦੇ ਕਾਸਲੇਟ ਜਨਰਲ ਸ਼ਾਨਫਰਾਸਿਸਕੋ ਡਾਕਟਰ ਸਰੀਕਰ ਰੈਡੀ ਵੀ ਸ਼ਾਮਲ ਹੋਏ। ਉਨਾਂ ਹਿੰਦੀ ਵਿਚ ਆਪਣੇ ਭਾਸ਼ਨ ਵਿਚ ਪੰਜਾਬੀ ਕਿਸਾਨਾਂ ਵਲੋਂ ਦੇਸ਼ ਦੀ ਪੈਦਾਵਾਰ ਵਧਾਉਣ ਲਈ ਪਾਏ ਯੋਗਦਾਨ ਦਾ ਧੰਨਵਾਦ ਕੀਤਾ।

ਉਨਾਂ ਗਦਰ ਪਾਰਟੀ ਦੇ ਧਰਮਾਂ ਮਜਹਬਾਂ ਤੋ ਉਪਰ ਉਠ ਕੇ ਦੇਸ਼ ਦੀ ਆਜ਼ਾਦੀ ਲਈ ਪਾਏ ਸਾਂਝੇ ਯੋਗਦਾਨ ਦਾ ਜਿਕਰ ਕਰਦਿਆ ਕਿਹਾ ਕਿ ਅੱਜ ਵੀ ਭਾਰਤ ਦੀ ਤਰੱਕੀ ਲਈ ਸਭ ਨੂੰ ਰਲ ਕੇ ਕੰਮ ਕਰਨਾ ਚਾਹੀਦਾ ਹੈ। ਇਸ ਮੇਲੇ ਵਿਚ ਪੇਸ਼ ਹੋਈਆਂ ਸੱਭਿਆਚਾਰਕ ਆਈਟਮਾਂ ਵਿਚ ਜੀ ਐਚ ਜੀ ਡਾਂਸ ਅਤੇ ਸੰਗੀਤ ਅਕੈਡਮੀ ਦੀਆਂ ਦੋ ਟੀਮਾਂ ਅਤੇ ਈਵਾਨ ਜੌਹਲ ਵਲੋਂ ਭੰਗੜਾ ਸ਼ਾਮਲ ਸੀ ਜਿਸ ਨੂੰ ਲੋਕਾਂ ਨੇ ਕਾਫੀ ਸਲਾਹਿਆ।ਜੋਤ ਰਣਜੀਤ ਜੋ ਇਸ ਪ੍ਰੋਗਰਾਮ ਦੀ ਮੁਖ ਗਾਇਕਾ ਸੀ ਨੂੰ ਲੋਕਾਂ ਨੇ ਬੜੇ ਪਿਆਰ ਨਾਲ ਸੁਣਿਆ ਅਤੇ ਜੋਤ ਦੀ ਬਲੰਦ ਆਵਾਜ ਵਿਚ ਗਾਈਆਂ ਸ਼ਹੀਦਾਂ ਦੀਆ ਵਾਰਾਂ ਨੂੰ ਸਰਾਹਿਆ। ਜੀਵਨ ਰੱਤੂ ਜੋ ਕਿ ਵਧੀਆਂ ਗਾਇਕ ਦੇ ਨਾਲ ਨਾਲ ਵਧੀਆਂ ਗੀਤ ਲੇਖਕ ਵੀ ਹੈ ਦੇ ਦਿਲ ਟੁੰਬਵੇ ਗੀਤਾ ਨੂੰ ਸਰੋਤਿਆ ਨੇ ਬਹੁਤ ਸਲਾਹਿਆ। ਯਮਲਾ ਫਾਉਡੇਸ਼ਨ ਦੇ ਪ੍ਰਧਾਨ ਰਾਜ ਬਰਾੜ, ਹਰਜੀਤ ਸਿੰਘ ਸ਼ੇਰਗਿਲ, ਕਮਲਜੀਤ ਬੈਨੀਪਾਲ ਅਤੇ ਪੱਪੀ ਭਦੌੜ, ਦਿਲਪ੍ਰੀਤ ਕੌਰ, ਗੁਰਦੀਪ ਧਾਲੀਵਾਲ ਨੇ ਆਪਣੇ ਵਧੀਆਂ ਗੀਤਾ ਨਾਲ ਸਭ ਦਾ ਮੰਨੋਰੰਜਨ ਕੀਤਾ। ਕਵਿਤਾਵਾਂ ਬੋਲਣ ਵਾਲਿਆ ਵਿਚ ਸ਼ਰਨਜੀਤ ਧਾਲੀਵਾਲ, ਆਚਲ ਹੇਅਰ ਅਤੇ ਅਕਸ਼ਪ੍ਰੀਤ ਕੌਰ ਸੰਧੂ ਸ਼ਾਮਲ ਸਨ।


ਪੜਾਈ ਵਿਚ ਹੁਸ਼ਿਆਰ ਵਿਦਿਆਰਥੀਆ ਨੂੰ ਜੋ 4.0 ਜਾਂ ਵਧੀਆ ਗਰੇਡ ਲੈਂਦੇ ਹਨ ਨੂੰ ਸਨਮਾਨਤ ਕਰਨਾ ਫੋਰਮ ਦਾ ਇਕ ਹੋਰ ਨਵੇਕਲਾ ਕਦਮ ਹੈ ਤੇ ਸਾਰੇ ਇਲਾਕਾ ਨਿਵਾਸੀਆ ਅਤੇ ਸਪਾਸਰਾਂ ਵਲੋਂ ਪਸੰਦ ਕੀਤਾ ਜਾਦਾ ਹੈ। ਇਸ ਮੇਲੇ ਵਿਚ ਵੀ ਕੋਈ 35 ਵਿਦਿਆਰਥੀਆ ਨੂੰ ਨਗਦ ਇਨਾਮ ਦੇ ਕੇ ਉਤਸ਼ਾਹਤ ਕੀਤਾ ਗਿਆ। ਇਸ ਗਰੁਪ ਨੂੰ ਸ਼ਰਨਜੀਤ ਧਾਲੀਵਾਲ, ਅਕਸ਼ਪ੍ਰੀਤ ਸੰਧੂ, ਆਂਚਲ ਹੇਅਰ ਅਤੇ ਕਮਲਜੀਤ ਭੰਗਲ ਦੇ ਬਹੁਤ ਸਲੀਕੇ ਨਾਲ ਆਪਣੀਆਂ ਕਵਿਤਾਵਾਂ ਪੜਦਿਆ ਸ਼ਾਇਰਾਨਾ ਢੰਗ ਨਾਲ ਪੇਸ਼ ਕੀਤਾ।

ਸ਼ਹੀਦਾ ਦੀਆ ਤਸਵੀਰਾਂ ਦੀ ਪ੍ਰਦਰਸ਼ਨੀ ਨੂੰ ਹਜਾਰਾਂ ਲੋਕਾਂ ਤੇ ਵੇਖਿਆ ਅਤੇ ਸਰਾਹਿਆ, ਇਸ ਦੇ ਨਾਲ ਹੀ ਕਿਤਾਬਾਂ ਦੀਆਂ ਇਕ ਤੋਂ ਵੱਧ ਪ੍ਰਦਰਸ਼ਨੀਆ ਨੂੰ ਬਹੁਤ ਸਾਰੇ ਲੋਕਾਂ ਨੇ ਵੇਖਿਆ ਅਤੇ ਕਿਤਾਬਾ ਖ੍ਰੀਦੀਆ। ਚਾਹ ਪਕੌੜਿਆ ਦਾ ਲੰਗਰ ਸਾਰਾ ਦਿਨ ਚਲਦਾ ਰਿਹਾ।ਅਖੀਰ ਵਿਚ ਹਰਜਿੰਦਰ ਢੇਸੀ ਨੇ ਸਾਰੇ ਸਰੋਤਿਆਂ, ਗਾਇਕਾ, ਪਰਫਾਰਮਰਾਂ, ਸਪਾਸਰਾਂ ਅਤੇ ਫੋਰਮ ਦੀ ਸਮੂਚੀ ਟੀਮ ਦਾ ਧੰਨਵਾਦ ਕੀਤਾ। ਉਨਾਂ ਵਿਸ਼ੇਸ ਤੌਰ ਤੇ ਮੀਡੀਏ ਵਲੋਂ ਇਸ ਪ੍ਰੋਗਰਮ ਦੀ ਕਵਰੇਜ ਲਈ ਪਹੁੰਚੇ, ਰੇਡੀਓ 900 ਏ ਐਮ ਦੇ ਕਈ ਪੰਜਬੀ ਹੋਸਟ, ਪੰਜਾਬ ਰੇਡੀਓ ਤੇ ਸਪਾਇਸ ਰੇਡੀਓ ਦੇ ਰਾਜ ਮੋਗਾ, ਪੀ ਟੀ ਸੀ ਰੀਪੋਰਟਰ ਸੰਜੀਵ ਕੁਮਾਰ ਅਤੇ ਰੇਡੀਓ ਪੰਜਾਬ (1300 ਏ ਐਮ) ਦੇ ਪਰਵੀਨ ਸ਼ਰਮਾ ਦਾ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਤਸਵੀਰਾਂ ਅਤੇ ਵੀਡੀਓ ਗਰਾਫੀ ਸ਼ਿਆਰਾ ਸਿੰਘ ਢੀਡਸਾ ਦੀ ਟੀਮ ਨੇ ਬਾਖੂਬੀ ਨਿਭਾਈ।

# ਗਦਰੀ ਬਾਬਿਆ ਦਾ 22 ਵਾਂ ਮੇਲਾ ਫਰਿਜਨੋ ਵਿਚ ਸੰਪੰਨ























# ਪੱਤਰਕਾਰ ਭਾਈਚਾਰੇ ਵਲੋਂ ਡਾਕਟਰ ਕੁਲਵਿੰਦਰ ਸਿੰਘ ਢਾਹਾਂ ਦਾ ਸਨਮਾਨ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਬੈਨਰ ਹੇਠ ਡਾ। ਕੁਲਵਿੰਦਰ ਸਿੰਘ ਢਾਹਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਉਹਨਾਂ ਦੀਆਂ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਦੇ ਬੈਨਰ ਹੇਠ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ। ਯੂਨੀਅਨ ਦੇ ਸੂਬਾਈ ਆਗੂ ਇੰਜ। ਹਰਮੇਸ਼ ਵਿਰਦੀ ਅਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਜਸਬੀਰ ਸਿੰਘ ਨੂਰਪੁਰ ਨੇ ਕਿਹਾ ਕਿ ਜਿੱਥੇ ਉਕਤ ਟਰੱਸਟ ਸਮਾਜ ਅੰਦਰ ਰਿਆਇਤੀ ਦਰਾਂ 'ਤੇ ਵਧੀਆਂ ਸੇਵਾਵਾਂ ਨਿਭਾਉਣ ਲਈ ਵਿਲੱਖਣ ਪਛਾਣ ਰੱਖਦਾ ਹੈ ਉੱਥੇ ਇਸ ਟਰੱਸਟ ਨਾਲ ਜੁੜੀਆਂ ਡਾ। ਕੁਲਵਿੰਦਰ ਸਿੰਘ ਢਾਹਾਂ ਵਰਗੀਆਂ ਸਮਰਪਿਤ ਸੇਵਾਵਾਂ ਵਾਲੀਆਂ ਸਖਸ਼ੀਅਤਾਂ ਸਤਿਕਾਰ ਦੀਆਂ ਪਾਤਰ ਹਨ। ਇਸ ਮੌਕੇ ਪੱਤਰਕਾਰ ਭਾਈਚਾਰੇ ਵਲੋਂ ਦਿੱਤੇ ਸਨਮਾਨ ਲਈ ਧੰਨਵਾਦ ਕਰਦਿਆਂ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਕਿਹਾ ਕਿ ਪੱਤਰਕਾਰ ਭਾਈਚਾਰੇ ਵਲੋਂ ਅਦਾਰੇ ਦੀਆਂ ਸੇਵਾਵਾਂ ਦੇ ਪ੍ਰਚਾਰ ਪਸਾਰ ਲਈ ਸਦਾ ਨਿੱਘਾ ਸਹਿਯੋਗ ਰਿਹਾ ਹੈ। ਇਸ ਮੌਕੇ ਯੂਨੀਅਨ ਦੀ ਸਥਾਨਕ ਇਕਾਈ ਦੇ ਪ੍ਰਧਾਨ ਸੰਜੀਵ ਭਨੋਟ ਅਤੇ ਜਨਰਲ ਸਕੱਤਰ ਪ੍ਰਵੀਰ ਅੱਬੀ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਚਾਲੀ ਸਾਲ ਦੇ ਸਫ਼ਲ ਸਫ਼ਰ ਦੀ ਵਧਾਈ ਵੀ ਦਿੱਤੀ। ਇਸ ਮੌਕੇ ਰਾਕੇਸ਼ ਆਰੋੜਾ, ਸੁਰਿੰਦਰ ਕਰਮ, ਨਵਕਾਂਤ ਭਰੋਮਜਾਰਾ, ਸੁਰਜੀਤ ਮਜਾਰੀ, ਨਰਿੰਦਰ ਮਾਹੀ, ਅਵਤਾਰ ਕਲੇਰ, ਰਾਜ ਮਜਾਰੀ, ਪ੍ਰਭਜੋਤ ਸਿੰਘ, ਅਮਿਤ ਹੰਸ ਤੋਂ ਇਲਾਵਾ, ਜੱਥੇਦਾਰ ਸਤਨਾਮ ਸਿੰਘ ਲਾਦੀਆਂ, ਦਫ਼ਤਰ ਸੁਪਰਡੈਂਟ ਮਹਿੰਦਰ ਪਾਲ ਸਿੰਘ, ਮੀਡੀਆ ਸਲਾਹਕਾਰ ਏ ਆਰ.ਆਰ. ਐਸ. ਸੰਧੂ ਆਦਿ ਸ਼ਾਮਲ ਸਨ।

# ਡਾਕਟਰ ਭੀਮ ਰਾਓ ਅੰਬੇਡਕਰ ਦੇ 133ਵੇਂ ਜਨਮ ਦਿਵਸ ਨੂੰ ਸਮਰਪਿਤ ਨਾਟਕ ਮੇਲਾ ਥਰੀਕੇ ਵਿਖੇ



**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)–** ਡਾਕਟਰ ਭੀਮ ਰਾਓ ਅੰਬੇਡਕਰ ਦੇ 133 ਵੇਂ ਜਨਮ ਦਿਵਸ ਨੂੰ ਸਮਰਪਿਤ ਪਿੰਡ ਥਰੀਕੇ ਵਿਖੇ ਨੌਜਵਾਨ ਸਭਾ ਅਤੇ ਸਮੂਹ ਸੰਗਤ ਵੱਲੋਂ ਸਮਾਜਿਕ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਨੌਜਵਾਨ ਸਭਾ ਦੇ ਆਗੂ ਹਰਦੀਪ ਸਿੰਘ ਹੈਪੀ ਨੇ ਦੱਸਿਆ ਕਿ ਸਮਾਜਿਕ ਪ੍ਰੋਗਰਾਮ ਵਿੱਚ ਨਾਟਕ ਮੰਡਲੀ ਪ੍ਰਗਤੀ ਕਲਾ ਕੇਂਦਰ ਲਾਂਦੜਾ ਜਲੰਧਰ ਦੀ ਟੀਮ ਵੱਲੋਂ ਡਾਕਟਰ ਭੀਮ ਰਾਓ ਅੰਬੇਦਕਰ ਦੇ ਜੀਵਨ ਨੂੰ ਸਮਰਪਿਤ ਨਾਟਕ ਮੇਲਾ ਸ਼ਾਮ 7 ਵਜੇ ਤੋਂ ਰਾਤ 9 ਵਜੇ ਤੱਕ ਕਰਵਾਇਆ ਗਿਆ। ਇਸ ਨਾਟਕ ਦੌਰਾਨ ਸਮਾਜ ਪ੍ਰਤੀ ਚਿੰਤਕ ਅਤੇ ਬੁੱਧੀਜੀਵੀ ਰਜਿੰਦਰ ਮੂਲ ਨਿਵਾਸੀ ਨੇ ਵਿਸ਼ੇਸ਼ ਤੌਰ ਤੇ ਹਾਜਰੀ ਲਗਵਾਈ ਅਤੇ ਬਾਬਾ ਸਾਹਿਬ ਜੀ ਦੇ ਜੀਵਨ ਤੇ ਚੱਲਣ ਲਈ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ। ਸਮਾਗਮ ਉਪਰੰਤ ਪ੍ਰਗਤੀ ਕਲਾ ਕੇਂਦਰ ਲਾਂਦੜਾ ਦੀ ਟੀਮ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮੇਂ ਵਿਸ਼ੇਸ਼ ਤੌਰ ਤੇ ਹਾਜ਼ਰੀ ਡਾਕਟਰ ਰੁਪਿੰਦਰ ਸਿੰਘ ਸੁਧਾਰ, ਚਮਕੌਰ ਸਿੰਘ ਦਾਦ, ਜਸਵੀਰ ਭਵਾਲੀ, ਗੁਰਚਰਨ ਸਿੰਘ ਈਟੀਓ, ਸਰਪੰਚ ਰਜਿੰਦਰ ਸਿੰਘ ਯੋਧਾ, ਕਾਰਜਕਾਰੀ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਪੰਜਾਬ ਗੁਰਪ੍ਰੀਤ ਏਟੀਓ, ਹੈਪੀ ਮੁੱਲਾਂਪੁਰ ,ਹਰਦੇਵ ਬੋਪਾਰਾਏ, ਸੁਖਮਿੰਦਰ ਸਿੰਘ, ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਹਰਦੀਪ ਸਿੰਘ, ਕਰਮਜੋਤ ਸਿੰਘ, ਦਿਲਪ੍ਰੀਤ ਸਿੰਘ, ਚਰਨਜੀਤ ਸਿੰਘ, ਯੁਵਰਾਜ ਸਿੰਘ, ਜਤਿੰਦਰ ਸਿੰਘ ਤੇ ਜਗਜੀਤ ਸਿੰਘ ਆਦਿ ਹਾਜ਼ਰ ਸਨ।

# ਰਣਦੀਪ ਕੁਮਾਰ ਰਿੰਪੀ 'ਬੇਗਮਪੁਰਾ ਟਾਈਗਰ ਫੋਰਸ ਪੰਜਾਬ' ਦੇ ਵਿਧਾਨ ਸਭਾ ਹਲਕਾ ਫਿਲੌਰ ਦੇ ਪ੍ਰਧਾਨ ਨਿਯੁਕਤ



**ਫਿਲੌਰ, ਅੱਪਰਾ (ਜੱਸੀ)–**'ਬੇਗਮਪੁਰਾ ਟਾਈਗਰ ਫੋਰਸ ਪੰਜਾਬ' ਦੇ ਸਮੂਹ ਅਹੁਦੇਦਾਰਾਂ ਦੀ ਸਥਾਨਕ ਬੰਗਾ ਰੋਡ ਅੱਪਰਾ ਵਿਖੇ ਇੱਕ ਅਹਿਮ ਤੇ ਹੰਗਾਮੀ ਮੀਟਿੰਗ ਹੋਈ । ਇਸ ਮੀਟਿੰਗ ਦੌਰਾਨ ਪਿੰਡ ਛੋਕਰਾਂ ਦੇ ਨੌਜਵਾਨ ਆਗੂ ਰਣਦੀਪ ਕੁਮਾਰ ਰਿੰਪੀ ਨੂੰ ਵਿਧਾਨ ਸਭਾ ਹਲਕਾ ਫਿਲੌਰ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ । ਇਸ ਮੌਕੇ ਬਿੱਲਾ ਦਿਉਵਾਲ ਕੌਮੀ ਚੇਅਰਮੈਨ, ਅਵਤਾਰ ਬੱਸੀ ਖਵਾਜੂ ਕੌਮੀ ਜਨਰਲ ਸਕੱਤਰ, ਅਸ਼ੋਕ ਸੱਲਣ ਕੌਮੀ ਪ੍ਰਧਾਨ, ਤਾਰਾ ਚੰਦ ਪੰਜਾਬ ਪ੍ਰਧਾਨ, ਦਵਿੰਦਰ ਬਿੰਦਰ ਪੰਜਾਬ ਵਾਈਸ ਪ੍ਰਧਾਨ, ਦਵਿੰਦਰ ਬੇਗਮਪੁਰੀ ਪ੍ਰੈੱਸ ਸਕੱਤਰ ਪੰਜਾਬ, ਰਾਕੇਸ਼ ਸਿੰਗੜੀਵਾਲ ਜਿਲਾ ਸੰਯੁਕਤ ਸਕੱਤਰ ਹੁਸ਼ਿਆਰਪੁਰ, ਸੁਖਦੇਵ ਜਿਲਾ ਪ੍ਰਧਾਨ ਨਵਾਂਸ਼ਹਿਰ ਆਦਿ ਸਮੂਹ ਮੋਹਤਬਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਨਵੇਂ ਚੁਣੇ ਗਏ ਪ੍ਰਧਾਨ ਰਣਦੀਪ ਕੁਮਾਰ ਰਿੰਪੀ ਨੇ ਕਿਹਾ ਕਿ ਉਹ ਆਪਣੀ ਜਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣਗੇ ਤੇ ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਘਰ-ਘਰ ਪਹੁੰਚਾਉਣ ਲੀ ਕਾਰਜ ਕਰਦੇ ਰਹਿਣਗੇ । ਇਸ ਮੌਕੇ ਅਵਤਾਰ ਸਿੰਘ ਛੋਕਰਾਂ, ਬਾਵਾ ਸਿੰਘ ਪੰਚਾਇਤ ਮੈਂਬਰ, ਮਨਜੀਤ ਸਿੰਘ ਮੀਤਾ, ਰਣਜੀਤ ਸਿੰਘ ਰਾਣਾ ਛੋਕਰਾਂ, ਪਵਿੱਤਰ ਸਿੰਘ, ਲਖਵੀਰ ਸਿੰਘ, ਰਵੀ ਕੁਮਾਰ, ਸੌਰਵ ਕੁਮਾਰ, ਸੁਨੀਲ ਕੁਮਾਰ ਸ਼ੀਲਾ, ਵਿਸ਼ਾਲ ਕੁਮਾਰ, ਯੂਸਫ, ਮਨਿੰਦਰ ਕੁਮਾਰ, ਲਵਪ੍ਰੀਤ ਕੁਮਾਰ, ਤਰਸੇਮ ਨਵਾਂਸ਼ਹਿਰ ਵੀ ਹਾਜ਼ਰ ਸਨ।

# ਚੱਕ ਸਾਹਬੂ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਸਾਹਿਬ ਜੀ ਦਾ 133ਵਾਂ ਜਨਮ ਦਿਵਸ ਮਨਾਇਆ



**ਫਿਲੌਰ, ਅੱਪਰਾ (ਜੱਸੀ)–**ਅੱਜ ਪਿੰਡ ਚੱਕ ਸਾਹਬੂ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਸਾਹਿਬ ਜੀ ਦਾ 133ਵਾਂ ਜਨਮ ਦਿਵਸ ਬਹੁਤ ਹੀ ਸ਼ਰਧਾਪੂਰਵਕ ਮਨਾਇਆ ਗਿਆ ਜਿਸ ਵਿੱਚ ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਦੇ ਵਿਦਿਆਰਥੀਆਂ ਵਲੋਂ ਨਾਟਕ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ । ਹੈੱਡ ਮਾਸਟਰ ਜਸਪਾਲ ਸੰਧੂ ਜੀ ਨੇ ਸਮਾਗਮ ਦੌਰਾਨ ਵਿਸ਼ੇਸ਼ ਸਹਿਯੋਗ ਦਿੱਤਾ। ਇਸ ਮੌਕੇ ਬੋਲਦਿਆਂ ਸਮੂਹ ਪਤਵੰਤੇ ਸੱਜਣਾਂ ਨੇ ਕਿਹਾ ਕਿ ਅੱਜ ਦੇਸ਼ ਅੰਦਰ ਸਮੁੱਚੇ ਲੋਕਤੰਤਰ ਉੱਤੇ ਕਾਬਜ਼ ਦੇਸ਼ ਵਿਰੋਧੀ ਤਾਕਤਾਂ ਦੇਸ਼ ਦੇ ਸੰਵਿਧਾਨ ਨੂੰ ਬਦਲਕੇ ਦੇਸ਼ ਦੇ ਲੋਕਤੰਤਰ ਨੂੰ ਖਤਮ ਕਰਨਾ ਚਾਹੁੰਦੀਆਂ ਹਨ ਇਹਨਾਂ ਸਭ ਨੂੰ ਜੇਕਰ ਨਕੇਲ ਪਾਉਣੀ ਹੈ ਤਾਂ ਦੇਸ਼ ਅੰਦਰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਅਪਣਾਉਣਾ ਬਹੁਤ ਜਰੂਰੀ ਹੈ। ਕਿਉਂਕਿ ਇਹੀ ਇੱਕੋ ਵਿਚਾਰਧਾਰਾ ਹੈ ਜੋ ਹੁਣ ਤੱਕ ਦੇਸ਼ ਵਿਰੋਧੀ ਤਾਕਤਾਂ ਨਾਲ ਮੱਥਾ ਲਾਉਦੀ ਰਹੀ ਹੈ। ਪ੍ਰਬੰਧਕਾਂ ਵਲੋਂ ਪ੍ਰੋਗਰਾਮ ਵਿੱਚ ਸਹਿਯੋਗ ਦੇਣ ਵਾਲਿਆਂ ਨੂੰ ਅਤੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਲੰਗਰ ਅਤੁੱਟ ਵਰਤਾਇਆ ਗਿਆ।

# ਡਾਕਟਰ ਭੀਮ ਰਾਓ ਅੰਬੇਡਕਰ ਨੂੰ ਉਮਰਾਂ ਤੱਕ ਯਾਦ ਰੱਖਿਆ ਜਾਵੇਗਾ - ਡਾਕਟਰ ਰਮਨ ਘਈ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** 'ਭਾਰਤੀ ਜਨਤਾ ਯੁਵਾ ਮੋਰਚਾ ਵੱਲੋਂ ਭਾਰਤ ਰਤਨ ਡਾ: ਭੀਮ ਰਾਓ ਅੰਬੇਡਕਰ ਨੂੰ ਉਨ੍ਹਾਂ ਦੇ ਜਨਮ ਦਿਨ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਯੁਵਾ ਮੋਰਚਾ ਦੇ ਜ਼ਿਲ੍ਹਾ ਇੰਚਾਰਜ ਡਾਕਟਰ ਰਮਨ ਘਈ, ਪ੍ਰਣਬ ਮਿਸ਼ਰਾ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਡਾਕਟਰ ਭੀਮ ਰਾਓ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਸਭ ਨੂੰ ਉਨ੍ਹਾਂ ਦੇ ਜਨਮ ਦਿਨ ਦੀ ਵਧਾਈ ਦਿੱਤੀ। ਇਸ ਮੌਕੇ ਡਾਕਟਰ ਰਮਨ ਘਈ ਨੇ ਕਿਹਾ ਕਿ ਡਾਕਟਰ ਭੀਮ ਰਾਓ ਅੰਬੇਡਕਰ ਵਰਗੀਆਂ ਮਹਾਨ ਸ਼ਖ਼ਸੀਅਤਾਂ ਪੈਦਾ ਹੁੰਦੀਆਂ ਹਨ, ਜਿਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਸਮਾਜ ਦੀ ਭਲਾਈ ਲਈ ਸਮਰਪਿਤ ਕਰ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤ ਰਤਨ ਡਾਕਟਰ ਭੀਮ ਰਾਓ ਨੂੰ ਉਮਰਾਂ ਤੱਕ ਯਾਦ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸ਼ਿਵਮ ਓਹਰੀ ਨੇ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸੰਵਿਧਾਨ ਦੇ ਨਿਰਮਾਤਾ, ਸਮਾਜ ਸੁਧਾਰਕ ਅਤੇ ਸਮਾਜ ਵਿੱਚ ਨਵੀਂ ਕ੍ਰਾਂਤੀ ਦੇ ਨਿਰਮਾਤਾ ਡਾਕਟਰ ਰਾਓ ਸਾਡੇ ਆਦਰਸ਼ ਹਨ। ਇਸ ਮੌਕੇ ਸੂਰਜ ਸ਼ਰਮਾ, ਗਗਨਦੀਪ ਸੋਨੀ, ਸੁਨੰਦਨ ਸੂਦ, ਪੰਕਜ ਰੇਵਾੜੀ, ਰਾਹੁਲ ਓਹਰੀ, ਸ਼ਿਵਮ ਗੈਂਦ, ਕਰਨ ਮਹਿਤਾ, ਲਵਨੀਤ ਮਾਨਕੰਦ, ਰਿਸ਼ੂ ਕੁਮਾਰ, ਕਮਲ ਸੈਣੀ, ਵਿਪਨ ਟਾਕ, ਅਭੀ ਭਾਟੀਆ, ਗੁਰਦੀਪ ਸੈਣੀ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

# ਬਾਬਾ ਸਾਹਿਬ ਅੰਬੇਡਕਰ ਜੀ ਦੀ ਵਿਚਾਰਧਾਰਾ ਹੀ ਦੇਸ਼ ਦੇ ਭਵਿੱਖ ਲਈ ਜਰੂਰੀ: ਲਸਾੜਾ



**ਫਿਲੌਰ, ਅੱਪਰਾ (ਜੱਸੀ)–**ਇੱਥੋਂ ਦੇ ਨਜ਼ਦੀਕੀ ਪਿੰਡ ਲਸਾੜਾ ਵਿਖੇ ਭਾਰਤ ਰਤਨ ਬਾਬਾ ਸਾਹਿਬ ਅੰਬੇਡਕਰ ਜੀ ਦਾ ਜਨਮ ਦਿਨ ਬੜੀ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਏਕਤਾ ਕਲਾ ਮੰਚ ਲਸਾੜਾ ਦੇ ਸੰਸਥਾਪਕ ਅਤੇ ਨਿਰਦੇਸ਼ਕ ਗੁਰਦੀਪ ਲਸਾੜਾ ਨੇ ਸਮੁੱਚੀ ਸੰਗਤ ਨੂੰ ਸੰਬੋਧਨ ਕਰਦਿਆਂ ਇਸ ਸ਼ੁੱਭ ਮੌਕੇ ਤੇ ਵਧਾਈ ਦਿੱਤੀ ਅਤੇ ਨਾਲ ਹੀ ਉਹਨਾਂ ਕਿਹਾ ਕਿ ਅੱਜ ਦੇਸ਼ ਅੰਦਰ ਸਮੁੱਚੇ ਲੋਕਤੰਤਰ ਉੱਤੇ ਕਾਬਜ਼ ਦੇਸ਼ ਵਿਰੋਧੀ ਤਾਕਤਾਂ ਦੇਸ਼ ਦੇ ਸੰਵਿਧਾਨ ਨੂੰ ਬਦਲਕੇ ਦੇਸ਼ ਦੇ ਲੋਕਤੰਤਰ ਨੂੰ ਖਤਮ ਕਰਨਾ ਚਾਹੁੰਦੀਆਂ ਹਨ ਇਹਨਾਂ ਸਭ ਨੂੰ ਜੇਕਰ ਨਕੇਲ ਪਾਉਣੀ ਹੈ ਤਾਂ ਦੇਸ਼ ਅੰਦਰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਅਪਣਾਉਣਾ ਬਹੁਤ ਜਰੂਰੀ ਹੈ। ਕਿਉਂਕਿ ਇਹੀ ਇੱਕੋ ਵਿਚਾਰਧਾਰਾ ਹੈ ਜੋ ਹੁਣ ਤੱਕ ਦੇਸ਼ ਵਿਰੋਧੀ ਤਾਕਤਾਂ ਨਾਲ ਮੱਥਾ ਲਾਉਦੀ ਰਹੀ ਹੈ। ਇਸ ਮੌਕੇ ਉਹਨਾਂ ਭਵਿੱਖ ਵਿੱਚ ਕੀਤੇ ਜਾਣ ਵਾਲੇ ਸਮਾਜਿਕ ਕੰਮਾਂ ਬਾਰੇ ਸਮੂਹ ਸੰਗਤ ਨੂੰ ਜਾਣੂ ਕਰਵਾਇਆ। ਇਸ ਮੌਕੇ ਮਹਿੰਦਰ ਪਾਲ, ਹਰੀ ਰਾਮ, ਗਿਆਨ ਚੰਦ, ਸਨੀ ਬਾਸ਼ਲ, ਪ੍ਰਿੰਸ ਖੁੱਤਣ, ਬਲਬੀਰ ਖੁੱਤਣ, ਹਰਸ਼ਪ੍ਰੀਤ ਖੁੱਤਣ, ਚਮਨ ਲਾਲ, ਗਿਆਨ ਚੰਦ, ਬਿੱਟੂ ਬੱਧਣ, ਜਸਪਾਲ ਭਟੋਆ ਤੋਂ ਇਲਾਵਾ ਏਕਤਾ ਕਲਾ ਮੰਚ ਲਸਾੜਾ ਅਤੇ ਮੁਹੱਲਾ ਨਿਵਾਸੀ ਹਾਜ਼ਰ ਸਨ।

# ਸਮਾਜ ਭਲਾਈ ਮੋਰਚਾ ਵਲੋਂ ਭਾਰਤ ਰਤਨ ਡਾਕਟਰ ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ ਗਿਆ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸਮਾਜ ਭਲਾਈ ਮੋਰਚਾ ਦੇ ਮੁੱਖ ਦਫਤਰ ਸਰਕਾਰੀ ਸਰਕਾਰੀ ਕਾਲਜ ਰੋਡ ਵਿਖੇ ਭਾਰਤ ਰਤਨ ਨਾਰੀ ਮੁਕਤੀ ਦਾਤਾ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਉ ਅੰਬੇਡਕਰ ਜੀ ਦਾ ਜਨਮ ਦਿਨ ਸਮਾਜ ਭਲਾਈ ਮੋਰਚਾ ਵੱਲੋਂ ਮਨਾਇਆ ਗਿਆ। ਸਮਾਜ ਭਲਾਈ ਮੋਰਚਾ ਦੇ ਰਾਸ਼ਟਰੀ ਪ੍ਰਧਾਨ ਦਵਿੰਦਰ ਕੁਮਾਰ ਸਰੋਆ ਨੇ ਬਾਬਾ ਸਾਹਿਬ ਡਾਕਟਰ ਭੀਮ ਰਾਉ ਅੰਬੇਡਕਰ ਜੀ ਨੂੰ ਫੁੱਲ ਮਾਲਾ ਅਰਪਨ ਕੀਤੀ ਨਾਲ ਹੀ ਉਨਾਂ ਬਾਬਾ ਸਾਹਿਬ ਜੀ ਦੀ ਜੀਵਨੀ ਬਾਰੇ ਦੱਸਿਆ ਅਤੇ ਕਿਹਾ ਕਿ ਬਾਬਾ ਸਾਹਿਬ ਭਾਰਤ ਦੇਸ਼ ਦੇ ਵਿਧਾਤਾ, ਨਾਰੀ ਜਾਤੀ ਦੇ ਜੀਵਨ ਦਾਤਾ, ਹਰ ਵਰਗ ਨੂੰ ਸਮਾਨਤਾ ਪ੍ਰਦਾਨ ਕਰਨ ਵਾਲੇ ਮਹਾਂਪੁਰਸ਼ ਸਨ। ਉਹ ਦੇਸ਼ ਨੂੰ ਸਮਾਜ ਨੂੰ ਸਾਰੀਆਂ ਕੁਰੀਤੀਆਂ ਤੋਂ ਬਚਾਉਣ ਵਾਲੇ ਦੁਨੀਆਂ ਦੇ ਮਹਾਨਾਇਕ ਬਾਬਾ ਸਾਹਿਬ ਡਾਕਟਰ ਭੀਮ ਰਾਉ ਅੰਬੇਦਕਰ ਜੀ ਦੇ ਜਨਮ ਦਿਨ ਦੀਆਂ ਮੈਂ ਸਰਵ ਸਮਾਜ ਨੂੰ ਲੱਖ ਲੱਖ ਵਧਾਈਆਂ ਦਿੰਦਾ ਹਾਂ। ਉਹਨਾਂ ਦੱਸਿਆ ਕਿ ਜੇਕਰ ਬਾਬਾ ਸਾਹਿਬ ਸੰਵਿਧਾਨ ਵਿੱਚ ਨਾਰੀ ਜਾਤੀ ਨੂੰ ਬਰਾਬਰ ਦੇ ਹੱਕ ਨਾ ਦਿੰਦੇ ਤਾਂ ਨਾਰੀ ਜਾਤੀ ਅੱਜ ਕੋਈ ਵੀ ਆਈ.ਏ.ਐਸ, ਆਈ.ਪੀ.ਐਸ, ਰਾਸ਼ਟਰਪਤੀ, ਮੁੱਖ ਮੰਤਰੀ, ਪ੍ਰਧਾਨ ਮੰਤਰੀ ਜਾਂ ਰਾਜਪਾਲ ਨਾ ਬਣ ਰਹੀ ਹੁੰਦੀ। ਉਸ ਨੂੰ ਅੱਜ ਵੀ ਪੈਰ ਦੀ ਜੁੱਤੀ ਹੀ ਸਮਝਿਆ ਜਾਣਾ ਸੀ। ਉਹਨਾਂ ਕਿਹਾ ਕਿ ਜਿਹੜੇ ਅੱਜ ਰਿਜਰਵੇਸ਼ਨ ਨਾਲ ਐਮ।ਪੀ।, ਐਮ।ਐਲ।ਏ। ਚੁਣੇ ਜਾਂਦੇ ਹਨ ਜੇ ਸੰਵਿਧਾਨ ਲਈ ਨਹੀਂ ਬੋਲਦੇ, ਗੂੰਗੇ ਬਹਿਰੇ ਬਣੇ ਹਨ, ਸਮਾਜ ਦੇ ਹੱਕਾਂ ਦੀ ਗੱਲ ਨਹੀਂ ਕਰਦੇ, ਪੂਛ ਹਿਲਾ ਕੇ ਬੈਠ ਜਾਂਦੇ ਹਨ, ਜੇ ਕਰ ਸੰਵਿਧਾਨ ਨਾ ਹੁੰਦਾ ਤਾਂ ਕਿਸੇ ਨੇ ਇਨ੍ਹਾਂ ਦੀ ਪਰਛਾਈ ਤਕ ਆਪਣੇ ਤੇ ਨਹੀਂ ਪੈਣ ਦੇਣੀ ਸੀ। ਜਦੋਂ ਵੋਟਾਂ ਆਉਂਦੀਆਂ ਹਨ, ਇਨ੍ਹਾਂ ਸਾਰਿਆਂ ਨੂੰ ਭਰਾ ਭੈਣਾ ਯਾਦ ਆ ਜਾਂਦੇ ਹਨ, ਬਾਅਦ ਵਿੱਚ ਇਹ ਪੂਛ ਹਿਲਾਉਣ ਦਾ ਕੰਮ ਕਰਦੇ ਹਨ। ਇਸ ਸਮੇਂ ਭੈਣ ਜਗਿੰਦਰ ਕੌਰ ਰਿਟਾਇਰਡ ਵਾਈਸ ਪ੍ਰਿੰਸੀਪਲ ਨੇ ਬਾਬਾ ਸਾਹਿਬ ਜੀ ਦੇ ਜਨਮ ਦਿਨ ਦੀਆਂ ਪੂਰੇ ਦੇਸ਼ ਵਾਸੀਆਂ ਨੂੰ ਵਧਾਈਆਂ ਦਿੱਤੀਆਂ। ਸੀਨੀਅਰ ਆਗੂ ਲੇਂਬਰ ਸਿੰਘ ਮਹਿਮੀ, ਦੁਆਬਾ ਪ੍ਰਧਾਨ ਜਤਿੰਦਰ ਕੁਮਾਰ ਹੈਪੀ, ਰਮਨਪ੍ਰੀਤ, ਚੱਬੇਵਾਲ ਪ੍ਰਧਾਨ ਭੁਪਿੰਦਰ ਸਿੰਘ, ਅਜੇ ਸਿੱਧੂ ਪ੍ਰਧਾਨ ਆਦਮਪੁਰ, ਲੱਕੀ ਪ੍ਰਧਾਨ ਗੜਸ਼ੰਕਰ, ਵਿਸ਼ਾਲ ਰਾਣਾ ਸੈਕਟਰੀ, ਨਰਜੋਤ ਸਿੰਘ, ਦਲਜੀਤ ਸਿੰਘ, ਹਨੀ ਸਿੰਘ, ਦਲਵੀਰ ਸਿੰਘ, ਲਾਲ ਚੰਦ, ਕਸ਼ਿਸ਼ ਅਰੋੜਾ, ਹਰੀਸ਼ ਸਿੰਘ ਬੋਹਣ, ਕਾਰਤਿਕ, ਅਕਲੇਸ਼ਵਰ ਭਾਰਤੀ, ਪ੍ਰਵੇਜ਼, ਨਰਜੋਤ ਸਿੰਘ, ਜਰਨੈਲ ਸਿੰਘ, ਸੁਰਿੰਦਰ ਠਾਕੁਰ, ਸੰਜੀਵ ਕੁਮਾਰ, ਸੰਦੀਪ, ਗੋਪੀ ਆਦੀ ਨੇ ਬਾਬਾ ਸਾਹਿਬ ਦੇ ਜਨਮਦਿਨ ਦੀਆਂ ਲੱਖ ਲੱਖ ਵਧਾਈਆਂ ਦਿੱਤੀਆਂ।

# ਵਿਸਾਖੀ 'ਤੇ ਨਿਊਜ਼ੀਲੈਂਡ-ਆਸਟਰੇਲੀਆ ਦੇ ਸਾਂਝੇ ਗਾਇਕ ਰਾਣਾ ਜੀ ਦਾ ਗੀਤ 'ਤੇਗ' ਜਾਰੀ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਖਾਲਸਾ ਪੰਥ ਦਾ 325ਵਾਂ ਸਾਜਨਾ ਦਿਵਸ ਅੱਜ ਦੇਸ਼-ਵਿਦੇਸ਼ ਦੇ ਵਿਚ ਬੜੇ ਉਤਸ਼ਾਹ ਅਤੇ ਸਿੱਖੀ ਜ਼ਜਬੇ ਸੰਗ ਮਨਾਇਆ ਗਿਆ। ਇਸ ਮੌਕੇ ਜਿੱਥੇ ਕੀਰਤਨ ਅਤੇ ਕਥਾ ਦੀਵਾਨ ਸਜੇ ਉਥੇ ਗਾਇਕੀ ਦੇ ਖੇਤਰ ਵਿਚ ਵਿਚਰਦੇ ਗਾਇਕਾਂ ਨੇ ਵੀ ਆਪਣੀ ਕਲਾ ਦੇ ਨਾਲ ਖਾਲਸਾ ਸਾਜਨਾ ਦਿਵਸ (ਵਿਸਾਖੀ) ਦਿਹਾੜੇ ਦੇ ਇਤਿਹਾਸਕ ਪ੍ਰਸੰਗਾਂ ਨੂੰ ਗੀਤਾਂ ਦੇ ਵਿਚ ਪ੍ਰੋਅ ਕੇ ਪੇਸ਼ ਕੀਤਾ। ਨਿਊਜ਼ੀਲੈਂਡ ਅਤੇ ਆਸਟਰੇਲੀਆ ਦੇ ਸਾਂਝੇ ਗਾਇਕ ਰਾਣਾ ਜੀ ਨੇ ਇਸ ਵਾਰ ਖਾਲਸਾ ਸਾਜਨਾ ਦਿਵਸ ਮੌਕੇ ਆਪਣਾ ਧਾਰਮਿਕ ਗੀਤ 'ਵਾਰ' ਦੇ ਰੂਪ ਵਿਚ ਫਾਸਟ ਬੀਟ ਸੰਗੀਤਕ ਸੁਰਾਂ ਸੰਗ ਪੇਸ਼ ਕੀਤਾ ਹੈ। ਇਸ ਗੀਤ ਦੀ ਬੀਟ ਕਮਾਲ ਦੀ ਹੈ ਅਤੇ ਲਗਦਾ ਹੈ ਕਿ ਇਹ ਗੀਤ ਹਰ ਗਤਕਾ ਅਖਾੜੇ ਵਿਚ ਤੇਗਾਂ ਜਾਂ ਕਹਿ ਲਈਏ ਤਲਵਾਰਾਂ ਦੇ ਫੌਲਾਦੀ ਜੌਹਰ ਵਿਖਾਉਣ ਵੇਲੇ ਵਜਾਇਆ ਜਾਵੇਗਾ। ਇਸ ਗੀਤ ਦੇ ਰਿਲੀਜ਼ ਦਾ ਰੰਗਦਾਰ ਪੋਸਟਰ ਅੱਜ ਨਿਊਜ਼ੀਲੈਂਡ ਦੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਪਾਪਾਕੁਰਾ ਵਿਖੇ ਸ. ਵਰਿੰਦਰ ਸਿੰਘ ਬਰੇਲੀ ਨੇ ਸਮੂਹ ਸੰਗਤਾਂ ਦੀ ਹਾਜ਼ਰੀ ਵਿਚ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਪ੍ਰਚਾਰਕ ਭਾਈ ਜਗਦੇਵ ਸਿੰਘ (ਕਥਾ ਵਾਚਕ), ਮੁੱਖ ਸੇਵਾਦਾਰ ਐਚ। ਡੀ। ਭੁੰਡਪਾਲ, ਸਕੱਤਰ ਸ. ਗੁਰਿੰਦਰ ਸਿੰਘ ਸ਼ਾਦੀਪੁਰ, ਭਾਈ ਗੁਰਨੇਕ ਸਿੰਘ ਮਸਾਣੀਆ, ਸ. ਮੋਹਨਪਾਲ ਸਿੰਘ ਬਾਠ, ਸ। ਬਚਨ ਸਿੰਘ ਲਾਲੀ, ਸ਼ੰਮਾ ਅਤੇ ਸ। ਮਲਕੀਤ ਸਿੰਘ ਰਾਹੀਂ ਜਾਰੀ ਕਰਵਾਇਆ। ਇਹ ਗੀਤ ਯੂ।ਟਿਊਬ ਉਤੇ ਵਧੀਆ ਵੀਡੀਓ ਫਿਲਮਾਂਕਣ ਰਾਹੀਂ ਜਾਰੀ ਕੀਤਾ ਗਿਆ ਹੈ। ਇਸ ਗੀਤ ਦੇ ਲੇਖਕ ਜੋਗੀ ਜੰਡੂਸਿੰਘਾ ਵਾਲੇ ਅਤੇ ਸੰਗੀਤਕਾਰ ਬੌਬੀ ਸ਼ਰਮਾ ਹਨ। ਰਛਪਾਲ ਥਿੰਦ ਅਤੇ ਪਾਲ ਥਿੰਦ ਇਸ ਗੀਤ ਦੇ ਨਿਰਮਾਤਾ ਹਨ ਅਤੇ ਇਸ ਨੂੰ ਫਿਊਚਰ ਟਿਊਨ ਕੰਪਨੀ ਦੇ ਵਿਚ ਰਿਲੀਜ਼ ਕੀਤਾ ਗਿਆ ਹੈ।




ਕੁੱਝ ਗੱਲਾਂ ਗਾਇਕ ਰਾਣਾ ਜੀ ਬਾਰੇ: ਰਣਜੀਤ ਸਿੰਘ (ਰਾਣਾ ਜੀ) ਪੁੱਤਰ ਸ: ਪਿਆਰਾ ਸਿੰਘ ਢੱਡਵਾਲ ਦਾ ਸੰਗੀਤ ਨਾਲ ਬਚਪਨ ਤੋਂ ਲਗਾਅ ਰਿਹਾ ਹੈ। ਪ੍ਰੋਫੈਸ਼ਨਲ ਤੌਰ 'ਤੇ ਗਾਇਕੀ ਖੇਤਰ ਵਿੱਚ ਪ੍ਰਵੇਸ਼ 1996-2002 ਤੋਂ ਬਾਅਦ ਪਰਵਾਰਿਕ ਜ਼ਿੰਮੇਵਾਰੀਆਂ ਕਰਕੇ ਨਿਊਜ਼ੀਲੈਂਡ ਆ ਗਏ। ਨਿਊਜ਼ੀਲੈਂਡ ਵਿੱਚ ਕਬੱਡੀ ਸ਼ੁਰੂ ਕਰਨ ਲਈ ਦਿਨ-ਰਾਤ ਬਣਦਾ ਯੋਗਦਾਨ ਪਾਇਆ। ਫਿਰ 2006 ਵਿੱਚ ਆਸਟਰੇਲੀਆ ਚਲੇ ਗਏ। ਇਥੇ ਜਾ ਕੇ ਪੰਜ ਸਾਲ ਕਬੱਡੀ ਕੋਚ ਦੇ ਤੌਰ 'ਤੇ ਸੇਵਾ ਨਿਭਾਈ।

ਅੰਤਰ-ਰਾਸ਼ਟਰੀ ਪੱਧਰ ਤੱਕ ਕਬੱਡੀ ਵੀ ਖੇਡੀ। ਆਸਟਰੇਲੀਆ ਜਾ ਕੇ ਸਿੰਗਲ ਟਰੈਕ ਵੀ ਸਰੋਤਿਆਂ ਦੀ ਝੋਲੀ ਪਾਏ। ਪਹਿਲਾ ਗੀਤ 'ਸਾਲ ਬਾਅਦ ਸਿੱਖ ਖੇਡਾਂ ਆਈਆਂ ਮੇਰੇ ਦੋਸਤੋ' ਆਇਆ ਫਿਰ ਨਿਊਜ਼ੀਲੈਂਡ ਸਿੱਖ ਖੇਡਾਂ ਦੀ ਸ਼ੁਰੂਆਤ 'ਤੇ 'ਸਿੱਖ ਖੇਡਾਂ ਸ਼ੁਰੂ ਹੋ ਗਈਆਂ, ਹੋ ਗਈਆਂ ਨੇ ਖੁਸ਼ੀਆਂ ਦੇ ਨਾਲ।' ਇਸ ਤੋਂ ਬਾਅਦ ਆਸਟਰੇਲੀਆ ਵਰਲਡ ਕੱਪ ਤੇ 'ਵਰਲਡ ਕੱਪ ਹੈ ਰੱਖਿਆ, ਮਿਲਕੇ ਸੱਭ ਭਰਾਵਾਂ ਨੇ', ਫਿਰ ਮੈਲਬੌਰਨ ਪੰਜਾਬ ਵੌਰੀਅਰ ਕਲੱਬ ਲਈ 'ਮੁੰਡੇ ਪੰਜਾਬ ਵੌਰੀਅਰ ਦੇ, ਪਾਉਂਦੇ ਭੰਗੜੇ ਤੇ ਖੇਡਣ ਕਬੱਡੀਆਂ' ਤੇ ਫਿਰ 'ਮੈਲਬੌਰਨ ਅਕੈਡਮੀ ਦੇ, ਸੁਣੀਦੇ ਮੁੰਡੇ ਤੱਕੜੇ ਸੁਣੀਦੇ ਮੁੰਡੇ ਤੱਕੜੇ' ਤੇ ਹੁਣ ਖ਼ਾਲਸੇ ਦੇ ਜਨਮ ਦਿਨ ਤੇ ਇਹ ਵਾਰ 'ਤੇਗ' ਪੇਸ਼ ਕੀਤੀ ਹੈ।

ਖਾਲਸਾ ਸਾਜਨਾ ਦਿਵਸ ਦੀ ਪੂਰੇ ਪ੍ਰਸੰਗ ਨੂੰ ਇਸ ਗੀਤ ਦੇ ਵਿਚ ਪ੍ਰਗਟ ਕੀਤਾ ਗਿਆ ਹੈ। ਕਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤੇਗ ਦੇ ਨਾਲ ਲਲਕਾਰ ਕੇ ਪੰਜ ਸਿਰਾਂ ਦੀ ਮੰਗ ਕੀਤੀ। ਜਿਵੇਂ ਗੁਰੂ ਸਾਹਿਬ ਨੇ ਉਸ ਵੇਲੇ ਸੰਗਤ ਦੇ ਵਿਚ ਜੋਸ਼ ਭਰਿਆ ਹੋਵੇਗਾ ਉਵੇਂ ਦਾ ਹੀ ਸੰਗੀਤ ਜੋਸ਼ ਭਰਨ ਵਾਲਾ ਲਗਦਾ ਹੈ। ਗਾਇਕ ਰਾਣਾ ਜੀ ਨੇ ਨਿਊਜ਼ੀਲੈਂਡ ਸੰਗਤ ਦਾ ਪੋਸਟਰ ਰਿਲੀਜ਼ ਕਰਨ ਉਤੇ ਸਮੂਹ ਸੰਗਤ ਦਾ ਧੰਨਵਾਦ ਕੀਤਾ ਹੈ ਅਤੇ ਗੀਤ ਨੂੰ ਸੁਣ ਕੇ ਸ਼ੇਅਰ ਕਰਨ ਦੀ ਬੇਨਤੀ ਕੀਤੀ ਹੈ। ਰਾਣਾ ਜੀ ਨੇ ਸ. ਵਰਿੰਦਰ ਸਿੰਘ ਬੈਂਸ (ਬਰੇਲੀ), ਗੁਰਨੇਕ ਸਿੰਘ ਨਿੱਝਰ, ਗੁਰਸ਼ਰਨ ਸਿੰਘ ਬੜਿਆਲ, ਦਵਿੰਦਰ ਸਿੰਘ ਗਿੰਦਾ,ਹਰਪ੍ਰੀਤ ਸਿੰਘ ਕੰਗ, ਸ. ਰਣਵੀਰ ਸਿੰਘ ਲਾਲੀ, ਮਾਸਟਰ ਜੋਗਿੰਦਰ ਸਿੰਘ ਬੈਦਵਾਨ, ਹਰਿੰਦਰਪਾਲ ਸਿੰਘ ਢਿਲੋਂ,ਜਗਜੀਤ ਸਿੰਘ ਕੰਗ, ਗੁਰਿੰਦਰ ਸਿੰਘ ਢੱਟ, ਮਹਿੰਦਰ ਸਿੰਘ ਸੰਧੂ ਹਮਿਲਟਨ, ਰਘਵੀਰ ਸਿੰਘ, ਪ੍ਰੀਤਮ ਸਿੰਘ ਧਾਲੀਵਾਲ, ਹਰਬੰਸ ਸਿੰਘ ਸੰਘਾ,ਇੰਦਰਜੀਤ ਸਿੰਘ ਕਾਲਕਟ, ਮੰਗਾ ਭੰਡਾਲ, ਦਲਵੀਰ ਸਿੰਘ ਲਸਾੜਾ, ਬੂਟਾ ਸ਼ੈਲੀ ਟੌਂਸਾ, ਤੀਰਥ ਸਿੰਘ ਅਟਵਾਲ, ਕੁਲਦੀਪ ਸਿੰਘ ਲੂਥਰ, ਹਰਪਾਲ ਸਿੰਘ ਪਾਲ, ਅਮਰੀਕ ਸਿੰਘ ਨੱਚਦਾ ਪੰਜਾਬ ਵਾਲੇ, ਦਲਜੀਤ ਸਿੰਘ ਵਿਰਕ, ਸੰਤੋਖ ਸਿੰਘ ਵਿਰਕ, ਜੱਸਾ ਬੋਲੀਨਾ, ਅੰਗਰੇਜ਼ ਸਿੰਘ, ਨਵਤੇਜ ਰੰਧਾਵਾ, ਪਰਮਿੰਦਰ ਪਾਪਾਟੋਏਟੋਏ, ਟੋਨੀ ਮਿਊਜ਼ਕ ਸੈਂਟਰ ਵਾਲਿਆਂ ਦਾ ਬਹੁਤ ਬਹੁਤ ਧੰਨਵਾਦ ਕੀਤਾ ਹੈ।


# ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਪਾਪਾਕੁਰਾ ਵਿਖੇ ਸੰਗਤ ਦਾ ਭਾਰੀ ਇਕੱਠ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਖਾਲਸਾ ਪੰਥ ਦਾ 325ਵਾਂ ਸਾਜਨਾ ਦਿਵਸ ਅੱਜ ਨਿਊਜ਼ੀਲੈਂਡ ਦੇ ਵੱਖ-ਵੱਖ ਗੁਰਅਸਥਾਨਾਂ ਉਤੇ ਮਨਾਇਆ ਗਿਆ। ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਪਾਪਾਕੁਰਾ ਵਿਖੇ ਇਸ ਮੌਕੇ ਸ੍ਰੀ ਅਖੰਠ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਕੀਤੀ ਗਈ। ਕੀਰਤਨ ਦੀਵਾਨ ਸਜਿਆ ਜਿਸ ਦੇ ਵਿਚ ਹਜ਼ੂਰੀ ਰਾਗੀ ਭਾਈ ਗੁਰਵਿੰਦਰ ਸਿੰਘ ਦੱਦੇਹਰ ਦੇ ਰਾਗੀ ਜੱਥੇ ਨੇ ਰਸਭਿੰਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਕਥਾਵਾਚਕ ਭਾਈ ਜਗਦੇਵ ਸਿੰਘ (ਮੁੱਖ ਪ੍ਰਚਾਰਕ ਸ੍ਰੀ ਦਰਬਾਰ ਸਾਹਿਬ) ਵਿਸ਼ੇਸ਼ ਤੌਰ ਉਤੇ ਇਸ ਅਸਥਾਨ ਉਤੇ ਪਹੁੰਚੇ ਅਤੇ ਸਿੱਖ ਸਰਦਾਰਾਂ ਦੀ ਰਾਜਾਦਿੱਖ ਸੂਰਤ ਉਤੇ ਆਪਣਾ ਵਿਸ਼ਾ ਕੇਂਦਰਿਤ ਕਰਦਿਆਂ ਨੱਥੂ ਰਾਮ (ਪ੍ਰੋ. ਸਾਹਿਬ ਸਿੰਘ) ਅਤੇ ਰਾਜਾ ਰਾਮ (ਭਗਤ ਪੂਰਨ ਸਿੰਘ) ਦੀ ਉਦਾਹਰਣ ਦਿ-ਦਿਆ ਸਿੱਖੀ ਜੀਵਨ ਧਾਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਪੰਜਾਂ ਕਕਾਰਾਂ ਦੀ ਮਹਾਨਤਾ ਉਤੇ ਬਹੁਤ ਹੀ ਪ੍ਰਭਾਵਸ਼ਾਲੀ ਉਪਦੇਸ਼ ਦਿੱਤਾ। ਸ੍ਰੀ ਦਰਬਾਰ ਸਾਹਿਬ ਦੀ ਤਰਜ਼ ਉਤੇ ਸਤਿਨਾਮ ਸ੍ਰੀ ਵਾਹਿਗੁਰੂ ਦਾ ਜਾਪ ਕਰਵਾਇਆ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਅਤੇ ਬੋਲੇ ਸੋ ਨਿਹਾਲ ਦੀ ਮਹੱਤਤਾ ਅਤੇ ਵਰਤੋਂ ਕਰਨ ਉਤੇ ਜ਼ੋਰ ਦਿੱਤਾ। ਸਕੱਤਰ ਭਾਈ ਗੁਰਿੰਦਰ ਸਿੰਘ ਹੋਰਾਂ ਨੇ ਹਜ਼ੂਰੀ ਰਾਗੀ ਜੱਥੇ ਅਤੇ ਭਾਈ ਜਗਦੇਵ ਸਿੰਘ ਦਾ ਮੈਨੇਜਮੈਂਟ ਅਤੇ ਸੰਗਤ ਦਾ ਧੰਨਵਾਦ ਕੀਤਾ। ਪ੍ਰਬੰਧਕ ਕਮੇਟੀ ਵੱਲੋਂ ਭਾਈ ਸਾਹਿਬ ਨੂੰ ਸਿਰੋਪਾਏ ਪਾ ਕੇ ਸਨਮਾਨ ਦਿੱਤਾ ਗਿਆ। ਗੁਰਦੁਆਰਾ ਸਾਹਿਬ ਦੀ ਛੇਵੀਂ ਵਰ੍ਹੇਗੰਢ ਹੋਣ ਕਰਕੇ ਗੁਰਦੁਆਰਾ ਸਾਹਿਬ ਵਿਖੇ ਨਿਸ਼ਕਾਮ ਸੇਵਾ ਨਿਭਾਅ ਰਹੇ ਸਾਰੇ ਸੇਵਾਦਾਰਾਂ, ਲੰਗਰ ਪਕਾਉਣ ਅਤੇ ਬਰਤਨਾਂ ਦੀ ਸੇਵਾ ਕਰਨ ਵਾਲੀਆਂ ਬੀਬੀਆਂ ਦਾ ਵੀ ਸਿਰੋਪਾਓ ਪਾ ਕੇ ਸਨਮਾਨ ਕੀਤਾ ਗਿਆ।




ੀ ਰਾਗੀ ਭਾਈ ਗੁਰਵਿੰਦਰ ਸਿੰਘ ਦੱਦੇਹਰ ਕੀਰਤਨ, ਭਾਈ ਜਗਦੇਵ ਸਿੰਘ ਕਥਾ ਅਤੇ ਸ. ਗੁਰਿੰਦਰ ਸਿੰਘ ਧੰਨਵਾਦ ਕਰਦਿਆ

## ਜਾਗ ਵੇ ਦੁੱਲਿਆ



ਉੱਠ ਜਾਗ ਵੇ ਦੁੱਲਿਆ
ਜਾਗ ਜਾਗ ਜਾਗ
ਤੂੰ ਜਾਣ ਲੈ ਮੈਨੂੰ
ਪਹਿਚਾਣ ਲੈ ਮੈਨੂੰ
ਮੈਂ ਉਹੀ ਤੇਰੀ ਧੀ ਆਂ
ਜਿਸ ਦਾ ਕਦੇ ਸਾਲੂ ਪਾਟਿਆ ਸੀ
ਸਾਲੂ ਨੂੰ ਤੂੰ ਹੀ ਸਮੇਟਿਆ ਸੀ
ਪਰ ਅੱਜ
ਮੇਰਾ ਸਾਲੂ ਹੀ ਨਹੀਂ
ਸਗੋਂ
ਪੂਰਾ ਜਿਸਮ ਹੀ
ਲੀਰੋ ਲੀਰ ਹੋ ਚੁੱਕਾ ਹੈ
ਤੇ ਇਹੀ ਵਰਤਾਰਾ ਵਰਤਦਾ ਹੈ
ਵਾਰ ਵਾਰ
ਉੱਠ ਜਾਗ ਵੇ ਦੁੱਲਿਆ
ਜਾਗ ਜਾਗ ਜਾਗ

ਜ਼ਾਲਮ ਦੇ ਖੂਨੀ ਪੰਜੇ
ਕਾਲਜ਼ ਦੀਆਂ ਕੰਧਾਂ ਅੰਦਰ ਵੀ ਟੰਗੇ
ਨੱਚਦੇ ਨੇ ਤਾਂਡਵ ਨਾਚ
ਨੋਚਦੇ ਨੇ ਮਾਸ
ਇਜ਼ਤਾਂ ਨੂੰ ਕਰਦੇ ਤਾਰ ਤਾਰ
ਵਾਰ ਵਾਰ
ਉੱਠ ਜਾਗ ਵੇ ਦੁੱਲਿਆ
ਜਾਗ ਜਾਗ ਜਾਗ

ਦਹਿਸ਼ਤ
ਵਹਿਸ਼ਤ
ਬੁਰਸ਼ਾਗਰਦੀ
ਹਨੇਰਗਰਦੀ
ਰਾਜ ਪ੍ਰਬੰਧ ਦੇ ਇਹ ਸੂਚਕ ਸ਼ਬਦ
ਇਨ੍ਹਾਂ ਸ਼ਬਦਾਂ ਦੇ ਅਰਥ
ਮੇਰੀ ਹੋਣੀ ਬਣ ਨਿਕਲਦੇ ਨੇ
ਹਰ ਵਾਰ
ਉੱਠ ਜਾਗ ਵੇ ਦੁੱਲਿਆ
ਜਾਗ ਜਾਗ ਜਾਗ ।

**ਅਵਤਾਰ ਲੰਗੇਰੀ**
9463260181

# ਜਲ੍ਹਿਆਂਵਾਲਾ ਬਾਗ਼ ਯਾਦਗਾਰੀ ਸਮਾਗਮ ਮੌਕੇ ਸਾਂਝੀ ਤਵਾਰੀਖ਼ ਦਾ ਪਰਚਮ ਬੁਲੰਦ ਰੱਖਣ ਦੀ ਅਪੀਲ

**ਜਲੰਧਰ–** ਮੁਲਕ ਦੀ ਆਜ਼ਾਦੀ ਤਵਾਰੀਖ਼ ਦੇ ਹਿਰਦੇਵੇਦਕ ਇਤਿਹਾਸਕ ਖ਼ੂਨੀ ਕਾਂਡ ਜਲ੍ਹਿਆਂਵਾਲਾ ਬਾਗ਼ ਦੀ ਲਹੂ ਰੱਤੀ




ਮਿੱਟੀ ਅਤੇ ਇਸਦੇ ਅਮਰ ਸ਼ਹੀਦਾਂ ਨੂੰ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਯਾਦਗਾਰ ਹਾਲ 'ਚ ਸਿਜਦਾ ਕੀਤਾ ਗਿਆ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸੀਨੀਅਰ ਟਰਸੱਟੀ ਸੁਰਿੰਦਰ ਕੁਮਾਰੀ ਕੋਛੜ ਅਤੇ ਗੁਰਮੀਤ ਸਿੰਘ ਨੇ ਕਮੇਟੀ ਦੀ ਤਰਫ਼ੋਂ ਜਲ੍ਹਿਆਂਵਾਲਾ ਬਾਗ਼ ਦੇ ਸ਼ਹੀਦਾਂ ਦੇ ਅਦਬ 'ਚ ਫੁੱਲ ਭੇਂਟ ਕਰਦਿਆਂ ਕਿਹਾ ਕਿ ਜਲ੍ਹਿਆਂ ਵਾਲਾ ਬਾਗ਼ 'ਚ ਡੁੱਲ੍ਹਾ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦਾ ਸਾਂਝਾ ਲਹੂ ਅੱਜ ਵੀ ਬੋਲਦਾ ਹੈ, ਕੱਲ੍ਹ ਵੀ ਬੋਲਦਾ ਰਹੇਗਾ। ਉਹਨਾਂ ਕਿਹਾ ਕਿ ਆਜ਼ਾਦੀ ਦੀ ਜੱਦੋ ਜਹਿਦ ਵਿੱਚ ਇੱਕ ਜ਼ਿੰਦ ਇੱਕ ਜੂਨ ਹੋ ਕੇ ਤਨ, ਮਨ, ਧਨ ਨਿਛਾਵਰ ਕਰਨ ਵਾਲੇ ਲੋਕਾਂ ਵਿੱਚ ਪਾਟਕ ਪਾਉਣ, ਜ਼ਹਿਰ ਛਿੜਕਣ ਅਤੇ ਇੱਕ ਦੂਜੇ ਦੇ ਵੈਰੀ ਬਣਾ ਕੇ ਸੌੜੇ ਸਿਆਸੀ ਹਿੱਤਾਂ ਦੇ ਫੁਲਕੇ ਸੇਕਣ ਦੇ ਚੰਦਰੇ ਮਨਸੂਬੇ ਕਦਾਚਿਤ ਪੂਰੇ ਨਹੀਂ ਹੋਣਗੇ।

ਬੁਲਾਰਿਆਂ ਕਿਹਾ ਕਿ ਖੇਤੀ, ਸਨਅਤ, ਸਿੱਖਿਆ, ਸਿਹਤ, ਬਿਜਲੀ, ਪਾਣੀ, ਕੁਦਰਤੀ ਅਨਮੋਲ ਖਜ਼ਾਨਿਆਂ, ਰੁਜ਼ਗਾਰ, ਜੰਗਲ, ਜਲ, ਜ਼ਮੀਨ, ਬੋਲੀ, ਇਤਿਹਾਸ, ਵਿਰਾਸਤ, ਸਾਹਿਤ ਆਦਿ ਨੂੰ ਬਦੇਸ਼ੀ ਦੇਸੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਲਈ ਵੰਨ-ਸੁਵੰਨੇ ਹਾਕਮਾਂ ਵੱਲੋਂ ਲੱਗੀ ਦੌੜ ਖ਼ਿਲਾਫ਼ ਆਵਾਜ਼ ਬੁਲੰਦ ਕਰਨਾ ਅਤੇ ਨਾਲ਼ ਦੀ ਨਾਲ਼ ਹਰ ਤਰ੍ਹਾਂ ਦੀ ਫ਼ਿਰਕੂ ਫਾਸ਼ੀ ਹਨੇਰੀ ਨੂੰ ਪਛਾੜਨਾ ਹੀ ਜੱਲ੍ਹਿਆਂਵਾਲਾ ਬਾਗ਼ ਦੇ ਸ਼ਹੀਦਾਂ ਨੂੰ ਹਕੀਕੀ ਰੂਪ ਵਿੱਚ ਸਿਜਦਾ ਕਰਨਾ ਹੈ।

ਸਮਾਗਮ 'ਚ ਅਹਿਦ ਲਿਆ ਗਿਆ ਕਿ ਜਲ੍ਹਿਆਂਵਾਲਾ ਬਾਗ਼ ਅਤੇ ਗ਼ਦਰ ਲਹਿਰ ਦੀ ਮਾਣਮੱਤੀ ਵਿਰਾਸਤ ਨੂੰ ਬੁਲੰਦ ਕਰਦਿਆਂ ਮੁਲਕ ਅੰਦਰ ਸਾਮਰਾਜਵਾਦ ਉਸਦੇ ਸੇਵਾਦਾਰਾਂ, ਫ਼ਿਰਕੂ ਤਾਕਤਾਂ ਵਿਰੋਧੀ ਜਨਤਕ ਲਹਿਰ ਉਸਾਰਨ ਲਈ ਚੇਤਨਾ ਅਤੇ ਚਿੰਤਨ ਨੂੰ ਮਜ਼ਬੂਤ ਕਰਨ 'ਚ ਯੋਗਦਾਨ ਪਾਉਣਾ ਜਾਰੀ ਰੱਖਿਆ ਜਾਏਗਾ।

ਸਮਾਗਮ 'ਚ ਕਾਲ਼ੇ ਕਾਨੂੰਨ ਰੱਦ ਕਰਨ, ਲੋਕਾਂ ਉਪਰ ਚੌਤਰਫ਼ੇ ਹਮਲੇ ਬੰਦ ਕਰਨ, ਹਰ ਵੰਨਗੀ ਦੇ ਜਾਤ-ਪਾਤੀ ਫ਼ਿਰਕੇਦਾਰਾਨਾ ਤੁਅੱਸਬ ਦੂਰ ਕਰਕੇ ਧਰਮ-ਨਿਰਪੱਖ, ਸਾਂਝੀਵਾਲਤਾ ਦੀ ਲਹਿਰ ਸਿਰਜਣ ਲਈ ਵਿਸਾਖੀ ਦਿਹਾੜੇ ਤੋਂ ਪ੍ਰੇਰਨਾ ਲੈਣ 'ਤੇ ਵੀ ਜ਼ੋਰ ਦਿੱਤਾ ਗਿਆ। 21 ਅਪ੍ਰੈਲ ਗ਼ਦਰ ਪਾਰਟੀ ਸਥਾਪਨਾ ਦਿਹਾੜੇ ਮੌਕੇ ਕਾਫ਼ਲੇ ਬੰਨ੍ਹ ਕੇ ਸ਼ਾਮਲ ਹੋਣ ਦੀ ਅਪੀਲ ਵੀ ਕੀਤੀ ਗਈ, ਜਿਸ ਸਮਾਗਮ ਨੂੰ ਸੰਬੋਧਨ ਕਰਨ ਲਈ ਉਚੇਚੇ ਤੌਰ 'ਤੇ ਡਾ. ਦਵਿੰਦਰ ਸ਼ਰਮਾ ਪੁੱਜ ਰਹੇ ਹਨ।

# ਸਿੱਖ ਨੈਸ਼ਨਲ ਕਾਲਜ ਬੰਗਾ ਦੇ ਵਿਦਿਆਰਥੀਆਂ ਨੂੰ ਦੱਸੀ ਟੈਕਸ ਦੀ ਅਹਿਮੀਅਤ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸਿੱਖ ਨੈਸ਼ਨਲ ਕਾਲਜ ਚਰਨ ਕੰਵਲ ਬੰਗਾ ਵਿਖੇ ਕਾਮਰਸ ਵਿਭਾਗ ਵਲੋਂ ਇਨਕਮ ਟੈਕਸ ਈ ਫਾਈਲਿੰਗ ਤੇ ਜੀ ਐਸ ਟੀ ਸੰਬੰਧੀ ਸਿਖਲਾਈ ਵਰਕਸ਼ਾਪ ਲਗਾਈ ਗਈ। ਸਮਾਗਮ ਦੀ ਪ੍ਰਧਾਨਗੀ ਪ੍ਰਿੰਸੀਪਲ ਡਾਕਟਰ ਤਰਸੇਮ ਸਿੰਘ ਭਿੰਡਰ ਵਲੋਂ ਕੀਤੀ ਗਈ। ਜਿਸ ਵਿੱਚ ਕਾਮਰਸ ਵਿਭਾਗ ਦੇ ਵਿਦਿਆਰਥੀਆਂ, ਕਾਮਰਸ ਵਿਭਾਗ ਦੇ ਸਮੂਹ ਅਧਿਆਪਕਾਂ ਨੂੰ ਇਨਕਮ ਟੈਕਸ ਅਤੇ ਜੀ ਐਸ ਟੀ ਸੰਬੰਧੀ ਅਮਲੀ ਗਿਆਨ ਦਿੱਤਾ। ਇਸ ਮੌਕੇ ਮੰਚ ਸੰਚਾਲਨ ਦਮਨਦੀਪ ਕੌਰ ਵਿਦਿਆਰਥਣ ਬੀ ਕਾਮ ਭਾਗ ਛੇਵਾਂ ਵਲੋਂ ਬਹੁਤ ਹੀ ਵਧੀਆ ਢੰਗ ਨਾਲ ਨਿਭਾਇਆ ਗਿਆ। ਮੁੱਖ ਬੁਲਾਰੇ ਅਮਨਦੀਪ ਸਿੰਘ ਟੈਗੋਰ ਟੈਕਸ ਕੰਸਲਟੈਂਟ ਅਤੇ ਕੰਪਨੀ ਸੈਕਰੇਟਰੀ ਬੰਗਾ ਨੇ ਵਿਦਿਆਰਥੀਆਂ ਨੂੰ ਵਿਵਹਾਰਿਕ ਜੀਵਨ ਵਿੱਚ ਟੈਕਸ ਦੀ ਮਹੱਤਤਾ ਵਾਰੇ ਵਿਸਥਾਰ ਪੂਰਵਕ ਦੱਸਿਆ। ਉਹਨਾਂ ਨੇ ਵਿਦਿਆਰਥੀਆਂ ਨੂੰ ਆਨਲਾਈਨ ਇਨਕਮ ਟੈਕਸ ਰਿਟਰਨ ਭਰਨ ਦੇ ਵੱਖ ਵੱਖ ਤਰੀਕਿਆ ਤੋਂ ਜਾਣੂ ਕਰਵਾਇਆ।

ਇਹ ਵਰਕਸ਼ਾਪ ਸਿੱਖ ਨੈਸ਼ਨਲ ਕਾਲਜ ਅਤੇ ਟੈਗੋਰ ਏ ਐਂਡ ਕੰਪਨੀ ਵਿਚਕਾਰ ਹੋਏ ਐਮ ਓ ਯੂ ਦੇ ਉਦੇਸ਼ ਨੂੰ ਪੂਰਾ ਕਰਨ ਤਹਿਤ ਕਰਵਾਈ ਗਈ। ਇਸ ਦੌਰਾਨ ਪ੍ਰਵਕਤਾ ਅਮਨਦੀਪ ਟੈਗੋਰ ਨੇ ਇਨਕਮ ਟੈਕਸ ਅਤੇ ਜੀ ਐਸ ਟੀ ਰਿਟਰਨ ਫਾਈਲ ਕਰਨ ਦੇ ਤਰੀਕਿਆ ਵਾਰੇ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਇਹਨਾਂ ਖੇਤਰਾਂ ਦੇ ਵਿੱਚ ਰੋਜਗਾਰ ਦੇ ਮੌਕਿਆਂ ਵਾਰੇ ਵੀ ਜਾਣਕਾਰੀ ਦਿੱਤੀ। ਅਖੀਰ ਵਿੱਚ ਵਿਭਾਗ ਮੁਖੀ ਡਾਕਟਰ ਕਮਲਦੀਪ ਕੌਰ ਨੇ ਮੁੱਖ ਮਹਿਮਾਨ ਦਾ ਧੰਨਵਾਦ ਕੀਤਾ। ਇਸ ਮੌਕੇ ਕਾਮਰਸ ਵਿਭਾਗ ਦੇ ਡਾਕਟਰ ਦਵਿੰਦਰ ਕੌਰ, ਪ੍ਰੋ ਰਮਨਦੀਪ ਕੌਰ, ਪ੍ਰੋ ਮਨਰਾਜ ਕੌਰ, ਪ੍ਰੋ ਹਰਦੀਪ ਕੌਰ, ਪ੍ਰੋ ਦੀਪਿਕਾ, ਪ੍ਰੋ ਪ੍ਰੀਆ ਲੱਧੜ ਤੇ ਪ੍ਰੋ ਲੱਛਮੀ ਰਾਣੀ ਆਦਿ ਹਾਜ਼ਰ ਸਨ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com www.ambedkartimes.com

# ਰਾਜਨੀਤਿਕ ਦਲਾਂ ਵੱਲੋਂ ਦਲਿਤ ਤੇ ਪਛੜੇ ਵਰਗਾਂ ਨਾਲ ਕੀਤੀ ਜਾ ਰਹੀ ਗਾਲੀ ਗਲੋਚ ਸ਼ਰਮਨਾਕ - ਜਸਵੀਰ ਸਿੰਘ ਗੜ੍ਹੀ

**ਬਲਾਚੌਰ (ਬੀ.ਕੇ. ਰੱਤੂ)**– ਬਹੁਜਨ ਸਮਾਜ ਪਾਰਟੀ ਵੱਲੋਂ ਅੱਜ ਬਲਾਚੌਰ ਤੋਂ ਨਵਾਂ ਸ਼ਹਿਰ ਤੱਕ ਸੰਵਿਧਾਨ ਬਚਾਓ ਵਿਸ਼ਾਲ ਮੋਟਰਸਾਈਕਲ ਰੈਲੀ ਬਸਪਾ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਅਤੇ ਬਸਪਾ ਵਿਧਾਇਕ ਡਾ ਨਛੱਤਰ ਪਾਲ ਜੀ ਦੀ ਅਗਵਾਈ ਵਿੱਚ ਕੱਢੀ ਗਈ। ਇਹ ਮੋਟਰਸਾਈਕਲ ਯਾਤਰਾ ਬਲਾਚੌਰ ਸ਼ਹਿਰ ਤੋਂ ਹੁੰਦੀ ਹੋਈ ਨਵਾਂਸ਼ਹਿਰ ਪੁੱਜੀ ਅਤੇ ਨਵਾਂਸ਼ਹਿਰ ਵਿੱਚ ਵੱਡੇ ਕਾਫਲੇ ਦਾ ਰੂਪ ਧਾਰਨ ਕਰ ਗਈ। ਨੀਲੇ ਝੰਡੇ ਲੱਗੇ ਮੋਟਰਸਾਈਕਲ ਤੇ ਆਕਾਸ਼ ਗੂੰਜ ਦੇ ਬਾਬਾ ਸਾਹਿਬ ਅੰਬੇਡਕਰ ਅਮਰ ਰਹੇ ਤੇ ਨਾਰਿਆਂ ਨਾਲ ਬਹੁਜਨ ਸਮਾਜ ਪਾਰਟੀ ਦਾ ਵੱਡਾ ਲਸ਼ਕਰ ਵਿਸ਼ਾਲ ਬਰਕਰਾਰਾਂ ਦੇ ਇਕੱਠ ਵਿੱਚ ਬੇਅੰਤ ਜੋਸ਼ ਭਰ ਰਿਹਾ ਸੀ। ਬਸਪਾ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਅਤੇ ਵਿਧਾਇਕ ਨਛੱਤਰ ਪਾਲ ਬੁਲਟ ਮੋਟਰਸਾਈਕਲ ਤੇ ਵੱਡੇ ਨੀਲੇ ਝੰਡੇ ਨਾਲ ਅਗਵਾਈ ਕਰ ਰਹੇ ਸਨ।

ਇਸ ਮੌਕੇ ਬੋਲਦੇ ਆਂ ਸਰਦਾਰ ਗੜ੍ਹੀ ਨੇ ਕਿਹਾ ਕਿ ਦਲਤਾਂ ਤੇ ਪਛੜੇ ਵਰਗਾਂ ਨਾਲ ਵੱਖ ਵੱਖ ਰਾਜਨੀਤਿਕ ਦਲ ਜਾਤੀਵਾਦੀ ਸੋਚ ਤਹਿਤ ਕਾਲੀ ਗਲੋਚ ਕਰ ਰਹੇ ਹਨ ਜੋ ਕਿ ਅੱਧੀ ਨਿੰਦਨ ਯੋਗ ਹੈ ਕਾਂਗਰਸ ਦੇ ਵਿੱਚ ਦਲਤ ਪਛੜੇ ਵਰਗਾਂ ਨੂੰ ਪੈਰਾਂ ਦੀਆਂ ਜੁੱਤੀਆਂ ਆਖਿਆ ਗਿਆ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਵੱਲੋਂ ਦਲਿਤ ਵਰਗਾਂ ਦੀ ਪਵਿੱਤਰ ਤੇ ਪੰਥਕ ਸੀਟਾਂ ਦੀ ਦਾਅਵੇਦਾਰੀ ਤੇ ਸਵਾਲ ਖੜੇ ਕੀਤੇ ਗਏ। ਮੌਜੂਦਾ ਪੰਜਾਬ ਸਰਕਾਰ ਨੇ ਅਨੁਸੂਚਿਤ ਜਾਤੀ ਕਮਿਸ਼ਨ ਦਾ ਅੱਜ ਤੱਕ ਚੇਅਰਮੈਨ ਨਹੀਂ ਲਗਾਇਆ ਐਸੀ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ ਘਟਾ ਦਿੱਤੀ। ਤਾਜ਼ਾ ਘਟਨਾ ਕ੍ਰਮ ਵਿੱਚ ਕੈਬਨਟ ਮੰਤਰੀ ਲਾਲਜੀਤ ਭੁੱਲਰ ਨੇ ਪਛੜੇ ਵਰਗਾਂ ਦੀਆਂ ਰਾਮਗੜੀਆ ਤੇ ਸੁਨਿਆਰਾ ਭਾਈਚਾਰਿਆਂ ਨਾਲ ਅੱਤ ਨਿੰਦਣਯੋਗ ਸ਼ਬਦਾਵਲੀ ਦੀ ਵਰਤੋਂ ਕਰਕੇ ਆਮ ਆਦਮੀ ਪਾਰਟੀ ਨੇ ਦਲਿਤ ਪਿਛੜੇ ਵਰਗਾਂ ਦਾ ਅਪਮਾਨ ਕੀਤਾ ਹੈ। ਇਸ ਮੌਕੇ ਵਿਧਾਇਕ ਡਾਕਟਰ ਨਛੱਤਰ ਪਾਲ ਜੀ ਨੇ ਪਾਰਟੀ ਵਰਕਰਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਕਾਂਗਰਸ ਹਮੇਸ਼ਾ ਦਲਤ ਵਿਰੋਧੀ ਰਹੀ ਹੈ ਕਾਂਗਰਸ ਦੇ ਰਾਜ ਵਿੱਚ ਗਲਤ ਵਰਗਾਂ ਨੂੰ ਪੈਰਾਂ ਦੀਆਂ ਜੁੱਤੀਆਂ ਸੱਦਿਆ ਗਿਆ ਕਾਂਗਰਸ ਦੇ ਰਾਜ ਵਿੱਚ ਬਾਬਾ ਸਾਹਿਬ ਅੰਬੇਡਕਰ ਨੂੰ ਹਰਾਉਣ ਦੇ ਨਾਲ ਨਾਲ ਹਮੇਸ਼ਾ ਦਲਤ ਵਰਗਾਂ ਦੀ ਮੂਵਮੈਂਟ ਨੂੰ ਕੁਚਲਣ ਦਾ ਕੰਮ ਕੀਤਾ ਗਿਆ। ਕਾਂਗਰਸ ਦੇ ਇਹਨਾਂ ਨਕਸ਼ੇ ਕਦਮਾਂ ਤੇ ਆਮ ਆਦਮੀ ਪਾਰਟੀ ਚੱਲ ਰਹੀ ਹੈ ਜਿਸ ਦਾ ਪੂਰੇ ਦੇਸ਼ ਵਿੱਚ ਕਾਂਗਰਸ ਨਾਲ ਸਮਝੌਤਾ ਹੈ। ਉਹਨਾਂ ਅੱਗੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਪੰਜਾਬ ਵਿੱਚ ਪੰਜ ਉਮੀਦਵਾਰ ਹੋਸ਼ਿਆਰਪੁਰ ਫਿਰੋਜ਼ਪੁਰ ਸੰਗਰੂਰ ਜਲੰਧਰ ਤੋਂ ਘੋਸ਼ਿਤ ਕਰ ਚੁੱਕੀ ਹੈ, ਆਉਣ ਵਾਲੇ ਦਿਨਾਂ ਵਿੱਚ ਬਾਕੀ ਉਮੀਦਵਾਰ ਜਲਦ ਘੋਸ਼ਿਤ ਕਰ ਦਿੱਤੇ ਜਾਣਗੇ। ਮੋਟਰਸਾਈਕਲਾਂ ਦੇ ਕਾਫਲੇ ਨਾਲ ਬਸਪਾ ਵਰਕਰਾਂ ਨੇ ਬਾਬਾ ਸਾਹਿਬ ਅੰਬੇਡਕਰ ਚੌਂਕ ਵਿੱਚ ਪੁੱਜਕੇ ਜ਼ੋਰਦਾਰ ਨਾਅਰੇਬਾਜ਼ੀ ਕਰਦਿਆ ਬਾਬਾ ਸਾਹਿਬ ਅੰਬੇਡਕਰ ਨੂੰ ਫੁੱਲ ਵਾਲਾ ਭੇਟ ਕੀਤਾ ਕੀਤੀ ਅਤੇ ਵੱਡਾ ਕੇਕ ਕੱਟਕੇ ਖੁਸ਼ੀ ਮਨਾਈ।




ਇਸ ਮੌਕੇ ਸੂਬਾ ਜਨਰਲ ਸਕੱਤਰ ਸ੍ਰੀ ਪ੍ਰਵੀਨ ਬੰਗਾ, ਸੂਬਾ ਕਮੇਟੀ ਮੈਂਬਰ ਦਿਲਬਾਗ ਚੰਦ ਮਹਿੰਦੀਪੁਰ, ਜ਼ਿਲ੍ਹਾ ਪ੍ਰਧਾਨ ਸਰਬਜੀਤ ਜਾਫਰ, ਹਲਕਾ ਪ੍ਰਧਾਨ ਬਲਾਚੋਰ ਜਸਵੀਰ ਸਿੰਘ ਔਲੀਆਪੁਰ, ਵਿਧਾਨ ਸਭਾ ਪ੍ਰਧਾਨ ਨਵਾਂ ਸ਼ਹਿਰ ਰਸ਼ਪਾਲ ਮਹਾਲੋ, ਵਿਧਾਨ ਸਭਾ ਪ੍ਰਧਾਨ ਬੰਗ ਮੈਨੇਜਰ ਜੈਪਾਲ ਸੁੰਡਾ ਜੀ, ਜਿਲ੍ਹਾ ਉਪ ਪ੍ਰਧਾਨ ਭੁਪਿੰਦਰ ਬੇਗਮਪੁਰੀ, ਪਰਮਿੰਦਰ ਕੁਮਾਰ ਐਮਸੀ, ਸੁਰਜੀਤ ਕਰੀਹਾ, ਬਖਸ਼ੀਸ਼ ਮਾਜਰਾ ਜੱਟਾ ਅਸੋਕ ਦੁਗਲ, ਸਰਪੰਚ ਹਰਨਿਰੰਜਨ, ਮਨਜੀਤ ਕੌਰ ਸਰਪੰਚ ਮਹਾਲੋ, ਮੁਖਤਿਆਰ ਮੁੱਖਾ ਰਾਹੋਂ ਸ਼ਹਿਰੀ ਪ੍ਰਧਾਨ, ਕੌਂਸਲਰ ਗੁਰਮੁਖ ਨੌਰਥ, ਅਵਤਾਰ ਰਾਜੂ ਮਾਜਰਾ ਜੈਪਾਲ ਸੈਂਪਲਾ, ਦਿਲਵਾਗ ਰੈ.ਲਮਾਜਰਾ, ਬਲਾਚੌਰ ਸ਼ਹਿਰੀ ਪ੍ਰਧਾਨ ਪਰਮਿੰਦਰ ਲਾਲੀ, ਮਿੰਦਰ ਜਾਡਲੀ, ਚੇਅਰਮੈਨ ਹਰਬੰਸ ਮਹਿੰਦੀਪੁਰ, ਪਰਮਿੰਦਰ ਮੇਨਕਾ, ਸੋਨੂੰ ਗੜ੍ਹਸ਼ੰਕਰ ਰੋਡ, ਬੀਓ ਗਿਆਨ ਚੰਦ, ਪ੍ਰੇਮ ਰਤਨ ਸ਼ਹਿਰੀ ਪ੍ਰਧਾਨ, ਕਮਲ਼ ਚੋਪੜਾ, ਜਸਵੰਤ ਤੂਰ, ਧਰਮਵੀਰ ਤੂਰ, ਜਸਵੰਤ ਕਲੇਰ, ਹਰਜਿੰਦਰ ਸਿੰਘ, ਵਿਜੈ ਕੁਮਾਰ ਕਾਲਾ ਐਸਡੀਓ ਧਰਮਪਾਲ, ਗਿਆਨ ਚੰਦ ਰਾਹੋ, ਯਸਪਾਲ ਦੁਬਈ, ਡਾ ਅਸ਼ੋਕ ਦੁੱਗਲ, ਸਰਪੰਚ ਰਕੇਸ਼ ਗੜ੍ਹੀ, ਮਨੋਹਰ ਕਮਾਮ, ਬਿੰਦਰ ਰਾਜੂ ਮਾਜਰਾ, ਕੁਲਦੀਪ ਬਹਿਰਾਮ, ਹਰਬੰਸ ਕਲੇਰ, ਮਲਕੀਤ ਮੁਕੰਦਪੁਰ, ਮਨਜੀਤ ਸੂਦ ਸਰਪੰਚ, ਠੇਕੇਦਾਰ ਤਰਸੇਮ ਜੱਬਾ ਬਲਵੀਰ ਮੰਗਾ ਨੀਲੋਵਾਲ, ਸਤਿਨਾਮ ਭੱਦੀ, ਸਤਪਾਲ ਲੰਗਰੋਆ, ਅਮਰੀਕ ਬੰਗਾ ਨਵੀਂ ਅਬਾਦੀ, ਰਾਮ ਲਾਲ ਕਲਾਮ, ਪਰਸ ਰਾਮ ਸ਼ਾਹਦਰਾ, ਚਮਨ ਲਾਲ ਸਲੋਹ, ਜਸਵਿੰਦਰ ਹੰਸਰੋ, ਸਾਬਕਾ ਸਰਪੰਚ ਮੇਹਰ ਚਾਂਦ ਬੰਗਾ, ਡਾ ਹਰਜਿੰਦਰ ਕਰਿਆਮ, ਕੁਲਵਿੰਦਰ ਜਾਡਲੀ, ਰੌਸ਼ਨ ਟਰਾਲੀ ਵਰਕਰ, ਸਾਬਕਾ ਸਰਪੰਚ ਹਰਵਿੰਦਰ ਕੁਮਾਰ, ਆਦਿ ਸ਼ਾਮਿਲ ਸਨ।

# ਡਾਕਟਰ ਅੰਬੇਡਕਰ ਜੀ ਦੇ ਜਨਮ ਦਿਨ ਨੂੰ ਸਮਰਪਿਤ ਮੋਟਰਸਾਈਕਲ ਰੈਲੀ ਕੱਢੀ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)**– ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ 133ਵੇਂ ਜਨਮ ਦਿਵਸ ਨੂੰ ਸਮਰਪਿਤ ਬੱਗਾ ਖੁਰਦ ਤੋਂ ਇੱਕ ਮੋਟਰਸਾਈਕਲ ਰੈਲੀ ਕੱਢੀ ਗਈ। ਇਹ ਰੈਲੀ ਬੱਗਾ ਖੁਰਦ ਤੋਂ ਬਾਹਰ ਹੜਾ, ਤਲਵਾੜਾ ਪ੍ਰਤਾਪ ਸਿੰਘ ਵਾਲਾ, ਦਸ਼ਮੇਸ਼ ਨਗਰ, ਇਆਲੀ ਖੁਰਦ, ਪ੍ਰਤਾਪ ਸਿੰਘ ਵਾਲਾ, ਮਲਕਪੁਰ, ਨੂਰਪੁਰ ਬੇਟ, ਰਸੂਲਪੁਰ, ਬੱਗਾ ਖੁਰਦ, ਰੱਜੋਵਾਲ, ਮੋੜਾ, ਬੰਕੜ, ਲਾਡੂਵਾਲ, ਬਾੜੇਵਾਲ, ਡੋਗਰਾਂ, ਲਾਦੀਆਂ ਕਲਾਂ, ਲਾਦੀਆਂ ਖੁਰਦ, ਬੱਗਾ ਖੁਰਦ ਵਿਖੇ ਸਮਾਪਤ ਹੋਈ। ਇਸ ਰੈਲੀ ਦਾ ਸਵਾਗਤ ਕਰਨ ਲਈ ਬਲੌਰ ਸਿੰਘ ਮੁੱਲਾਪੁਰ ਚੇਅਰਮੈਨ ਸਿੱਧਵਾਂ ਬੇਟ, ਗੁਰਜੀਤ ਸਿੰਘ ਗਿੱਲ ਲਾਧੀਆਂ, ਕਰਤਿੰਦਰ ਪਾਲ ਸਿੰਘ ਸਿੰਘਪੁਰਾ, ਹਰਦੇਵ ਸਿੰਘ ਬੋਪਾਰਾਏ ਕੌਮੀ ਪ੍ਰਧਾਨ ਡਾਕਟਰ ਅੰਬੇਡਕਰ ਇੰਟਰਨੈਸ਼ਨਲ ਸੰਗਠਨ, ਜਤਿੰਦਰ ਸਿੰਘ ਮਲਕਪੁਰ, ਠਾਕੁਰ ਸਿੰਘ ਪ੍ਰਿੰਸੀਪਲ ਸਟਾਰ ਐਕਸ ਪਬਲਿਕ ਸਕੂਲ, ਮੇਵਾ ਸਿੰਘ ਸਲੇਮਪੁਰ, ਡਾਕਟਰ ਹਰਜਿੰਦਰ ਸਿੰਘ ਰੱਜੋਵਾਲ, ਚੋਪੜਾ ਮੈਡੀਕਲ ਸਟੋਰ ਮੋੜ, ਬਲਬੀਰ ਸਿੰਘ ਬਾੜੇਵਾਲ, ਈਸ਼ਰ ਸਿੰਘ ਵੈਦ ਸਿੰਘਪੁਰਾ, ਅਵਤਾਰ ਸਿੰਘ ਬੱਗੇ, ਹਰਜੋਤ ਸਿੰਘ ਨੂਰਪੁਰ ਬੇਟ, ਪ੍ਰੋਫੈਸਰ ਨਿਰਮਲ ਸਿੰਘ, ਡਾਕਟਰ ਗੁਰ ਪ੍ਰਸਾਦ ਸਿੰਘ, ਹੈਪੀ ਲਦੀਆਂ, ਰਵੀ ਸਰਪੰਚ, ਸਾਬਕਾ ਸਰਪੰਚ ਦਰਸ਼ਨ ਸਿੰਘ ਕੁਤਬੇਵਾਲ, ਲੰਬੜਦਾਰ ਭੁਪਿੰਦਰ ਸਿੰਘ ਕੁਤਬੇਵਾਲ, ਹਰਵਿੰਦਰ ਸਿੰਘ ਅਤੇ ਸਮੂਹ ਸੰਗਤ ਨਗਰ ਸਿੰਘ ਬੋਪਾਰਾਏ, ਮਾਸਟਰ ਸੁਰਿੰਦਰ ਸਿੰਘ ਗਿੱਲ ਪਾਈਪ ਬੈਂਡ ਪ੍ਰਤਾਪ ਸਿੰਘ ਵਾਲਾ, ਜਗਜੀਤ ਸਿੰਘ ਬਿੱਟੂ, ਜਤਿੰਦਰ ਸਿੰਘ ਮਲਕ ਪੁਰ, ਠਾਕੁਰ ਸਿੰਘ, ਬੂਟਾ ਸਿੰਘ ਦਾਦ, ਰਾਜਪ੍ਰੀਤ ਸਿੰਘ, ਜਗਮੇਲ ਸਿੰਘ ਜੈਲਾ ਭਾਨੋਹਰ, ਜਸਵਿੰਦਰ ਸਿੰਘ ਰਜੋਵਾਲ, ਗੁਰਵਿੰਦਰ ਸਿੰਘ, ਬੂਟਾ ਸਿੰਘ, ਧਰਮਿੰਦਰ ਸਿੰਘ ਪ੍ਰਤਾਪ ਸਿੰਘ ਵਾਲਾ, ਨੋਨੂੰ ਮਲਕਪੁਰ, ਤੀਰਥ ਸਿੰਘ, ਗੁਰਮੀਤ ਸਿੰਘ ਤੇ ਬਲਵੀਰ ਸਿੰਘ ਪ੍ਰਤਾਪ ਸਿੰਘ ਵਾਲਾ ਆਦਿ ਹਾਜ਼ਰ ਸਨ।



# ਡਾ਼ ਬੀ. ਆਰ. ਅੰਬੇਡਕਰ ਜੀ ਦੇ 133 ਵੇਂ ਜਨਮ ਦਿਹਾੜੇ ਸੰਬੰਧੀ ਸਮਾਗਮ ਕਰਵਾਇਆ

**ਫਗਵਾੜਾ (ਸਤਨਾਮ ਸਿੰਘ ਸਹੂੰਗੜਾ)**– ਯੁੱਗ ਪੁਰਸ਼, ਭਾਰਤ ਰਤਨ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ਼ ਭੀਮ ਰਾਓ ਅੰਬੇਡਕਰ ਅਜਿਹੀ ਸ਼ਖ਼ਸੀਅਤ ਦਾ ਨਾਂ ਹੈ ਜਿਹਨਾਂ ਨੇ ਬਚਪਨ ਤੋਂ ਸਮਾਜਿਕ ਨਾ-ਬਰਾਬਰੀ, ਅਨਿਆਂ ਅਤੇ ਛੂਤ ਛਾਤ ਦੇ ਵਿਰੁੱਧ ਅਵਾਜ਼ ਬੁਲੰਦ ਕੀਤੀ। ਉਹਨਾਂ ਵਿੱਦਿਆ ਦੇ ਸਹਾਰੇ ਸਮਾਜ ਵਿੱਚ




ਕ੍ਰਾਂਤੀਕਾਰੀ ਪਰਿਵਰਤਨ ਕੀਤੇ। ਉਹਨਾਂ ਦੀ ਉੱਚ ਵਿੱਦਿਆ ਅਤੇ ਦੂਰਅੰਦੇਸ਼ੀ ਸੋਚ ਸਦਕੇ ਵਿਸ਼ਵ ਵਿੱਚ ਉਹਨਾਂ ਨੂੰ ਗਿਆਨ ਦੇ ਪ੍ਰਤੀਕ ਵਜੋਂ ਸਨਮਾਨਿਆ ਜਾਂਦਾ ਹੈ। ਉਹਨਾਂ ਨੇ ਭਾਰਤੀ ਸੰਵਿਧਾਨ ਦੀ ਸਿਰਜਣਾ ਕਰਕੇ ਖਾਸ ਕਰ ਔਰਤਾਂ ਦੀ ਸਿੱਖਿਆ ਅਤੇ ਸਮਾਜਿਕ ਬਰਾਬਰੀ ਲਈ ਮੀਲ ਪੱਥਰ ਰੱਖਿਆ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਗਤਪੁਰ ਜੱਟਾਂ ਵਿਖੇ ਬਾਬਾ ਸਾਹਿਬ ਡਾ਼ ਭੀਮ ਰਾਓ ਅੰਬੇਡਕਰ ਜੀ ਦੇ 133 ਵੇਂ ਜਨਮ ਦਿਹਾੜੇ ਮੌਕੇ ਕਰਵਾਏ ਗਏ ਸਮਾਗਮ ਦੌਰਾਨ ਪ੍ਰਿੰਸੀਪਲ ਸ਼੍ਰੀਮਤੀ ਰੀਨਾ ਨੇ ਕੀਤਾ। ਸਮਾਗਮ ਦੌਰਾਨ ਭਾਰਤ ਰਤਨ ਡਾ। ਬੀ। ਆਰ। ਅੰਬੇਡਕਰ ਜੀ ਦੀ ਫੋਟੋ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ ਗਈਆਂ ਲ ਇਸ ਮੌਕੇ ਅੱਠਵੀਂ ਜਮਾਤ ਦੀ ਵਿਦਿਆਰਥਣ ਪਰਮਿੰਦਰ ਕੌਰ ਨੇ ਭਾਰਤ ਰਤਨ ਬਾਬਾ ਸਾਹਿਬ ਡਾ।ਬੀ। ਆਰ। ਅੰਬੇਡਕਰ ਜੀ ਦੇ ਜੀਵਨ ਅਤੇ ਸੰਘਰਸ਼ 'ਤੇ ਆਪਣਾ ਭਾਸ਼ਣ ਵੀ ਪੜ੍ਹਿਆ ਗਿਆ। ਇਸ ਮੌਕੇ ਸਮੂਹ ਸਟਾਫ ਨੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਵੀ ਵੰਡੀ ਗਈ। ਇਸ ਮੌਕੇ ਮੈਡਮ ਕਮਲੇਸ਼ ਕੁਮਾਰੀ, ਊਸ਼ਾ ਰਾਣੀ, ਜਸਵਿੰਦਰ ਸਿੰਘ, ਅਮਰਜੀਤ ਕੌਰ, ਕਮਲਪ੍ਰੀਤ ਕੌਰ, ਅਰਜਨਜੀਤ ਸਿੰਘ, ਪੂਜਾ ਰਾਣੀ,ਦੇਵ ਰਾਜ ਸਟਾਫ਼ ਮੈਬਰਾਂ ਤੋਂ ਇਲਾਵਾ ਸਕੂਲੀ ਵਿਦਿਆਰਥੀਆਂ ਅਤੇ ਪਤਵੰਤੇ ਸੱਜਣ ਵੀ ਹਾਜ਼ਰ ਸਨ।

# ਅੰਬੇਡਕਰ ਸੈਨਾ ਮੂਲ ਨਿਵਾਸੀ ਨੇ ਸਜਾਈ ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਜੋਤੀਬਾ ਫੂਲੇ ਦੇ ਜਨਮ ਦਿਵਸ ਨੂੰ ਸਮਰਪਿਤ ਸ਼ੋਭਾ ਯਾਤਰਾ

**ਫਗਵਾੜਾ (ਸਤਨਾਮ ਸਿੰਘ ਸਹੂੰਗੜਾ)**– ਅੰਬੇਡਕਰ ਸੈਨਾ ਮੂਲ ਨਿਵਾਸੀ ਵਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਅਤੇ ਭਾਰਤ ਰਤਨ ਡਾ: ਬੀ.ਆਰ. ਅੰਬੇਡਕਰ ਦੇ 133ਵੇਂ ਅਤੇ ਉਹਨਾਂ ਦੇ ਗੁਰੂ ਜੋਤੀਬਾ ਫੂਲੇ ਦੇ 197ਵੇਂ ਜਨਮ ਦਿਵਸ ਨੂੰ ਸਮਰਪਿਤ ਵਿਸ਼ਾਲ ਸ਼ੋਭਾ ਯਾਤਰਾ ਸੂਬਾ ਪ੍ਰਧਾਨ ਹਰਭਜਨ ਸੁਮਨ ਦੀ ਅਗਵਾਈ ਹੇਠ ਸਜਾਈ ਗਈ। ਇਹ ਸ਼ੋਭਾ ਯਾਤਰਾ ਹਰ ਸਾਲ ਦੀ ਤਰ੍ਹਾਂ ਸਥਾਨਕ ਗੁਰੂ ਹਰਗੋਬਿੰਦ ਨਗਰ ਸਥਿਤ ਡਾ. ਅੰਬੇਡਕਰ ਪਾਰਕ ਤੋਂ ਸ਼ੁਰੂ ਹੋਇਆ ਅਤੇ ਸ਼ਹਿਰ ਦੇ ਵੱਖ-ਵੱਖ ਬਾਜਾਰਾਂ ਤੋਂ ਹੁੰਦੀ ਹੋਈ ਵਾਪਸ ਡਾ। ਅੰਬੇਡਕਰ ਪਾਰਕ ਗੁਰੂ ਹਰਗੋਬਿੰਦ ਨਗਰ ਵਿਖੇ ਸਮਾਪਤ ਹੋਈ। ਇਸ ਸ਼ੋਭਾ ਯਾਤਰਾ ਵਿਚ ਵੱਖ-ਵੱਖ ਅੰਬੇਡਕਰਵਾਦੀ ਜੱਥੇਬੰਦੀਆਂ ਦੇ ਨੁਮਾਇੰਦੇ, ਸੋਸ਼ਲ ਵਰਕਰ ਤੇ ਸਿਆਸੀ ਆਗੂ ਸ਼ਾਮਲ ਹੋਏ। ਸ਼ੋਭਾ ਯਾਤਰਾ ਦੌਰਾਨ ਬਾਬਾ ਸਾਹਿਬ ਡਾ। ਅੰਬੇਡਕਰ ਦੀ ਆਦਮ ਕੱਦ ਪ੍ਰਤਿਮਾ ਅਤੇ ਉਹਨਾਂ ਦੇ ਜੀਵਨ ਨਾਲ ਸਮਰਪਿਤ ਝਾਕੀਆਂ ਵਿਸ਼ੇਸ਼ ਖਿੱਚ ਦਾ ਕੇਂਦਰ ਸਨ। ਸ਼ੋਭਾ ਯਾਤਰਾ ਦੀ ਰਵਾਨਗੀ ਤੋਂ ਪਹਿਲਾਂ ਸਮੂਹ ਪਤਵੰਤਿਆਂ ਵਲੋਂ ਬਾਬਾ ਸਾਹਿਬ ਡਾ. ਅੰਬੇਡਕਰ ਦੀ ਤਸਵੀਰ ਤੇ ਫੁੱਲਮਾਲਾਵਾਂ ਭੇਂਟ ਕੀਤੀਆਂ ਗਈਆਂ। ਉਪਰੰਤ ਬਹੁਜਨ ਸਮਾਜ ਦੇ ਆਗੂ ਸੰਤ ਰਾਮ ਨੇ ਰਿਬਨ ਕੱਟ ਕੇ ਸ਼ੋਭਾ ਯਾਤਰਾ ਦਾ ਸ਼ੁੱਭ ਆਰੰਭ ਕਰਵਾਇਆ। ਸ਼ੋਭਾ ਯਾਤਰਾ ਦੀ ਸਮਾਪਤੀ ਸਮੇਂ ਲੰਗਰ ਦੀ ਸੇਵਾ ਅਤੁੱਟ ਵਰਤਾਈ ਗਈ। ਇਸ ਦੌਰਾਨ ਹਰਭਜਨ ਸੁਮਨ ਨੇ ਦੱਸਿਆ ਕਿ ਬਾਬਾ ਸਾਹਿਬ ਡਾ। ਅੰਬੇਡਕਰ ਨੇ ਆਪਣੇ ਸੰਘਰਸ਼ਪੂਰਣ ਜੀਵਨ ਦੌਰਾਨ ਦੇਸ਼ ਹੀ ਨਹੀਂ ਬਲਕਿ ਸਾਰੀ ਦੁਨੀਆ ਨੂੰ ਨਵੀਂ ਸੇਧ ਦਿੱਤੀ। ਉਹਨਾਂ ਭਾਰਤੀ ਸੰਵਿਧਾਨ ਦੀ ਰਚਨਾ ਕਰਕੇ ਦੱਬੇ ਕੁਚਲੇ ਸਮਾਜ ਅਤੇ ਨਾਰੀ ਜਾਤੀ ਨੂੰ ਸਦੀਆਂ ਦੀ ਗੁਲਾਮੀ ਤੋਂ ਮੁਕਤ ਕਰਵਾਇਆ। ਉਹਨਾਂ ਦੀ ਬਦੌਲਤ ਹਰੇਕ ਨਾਗਰਿਕ ਨੂੰ ਬਰਾਬਰਤਾ ਅਤੇ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਹੋਇਆ ਹੈ। ਬਾਬਾ ਸਾਹਿਬ ਅਤੇ ਜੋਤੀਬਾ ਫੂਲੇ ਜੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਹੀ ਇਸ ਸ਼ੋਭਾ ਯਾਤਰਾ ਰੂਪੀ ਚੇਤਨਾ ਮਾਰਚ ਦਾ ਮੁੱਖ ਉਦੇਸ਼ ਹੈ। ਉਹਨਾਂ ਦੱਸਿਆ ਕਿ 14 ਅਪ੍ਰੈਲ ਦਿਨ ਐਤਵਾਰ ਨੂੰ ਬਾਬਾ ਸਾਹਿਬ ਦਾ ਜਨਮ ਦਿਨ ਵੀ ਹਮੇਸ਼ਾ ਦੀ ਤਰ੍ਹਾਂ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ।



ਐਤਵਾਰ ਸ਼ਾਮ ਨੂੰ ਆਯੋਜਿਤ ਹੋਣ ਵਾਲੇ ਸਮਾਗਮ ਦੌਰਾਨ ਪੜ੍ਹਾਈ ਵਿਚ ਪਹਿਲੀ, ਦੂਸਰੀ ਤੇ ਤੀਸਰੀ ਪੋਜੀਸ਼ਨ ਹਾਸਲ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਤ ਵੀ ਕੀਤਾ ਜਾਵੇਗਾ। ਇਸ ਮੌਕੇ ਦਵਿੰਦਰ ਕੁਲਥਮ ਪ੍ਰਧਾਨ ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਿਰ ਚੱਕ ਹਕੀਮ, ਯਸ਼ ਬਰਨਾ ਚੇਅਰਮੈਨ ਗੁਰੂ ਰਵਿਦਾਸ ਟਾਇਗਰ ਫੋਰਸ, ਤੇਜਪਾਲ ਬਸਰਾ, ਚਿਰੰਜੀ ਲਾਲ ਕਾਲਾ ਪ੍ਰਧਾਨ ਬਸਪਾ, ਅਮਰਜੀਤ ਖੁੱਤਣ, ਮਨੀ ਅੰਬੇਡਕਰੀ, ਬੰਟੀ, ਸੰਦੀਪ ਕੋਲਸਰ, ਅਜੈਬ ਸਿੰਘ, ਮਨਜੀਤ ਮਾਨ, ਸੰਜੀਵ ਦਾਨੀ, ਦੀਪਾ, ਘਣਸ਼ਿਆਮ ਜੀ ਸਮੇਤ ਵੱਡੀ ਗਿਣਤੀ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਦੇ ਪੈਰੋਕਾਰ ਮੌਜੂਦ ਸਨ।

# ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦਾ 40 ਵਾਂ ਸਥਾਪਨਾ ਦਿਵਸ 17 ਅਪ੍ਰੈਲ ਨੂੰ ਹੋਵੇਗਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਢਾਹਾਂ ਕਲੇਰਾਂ ਵਿਖੇ ਸਥਾਪਿਤ ਗੁਰੂ ਨਾਨਕ ਮਿਸ਼ਨ ਹਸਪਤਾਲ ਨੂੰ ਸਫਲ ਸੇਵਾਵਾਂ ਦਿੰਦਿਆਂ 40 ਸਾਲ ਦਾ ਅਰਸਾ ਹੋ ਗਿਆ ਹੈ। ਇਸ ਦਾ 40 ਵਾਂ ਸਥਾਪਨਾ ਦਿਵਸ 17 ਅਪ੍ਰੈਲ ਦਿਨ ਬੁੱਧਵਾਰ ਨੂੰ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਭਾਰੀ ਸ਼ਮੂਲੀਅਤ ਲਈ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਦੇ ਪ੍ਰਧਾਨ ਡਾਕਟਰ ਕੁਲਵਿੰਦਰ ਸਿੰਘ ਢਾਹਾਂ ਵਲੋਂ ਪੁਰਜੋਰ ਅਪੀਲ ਕੀਤੀ ਗਈ ਹੈ।

ਉਹਨਾਂ ਦੱਸਿਆ ਕਿ ਸਮਾਗਮ ਦੌਰਾਨ ਵੱਖ-ਵੱਖ ਖੇਤਰਾਂ ਦੀਆਂ ਨਾਮਵਰ ਸਖਸ਼ੀਅਤਾਂ ਇਸ ਸੇਵਾ ਦੇ ਕਾਰਜ ਪ੍ਰਤੀ ਵਿਚਾਰਾਂ ਦੀ ਸਾਂਝ ਪਾਉਣ ਲਈ ਵਿਸ਼ੇਸ਼ ਤੌਰ ਤੇ ਪਹੁੰਚ ਰਹੀਆਂ ਹਨ ਅਤੇ ਉਸ ਦਿਨ ਹਸਪਤਾਲ ਦੀ ਸਥਾਪਨਾ, ਮਿਸ਼ਨ ਅਤੇ ਉਦੇਸ਼ ਸੰਬੰਧੀ ਪੇਸ਼ਕਾਰੀਆਂ ਵੀ ਹਾਜਰੀਨ ਦੇ ਸਨਮੁੱਖ ਹੋਣਗੀਆ। ਉਹਨਾਂ ਇਹ ਵੀ ਜਾਣਕਾਰੀ ਦਿੱਤੀ ਕਿ ਉਕਤ ਸਮਾਗਮ ਸੰਬੰਧੀ ਬਣਾਈ ਗਈ ਤਿਆਰੀ ਟੀਮ ਵਲੋਂ ਪ੍ਰਬੰਧਾਂ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

# ਸੇਂਟ ਕਬੀਰ ਪਬਲਿਕ ਹਾਈ ਸਕੂਲ ਵਿਚ ਵਿਸਾਖੀ ਸਮਾਗਮ ਮਨਾਇਆ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਅੱਜ ਸੇਂਟ ਕਬੀਰ ਪਬਲਿਕ ਹਾਈ ਸਕੂਲ ਵਿਖੇ ਵਿਸਾਖੀ ਦਾ ਪ੍ਰੋਗਰਾਮ ਬੜੀ ਹੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਤੇ ਸਕੂਲ ਦੇ ਚੇਅਰਮੈਨ ਡਾ।ਆਸ਼ੀਸ਼ ਸਰੀਨ, ਪ੍ਰਿੰਸੀਪਲ ਰਾਕੇਸ਼ ਭਸੀਨ ਅਤੇ ਸਾਰੇ ਅਧਿਆਪਕ ਮੌਜੂਦ ਸਨ। ਸਭ ਤੋਂ ਪਹਿਲਾਂ ਡਾ।ਆਸ਼ੀਸ਼ ਸਰੀਨ ਨੇ ਬੱਚਿਆਂ ਨੂੰ ਵਿਸਾਖੀ ਦੇ ਬਾਰੇ ਵਿੱਚ ਦੱਸਿਆ। ਉਸ ਤੋਂ ਬਾਅਦ ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਇਸ ਵਿੱਚ ਬੱਚਿਆਂ ਨੇ ਵੱਧ ਚੜ ਕੇ ਭਾਗ ਲਿਆ। ਛੋਟੇ-ਛੋਟੇ ਨੰਨੇ ਮੁੰਨਿਆ ਨੇ ਪੰਜਾਬੀ ਸੱਭਿਆਚਾਰ ਨੂੰ ਬੜੇ ਹੀ ਵਧੀਆ ਢੰਗ ਨਾਲ ਪੇਸ਼ ਕੀਤਾ।

ਮੁੰਡਿਆਂ ਨੇ ਸਫੇਦ ਕੁੜਤੇ-ਪਜਾਮੇ ਅਤੇ ਕੁੜੀਆਂ ਨੇ ਪੰਜਾਬੀ ਸੂਟ ਪਾ ਕੇ ਬੱਚਿਆਂ ਨੇ ਭੰਗੜਾ, ਗਿੱਧਾ ਆਦਿ ਨਾਚ ਪੇਸ਼ ਕੀਤੇ। ''ਤੇਰੀ ਕਣਕ ਦੀ ਰਾਖੀ ਮੁੰਡਿਆ'' ਤੇ ਕੁੜੀਆਂ ਨੱਚੀਆਂ। ਬੱਚਿਆਂ ਨੇ ''ਆਈ ਵਿਸਾਖੀ ਓ ਜੱਟਾ ਆਈ ਵਿਸਾਖੀ'' ਪੇਸ਼ ਕੀਤਾ। ਇਸ ਤੋਂ ਇਲਾਵਾ ਨਰਸਰੀ, ਯੂ।ਕੇ।ਜੀ।, ਐਲ।ਕੇ।ਜੀ।, ਨਰਸਰੀ ਦੇ ਵਿਦਿਆਰਥੀਆਂ ਨੇ ਮਾਡਲਿੰਗ ਪੇਸ਼ ਕੀਤੀ। ਪ੍ਰੋਗਰਾਮ ਦੇ ਅੰਤ ਵਿੱਚ ਬੱਚਿਆਂ ਨੂੰ ਇਨਾਮ ਦਿੱਤੇ ਗਏ ਅਤੇ ਮਿਠਾਈ ਦੇ ਕੇ ਅਲਵਿਦਾ ਕੀਤਾ ਗਿਆ।

# ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਬਲਾਇੰਡ ਸਕੂਲ ਬਾਹੋਵਾਲ ਦਾ ਦੌਰਾ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਦਿਲਬਾਗ ਸਿੰਘ ਜੌਹਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਅਪਰਾਜਿਤਾ ਜੋਸ਼ੀ ਵੱਲੋਂ ਅੱਜ ਬਲਾਇੰਡ ਸਕੂਲ ਬਾਹੋਵਾਲ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਬਲਾਇੰਡ ਸਕੂਲ ਦੇ ਬੱਚਿਆਂ ਦਾ ਹਾਲ-ਚਾਲ ਜਾਣਿਆ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਸਕੂਲ ਦੇ ਪ੍ਰਿੰਸੀਪਲ ਅਤਰ ਸਿੰਘ ਨਾਲ ਵਿਚਾਰ-ਵਟਾਂਦਰਾ ਕੀਤਾ। ਇਸ ਮੌਕੇ ਉਨ੍ਹਾਂ ਬੱਚਿਆਂ ਦੀ ਬਿਹਤਰੀ ਅਤੇ ਉਨ੍ਹਾਂ ਦੇ ਸਰਵਪੱਖੀ ਵਿਕਾਸ ਸਬੰਧੀ ਲੋੜੀਂਦੀਆਂ ਹਦਾਇਤਾਂ ਵੀ ਜਾਰੀ ਕੀਤੀਆਂ। ਇਸ ਮੌਕੇ ਬੱਚਿਆਂ ਵੱਲੋਂ ਆਪਣੇ-ਆਪਣੇ ਹੁਨਰ ਦਾ ਬਾਖੂਬੀ ਪ੍ਰਦਰਸ਼ਨ ਕੀਤਾ ਗਿਆ, ਜਿਸ ਨੂੰ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਭਰਪੂਰ ਸਰਾਹਿਆ ਗਿਆ ਅਤੇ ਉਨ੍ਹਾਂ ਨੂੰ ਤੋਹਫ਼ੇ ਪ੍ਰਦਾਨ ਕੀਤੇ ਗਏ।

# ਯੂ-ਟਿਊਬ ਚੈਨਲ ਨੂੰ ਬੰਦ ਕਰਨ ਦੀ ਸਾਜਿਸ਼ ਖ਼ਿਲਾਫ਼ ਲਾਮਬੰਦ ਹੋਣ ਦਾ ਸੱਦਾ

**ਬਰਨਾਲਾ, (ਦਲਜੀਤ ਕੌਰ)** ਭਾਰਤੀ ਸੰਵਿਧਾਨ ਦੀ ਧਾਰਾ 19 ਹਰ ਕਿਸੇ ਨੂੰ ਵਿਚਾਰ ਅਤੇ ਪ੍ਰਗਟਾਵੇ ਦੀ ਆਜ਼ਾਦੀ ਦਾ ਅਧਿਕਾਰ ਦਿੰਦੀ ਹੈ। ਇਸ ਅਧਿਕਾਰ ਵਿੱਚ ਬਿਨਾਂ ਕਿਸੇ ਦਖਲ ਦੇ ਵਿਚਾਰ ਰੱਖਣ ਅਤੇ ਕਿਸੇ ਵੀ ਮੀਡੀਆ ਦੁਆਰਾ ਅਤੇ ਸਰਹੱਦਾਂ ਦੀ ਪਰਵਾਹ ਕੀਤੇ ਬਿਨਾਂ ਜਾਣਕਾਰੀ ਅਤੇ ਵਿਚਾਰਾਂ ਨੂੰ ਪ੍ਰਾਪਤ ਕਰਨ, ਪ੍ਰਾਪਤ ਕਰਨ ਅਤੇ ਪ੍ਰਦਾਨ ਕਰਨ ਦੀ ਆਜ਼ਾਦੀ ਸ਼ਾਮਲ ਹੈ। ਹੁਣ ਜਦੋਂ ਕੇਂਦਰ ਦੀ ਮੋਦੀ ਸਰਕਾਰ ਨੇ ਮੁੱਖ ਧਾਰਾਈ ਮੀਡੀਆ ਨੂੰ ਆਪਣੇ ਕਬਜ਼ੇ ਹੇਠ ਕਰ ਲਿਆ ਹੈ ਤਾਂ ਕੁੱਝ ਯੂ-ਟਿਊਬਰ ਮੋਦੀ ਹਕੂਮਤ ਦੀ ਪੈੜ 'ਚ ਪੈੜ ਧਰਕੇ ਨਹੀਂ ਚੱਲ ਰਹੇ ਤਾਂ ਇਨ੍ਹਾਂ ਉੱਪਰ ਪਾਰਲੀਮੈਂਟ ਵਿੱਚ ਸੋਧ ਕਰਕੇ ਸਕਿੰਜਾ ਕਸਣ/ਬੰਦ ਕਰਵਾਉਣ ਦੀਆਂ ਗੋਂਦਾ ਗੁੰਦਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਇਨਕਲਾਬੀ ਕੇਂਦਰ, ਪੰਜਾਬ ਦੇ ਪ੍ਰਧਾਨ ਨਰਾਇਣ ਦੱਤ ਅਤੇ ਜਨਤਰ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਸਭ ਤੋਂ ਪਹਿਲਾਂ ਮੋਦੀ ਸਰਕਾਰ ਨੇ ਦ ਵਾਇਰ ਦੇ ਸੰਪਾਦਕ ਮਰਹੂਮ ਵਿਨੋਦ ਦੁਆ ਨੂੰ ਨੋਟਿਸ ਭੇਜਕੇ ਡਰਾਉਣਾ ਚਾਹਿਆ ਸੀ। ਮਨੀਪੁਰ ਦੀਆਂ ਘਟਨਾਵਾਂ ਦੀ ਰਿਪੋਰਟ ਕਰਨ ਬਦਲੇ ਦ ਐਡੀਟਰਜ ਗਿਲਡ ਨੂੰ ਅਦਾਲਤੀ ਮੁਕੱਦਮੇ ਰਾਹੀਂ ਧਮਕਾਉਣ ਦੀ ਕੋਸ਼ਿਸ਼ ਕੀਤੀ। ਹੁਣ ਹਿੰਦੀ ਨਿਊਜ਼ ਪਲੇਟਫਾਰਮ 'ਬੋਲਤਾ ਹਿੰਦੁਸਤਾਨ' ਦੇ ਯੂਟਿਊਬ ਚੈਨਲ ਦੇ ਕੁੱਝ ਦਿਨਾਂ ਦੇ ਅੰਦਰ ਆਈ ਹੈ, ਜਿਸ ਦੇ ਕਰੀਬ 3 ਲੱਖ ਗਾਹਕਾਂ ਨੂੰ ਸਰਕਾਰ ਨੇ ਮੁਅੱਤਲ ਕਰ ਦਿੱਤਾ ਹੈ। ਸੰਪਾਦਕ ਸ਼ੰਭੂ ਕੁਮਾਰ ਸਿੰਘ ਦੀ ਅਗਵਾਈ ਵਾਲੀ ਨੈਸ਼ਨਲ ਦਸਤਕ ਨੂੰ ਮੁਅੱਤਲ ਭਾਵੇਂ ਨਹੀਂ ਕੀਤਾ ਗਿਆ ਪਰ ਨੋਟਿਸ ਜਾਰੀ ਕਰ ਦਿੱਤਾ ਹੈ। ਨੈਸ਼ਨਲ ਦਸਤਕ 9।41 ਮਿਲੀਅਨ ਗਾਹਕ ਹਨ। 2015 ਤੋਂ ਸਰਗਰਮ ਇਹ ਚੈਨਲ "ਦਲਿਤ ਅਤੇ ਕਬਾਇਲੀ ਭਾਈਚਾਰਿਆਂ, ਪੱਛੜੀਆਂ ਸ਼੍ਰੇਣੀਆਂ, ਔਰਤਾਂ, ਕਿਸਾਨਾਂ, ਘੱਟ ਗਿਣਤੀਆਂ ਅਤੇ ਸ਼ੋਸ਼ਿਤ ਲੋਕਾਂ ਦੀ ਮਜ਼ਬੂਤ ਆਵਾਜ਼" ਲਈ ਇੱਕ ਪਲੇਟਫਾਰਮ ਵਜੋਂ ਉੱਭਰ ਹੋਇਆ ਹੈ। ਇੱਕ ਹੋਰ ਯੂ ਟਿਊਬਰ ਪੱਤਰਕਾਰ ਨਵੀਨ ਕੁਮਾਰ ਦੁਆਰਾ ਚਲਾਏ ਜਾਂਦੇ ਡਿਜੀਟਲ ਨਿਊਜ਼ ਉੱਦਮ ਨੂੰ ਵੀ ਅਜਿਹਾ ਨੋਟਿਸ ਮਿਲਿਆ ਹੈ।

ਇਸ ਚੈਨਲ ਦੇ 2.8 ਮਿਲੀਅਨ ਸਬਸਕ੍ਰਾਈਬਰ ਹਨ। ਯੂ ਟਿਊਬ ਦੇ ਕਾਨੂੰਨੀ ਸੈੱਲ ਦੁਆਰਾ ਨੋਟਿਸ ਵਿੱਚ ਸਰਕਾਰ ਦੀ ਕਾਰਵਾਈ ਦੇ ਆਧਾਰ ਵਜੋਂ ਵਿਵਾਦਪੂਰਨ ਸੂਚਨਾ ਤਕਨਾਲੋਜੀ (ਵਿਚੋਲੇ ਦਿਸ਼ਾ ਨਿਰਦੇਸ਼ ਅਤੇ ਡਿਜੀਟਲ ਮੀਡੀਆ ਨੈਤਿਕਤਾ ਕੋਡ) ਨਿਯਮ, 2021 ਦਾ ਹਵਾਲਾ ਦਿੱਤਾ ਗਿਆ ਹੈ। ਇਨ੍ਹਾਂ ਨਿਯਮਾਂ ਦੇ ਭਾਗਾਂ ਨੂੰ ਦਿ ਵਾਇਰ ਸਮੇਤ ਵੱਖ-ਵੱਖ ਨਿਊਜ਼ ਪੋਰਟਲਾਂ ਅਤੇ ਏਜੰਸੀਆਂ ਦੁਆਰਾ ਚੁਣੌਤੀ ਦਿੱਤੀ ਗਈ ਹੈ। ਹਾਲਾਂ ਕਿ ਅਗਸਤ 2021 ਵਿੱਚ, ਬੰਬੇ ਹਾਈ ਕੋਰਟ ਦੇ ਇੱਕ ਡਿਵੀਜ਼ਨ ਬੈਂਚ ਨੇ ਨਿਯਮਾਂ ਦੇ ਤਹਿਤ 'ਨੈਤਿਕਤਾ ਦੇ ਕੋਡ' ਨੂੰ ਲਾਗੂ ਕਰਨ 'ਤੇ ਰੋਕ ਲਗਾ ਦਿੱਤੀ ਸੀ। ਭਾਰਤੀ ਫਾਸ਼ੀ ਰਾਜ ਸੰਵਿਧਾਨ ਦੀ ਧਾਰਾ-19 ਨੂੰ ਪੈਰਾਂ ਹੇਠ ਰੋਲਕੇ ਨੰਗੀ ਚਿੱਟੀ ਤਾਨਾਸ਼ਾਹੀ ਉੱਪਰ ਉੱਤਰ ਆਇਆ ਹੈ।

ਸੂਬਾਈ ਆਗੂਆਂ ਜਗਜੀਤ ਸਿੰਘ ਲਹਿਰਾ ਮੁਹੱਬਤ ਅਤੇ ਮੁਖਤਿਆਰ ਪੂਹਲਾ ਨੇ ਕਿਹਾ ਕਿ ਮੋਦੀ ਹਕੂਮਤ ਹਰ ਉਸ ਆਵਾਜ਼ ਦਾ ਗਲਾ ਘੁੱਟਣਾ ਚਾਹੁੰਦੀ ਹੈ ਜੋ ਇਸ ਮੁਲਕ ਦੇ ਗਰੀਬਾਂ, ਦਲਿਤਾਂ, ਘੱਟ ਗਿਣਤੀਆਂ ਦੇ ਹੱਕਾਂ ਹਿੱਤਾਂ ਲਈ ਆਵਾਜ਼ ਬੁਲੰਦ ਕਰਦਾ ਹੈ। ਵਿਚਾਰ ਲਿਖਣ, ਬੋਲਣ ਤੋਂ ਅੱਗੇ ਵਿਚਾਰ ਪ੍ਰਗਟਾਵੇ ਦੀ ਅਜ਼ਾਦੀ ਲਈ ਮੋਦੀ ਹਕੂਮਤ ਦੇ ਜਾਬਰ ਫਾਸ਼ੀ ਹੱਲੇ ਖਿਲਾਫ ਵਿਸ਼ਾਲ ਲਾਮਬੰਦੀ ਕਰਨ ਲਈ ਅੱਗੇ ਆਉਣ ਦੀ ਜੋਰਦਾਰ ਅਪੀਲ ਕੀਤੀ।

# ਸਰਬ ਨੌਜਵਾਨ ਸਭਾ ਨੇ ਮਨਾਇਆ ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਜਨਮ ਦਿਵਸ

**ਫਗਵਾੜਾ (ਬੀ.ਕੇ. ਰੱਤੂ)** ਸਰਬ ਨੌਜਵਾਨ ਸਭਾ (ਰਜਿ:) ਫਗਵਾੜਾ ਅਤੇ ਸਰਬ ਨੌਜਵਾਨ ਵੈਲਫੇਅਰ ਸੁਸਾਇਟੀ ਵਲੋਂ ਸਾਂਝਾ ਉਪਰਾਲਾ ਕਰਦੇ ਹੋਏ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਬੀ.ਆਰ. ਅੰਬੇਡਕਰ ਦਾ ਜਨਮ ਦਿਵਸ ਸਥਾਨਕ ਸਕੀਮ ਨੰਬਰ 3 ਹੁਸ਼ਿਆਰਪੁਰ ਰੋਡ ਤੇ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਸੰਚਾਲਿਤ ਵੋਕੈਸ਼ਨਲ ਸੈਂਟਰ ਵਿਖੇ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਆਯੋਜਿਤ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਕੈਂਥ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਉਹਨਾਂ ਦੇ ਨਾਲ ਭਾਜਪਾ ਦੇ ਕੌਮੀ ਸਕੱਤਰ ਅਵਤਾਰ ਸਿੰਘ ਮੰਡ, ਆਮ ਆਦਮੀ ਪਾਰਟੀ ਦੀ ਮਹਿਲਾ ਆਗੂ ਪ੍ਰਿਤਪਾਲ ਕੌਰ ਤੁਲੀ ਅਤੇ ਟਰੇਡ ਵਿੰਗ ਆਪ ਦੇ ਕੋਆਰਡੀਨੇਟਰ ਗੁਰਦੀਪ ਸਿੰਘ ਤੁਲੀ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਾਮਲ ਹੋਏ। ਪ੍ਰਮੁੱਖ ਸ਼ਖਸੀਅਤਾਂ ਨੇ ਡਾ। ਅੰਬੇਡਕਰ ਦੀ ਤਸਵੀਰ 'ਤੇ ਫੁੱਲਮਾਲਾਵਾਂ ਭੇਂਟ ਕਰਨ ਤੋਂ ਬਾਅਦ ਉਹਨਾਂ ਦੇ ਜੀਵਨ ਸਫ਼ਰ, ਸੰਘਰਸ਼ਾਂ, ਧਾਰਮਿਕ ਅਧਾਰ ਤੇ ਦੇਸ਼ ਦੀ ਵੰਡ ਨੂੰ ਲੈ ਕੇ ਉਹਨਾਂ ਦੇ ਦੂਰਦਰਸ਼ੀ ਵਿਚਾਰਾਂ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਣ 'ਚ ਡਾ. ਅੰਬੇਡਕਰ ਦੇ ਯੋਗਦਾਨ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਕਿਹਾ ਕਿ ਡਾ। ਅੰਬੇਡਕਰ ਨੂੰ ਆਪਣੇ ਜੀਵਨ ਵਿਚ ਬਹੁਤ ਸਾਰੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਉਹਨਾਂ ਲੋਕਾਂ ਨੂੰ ਆਪਣੇ ਅਧਿਕਾਰਾਂ ਦੇ ਨਾਲ-ਨਾਲ ਆਪਣੇ ਫਰਜ਼ਾਂ ਦੇ ਬਾਰ ਵੀ ਜਾਗਰੂਕ ਹੋਣ ਲਈ ਪ੍ਰੇਰਿਤ ਕੀਤਾ। ਉਹਨਾਂ ਦੇ ਸੰਘਰਸ਼ ਅਤੇ ਭਾਰਤੀ ਸੰਵਿਧਾਨ ਵਿਚ ਦਿੱਤੇ ਅਧਿਕਾਰਾਂ ਦੀ ਬਦੌਲਤ ਅੱਜ ਦੱਬੇ-ਕੁਚਲੇ ਸਮਾਜ ਦੇ ਲੋਕ ਵਿਧਾਇਕ ਅਤੇ ਸੰਸਦ ਮੈਂਬਰ ਤੋਂ ਲੈ ਕੇ ਡਾਕਟਰ, ਇੰਜੀਨੀਅਰ, ਜੱਜ ਦੀਆਂ ਉੱਚੀਆਂ ਕੁਰਸੀਆਂ ਤੇ ਪਹੁੰਚੇ ਹਨ। ਉਹਨਾਂ ਦੱਸਿਆ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਪਿਛਲੇ 10 ਸਾਲ 'ਚ ਬਾਬਾ ਸਾਹਿਬ ਡਾ। ਅੰਬੇਡਕਰ ਦੀਆਂ ਯਾਦਗਾਰਾਂ ਨੂੰ ਸਮਾਰਕਾਂ ਦਾ ਰੂਪ ਦੇ ਕੇ ਉਹਨਾਂ ਨੂੰ ਬਣਦਾ ਸਨਮਾਨ ਦੇਣ ਦਾ ਕੰਮ ਕੀਤਾ ਹੈ। ਉਹਨਾਂ ਸਮੂਹ ਸਮਾਜ ਨੂੰ ਡਾ। ਅੰਬੇਡਕਰ ਦੇ ਸੰਦੇਸ਼ ਪੜ੍ਹੋ-ਜੁੜੋ ਅਤੇ ਸੰਘਰਸ਼ ਕਰੋ 'ਤੇ ਅਮਲ ਕਰਨ ਦਾ ਸੱਦਾ ਦਿੱਤਾ। ਇਸ ਦੌਰਾਨ ਕੇਕ ਵੀ ਕੱਟਿਆ ਗਿਆ। ਜਿਸ ਤੋਂ ਬਾਅਦ ਕਵੀ ਬਲਦੇਵ ਕੋਮਲ, ਮਨੋਜ ਫਗਵਾੜਵੀ, ਸੁਖਦੇਵ ਗੰਢਵਾਂ, ਹਰਚਰਨ ਭਾਰਤੀ ਵਲੋਂ ਆਪਣੀਆਂ ਕਵਿਤਾਵਾਂ ਰਾਹੀਂ ਬਾਬਾ ਸਾਹਿਬ ਡਾ। ਅੰਬੇਡਕਰ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਬਾਬਾ ਸਾਹਿਬ ਦੇ ਜਨਮ ਦਿਨ ਦੀ ਖੁਸ਼ੀ ਵਿਚ ਲੱਡੂ ਵੀ ਵੰਡੇ ਗਏ। ਸਭਾ ਵਲੋਂ ਪ੍ਰਮੁਖ ਸ਼ਖਸੀਅਤਾਂ ਨੂੰ ਸਨਮਾਨਤ ਵੀ ਕੀਤਾ ਗਿਆ। ਸਟੇਜ ਦੀ ਸੇਵਾ ਰਿਟਾ। ਹੈਂਡ ਮਾਸਟਰ ਨਰੇਸ਼ ਕੋਹਲੀ ਨੇ ਬਾਖੂਬੀ ਨਿਭਾਈ। ਇਸ ਮੌਕੇ 'ਤੇ ਸਭਾ ਦੇ ਜਨਰਲ ਸਕੱਤਰ ਡਾ। ਵਿਜੇ ਕੁਮਾਰ, ਮੈਨੇਜਰ ਜਗਜੀਤ ਸੇਠ, ਮੈਡਮ ਤਨੂੰ, ਮੈਡਮ ਸਪਨਾ ਸ਼ਾਰਦਾ, ਮੈਡਮ ਆਸ਼ੂ ਬੱਗਾ, ਸਾਹਿਬਜੀਤ ਸਿੰਘ ਸਾਬੀ, ਮਨਦੀਪ ਬਾਸੀ, ਲਾਇਨ ਗੁਰਦੀਪ ਸਿੰਘ ਕੰਗ, ਅਨੂਪ ਦੁੱਗਲ, ਅਸ਼ੋਕ ਸ਼ਰਮਾ, ਡਾ: ਨਰੇਸ਼ ਬਿੱਟੂ, ਰਾਜਕੁਮਾਰ ਰਾਜਾ, ਜਸ਼ਨ ਮਹਿਰਾ, ਹਰਵਿੰਦਰ ਸਿੰਘ, ਨਰਿੰਦਰ ਸੈਣੀ ਰਾਕੇਸ਼ ਕੋਛੜ ਤੋਂ ਇਲਾਵਾ ਸੈਂਟਰ ਦੀਆਂ ਵਿਦਿਆਰਥਣਾਂ ਈਸ਼ਾ, ਮੁਸਕਾਨ ਸ਼ਰਮਾ, ਰੌਸ਼ਨੀ, ਦਿਵਿਯਾ, ਕੌਸ਼ਲਿਆ, ਕੋਮਲ ਕੌਰ, ਰੋਜ਼ੀ ਰਾਏ, ਆਰਤੀ, ਸੋਨੀਆ, ਸਿਮਰਨ, ਪਿੰਕੀ, ਸਲੋਨੀ ਯਾਦਵ, ਹਰਪ੍ਰੀਤ ਕੌਰ, ਸਵਿਤਾ, ਮਨਪ੍ਰੀਤ, ਦਲਜੀਤ, ਵਿਸ਼ਾਖਾ, ਸੰਜਨਾ, ਪਲਕ, ਨੇਹਾ, ਮਨਦੀਪ ਕੌਰ, ਕਾਜਲ, ਰਮਨਦੀਪ ਕੌਰ, ਅੰਜਲੀ, ਅਕਵਿੰਦਰ ਕੌਰ, ਤਾਨੀਆ, ਕੋਮਲ, ਹਰਮਨਪ੍ਰੀਤ, ਮੁਸਕਾਨ, ਪ੍ਰੀਆ, ਸਿਮਰਨ, ਕਾਜਲ, ਅੰਜਲੀ ਹੀਰ, ਕੁਲਦੀਪ, ਜੈਸਮੀਨ ਆਦਿ ਹਾਜਰ ਸਨ।





# ਡਾ ਅੰਬੇਡਕਰ ਬੁੱਧਿਸਟ ਵੈਲਫੇਅਰ ਟਰੱਸਟ ਬੰਗਾ ਨੇ ਮਨਾਇਆ ਰਾਸ਼ਟਰਪਿਤਾ ਮਹਾਤਮਾ ਜੋਤੀਰਾਓ ਫੂਲੇ ਦਾ ਜਨਮ ਦਿਹਾੜਾ

**ਫਗਵਾੜਾ (ਬੀ.ਕੇ. ਰੱਤੂ)** ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਗੁਰਦੁਆਰਾ ਸਾਹਿਬ ਦੇ ਹਾਲ ਵਿੱਚ ਡਾ ਅੰਬੇਡਕਰ ਬੁੱਧਿਸਟ ਵੈਲਫੇਅਰ ਟਰੱਸਟ ਬੰਗਾ ਵਲੋਂ ਰਾਸ਼ਟਰਪਿਤਾ, ਸਮਾਜ ਸੁਧਾਰਕ, ਲੇਖਕ, ਦਾਰਸ਼ਨਿਕ ਅਤੇ ਮਹਾਨ ਸਮਾਜਿਕ ਕ੍ਰਾਂਤੀਕਾਰੀ ਮਹਾਤਮਾ ਜੋਤੀਰਾਓ ਫੂਲੇ ਜੀ ਦਾ ਜਨਮ ਦਿਹਾੜਾ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮ ਵਿੱਚ ਸ਼ਾਮਲ ਦਰਸ਼ਕਾਂ ਨੇ ਜਿੱਥੇ ਆਪਣੇ ਵਾਰੇ ਜਾਣਕਾਰੀ ਦਿੱਤੀ ਉੱਥੇ ਉਨ੍ਹਾਂ ਨੇ ਮਹਾਤਮਾ ਜੋਤੀਰਾਓ ਫੂਲੇ ਜੀ ਦੇ ਜੀਵਨ ਸੰਘਰਸ਼ ਵਾਰੇ ਵੀ ਖੁੱਲਕੇ ਦੱਸਿਆ। ਸਮਾਗਮ ਦੀ ਪ੍ਰਧਾਨਗੀ ਡਾ ਕਸ਼ਮੀਰ ਚੰਦ ਪ੍ਰਧਾਨ ਡਾ ਅੰਬੇਡਕਰ ਬੁੱਧਿਸਟ ਵੈਲਫੇਅਰ ਟਰੱਸਟ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਡਾ. ਕਸ਼ਮੀਰ ਚੰਦ ਤੋਂ ਇਲਾਵਾ ਐਨ ਆਰ ਆਈ ਗੁਰਦਿਆਲ ਬੋਧ, ਸ੍ਰੀ ਜਗਦੀਸ਼ ਰਾਏ ਪ੍ਰਿੰਸੀਪਲ ਰਿਟਾ., ਡਾ. ਅਜੇ ਕੁਮਾਰ ਬਸਰਾ, ਡਾ ਸੁਖਵਿੰਦਰ ਹੀਰਾ, ਪ੍ਰਿੰਸੀਪਲ ਲਾਲ ਚੰਦ ਔਜਲਾ ਅਤੇ ਸ੍ਰੀ ਮੋਹਣ ਲਾਲ ਸੀ ਈ ਓ ਰਿਟਾ। ਸ਼ਾਮਲ ਸਨ। ਸਮਾਗਮ ਨੂੰ ਸੰਬੋਧਨ ਕਰਦਿਆਂ ਡਾ ਕਸ਼ਮੀਰ ਚੰਦ ਪ੍ਰਧਾਨ ਡਾ ਅੰਬੇਡਕਰ ਬੁੱਧਿਸਟ ਵੈਲਫੇਅਰ ਟਰੱਸਟ ਬੰਗਾ ਨੇ ਕਿਹਾ ਕਿ ਮਹਾਤਮਾ ਜੋਤੀਰਾਓ ਫੂਲੇ ਜੀ ਨੇ ਅਤਿ ਪਿਛੜੇ ਵਰਗਾਂ ਦੇ ਲੋਕਾਂ ਨੂੰ ਬਰਾਬਰੀ ਦੇ ਹੱਕ ਦੁਆਉਣ ਲਈ ਆਪਣਾ ਸਾਰਾ ਜੀਵਨ ਅਰਪਣ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਜਿਥੇ ਮਹਾਤਮਾ ਜੋਤੀਰਾਓ ਫੂਲੇ ਜੀ ਨੇ ਸਮਾਜਿਕ ਤੌਰ ਤੇ ਲਿਤਾੜੇ ਲੋਕਾਂ ਲਈ ਸੰਘਰਸ਼ ਕੀਤਾ ਉਥੇ ਉਨ੍ਹਾਂ ਨੇ ਭਾਰਤੀ ਨਾਰੀ ਦੇ ਹੱਕਾਂ ਲਈ ਹਕੀਕੀ ਜਤਨ ਵੀ ਕੀਤੇ। ਡਾ ਕਸ਼ਮੀਰ ਚੰਦ ਨੇ ਅੱਗੇ ਦੱਸਿਆ ਕਿ ਮਹਾਤਮਾ ਜੋਤੀ ਰਾਓ ਫੂਲੇ ਨੇ ਆਪਣੀ ਪਤਨੀ ਸਵਿਤਰੀ ਵਾਈ ਫੂਲੇ ਨੂੰ ਪੜ੍ਹਾ ਕੇ ਦੇਸ਼ ਦੀ ਪਹਿਲੀ ਲੇਡੀ ਅਧਿਆਪਕ ਹੋਣ ਦਾ ਮਾਣ ਹਾਸਲ ਕਰਵਾਇਆ। ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਐਨ ਆਰ ਆਈ ਸ੍ਰੀ ਗੁਰਦਿਆਲ ਬੋਧ ਨੇ ਦੱਸਿਆ ਕਿ ਰਾਸ਼ਟਰਪਿਤਾ ਮਹਾਤਮਾ ਜੋਤੀਰਾਓ ਫੂਲੇ ਨੇ ਸਮਾਜ ਵਲੋਂ ਲਿਤਾੜੇ ਵਰਗ ਨੂੰ ਬਰਾਬਰੀ ਦੇ ਸਮਾਜਿਕ , ਆਰਥਿਕ ਅਤੇ ਸੱਭਿਆਚਾਰਕ ਹੱਕਾਂ ਦੀ ਲੜਾਈ ਲੜੀ। ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਜਗਦੀਸ਼ ਰਾਏ ਪ੍ਰਿੰਸੀਪਲ ਰਿਟਾ. ਨੇ ਦੱਸਿਆ ਕਿ ਅੱਜ ਦੇ ਦਿਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਨੇ ਭਾਰਤੀ ਨਾਰੀ ਨੂੰ ਬਰਾਬਰੀ ਦੇ ਹੱਕ ਦੁਆਉਣ ਲਈ ਹਿੰਦੂ ਕੋਡ ਬਿਲ ਪੇਸ਼ ਕੀਤਾ ਸੀ ਜਿਸ ਦਾ ਬਹੁਤ ਸਾਰੇ ਭਾਰਤੀ ਸੰਗਠਨਾਂ ਨੇ ਵਿਰੋਧ ਕੀਤਾ ਸੀ ਅਤੇ ਬਾਬਾ ਸਾਹਿਬ ਦੇ ਲੰਬੇ ਸੰਘਰਸ਼ ਤੋਂ ਬਾਅਦ ਇਸ ਨੂੰ ਪਾਸ ਕਰਵਾਕੇ ਭਾਰਤੀ ਨਾਰੀ ਨੂੰ ਬਰਾਬਰੀ ਦੇ ਹੱਕ ਦੁਆਉਣ ਵਿਚ ਸਫਲਤਾ ਪ੍ਰਾਪਤ ਕੀਤੀ ਸੀ। ਉਨ੍ਹਾਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਬਹੁਤ ਸਾਰੇ ਵਿਦਵਾਨਾਂ ਨੇ ਇਸ ਸੰਘਰਸ਼ ਵਿੱਚ ਆਪਣਾ ਯੋਗਦਾਨ ਪਾਇਆ। ਇਸ ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਲਾਲ ਚੰਦ ਔਜਲਾ, ਡਾ ਅਜੇ ਕੁਮਾਰ ਬਸਰਾ ਅਤੇ ਡਾ ਸੁਖਵਿੰਦਰ ਹੀਰਾ ਆਦਿ ਨੇ ਵੀ ਸੰਬੋਧਨ ਕੀਤਾ। ਸਟੇਜ ਦੀ ਕਾਰਵਾਈ ਹਰਮੇਸ਼ ਵਿਰਦੀ ਸਾਬਕਾ ਚੇਅਰਮੈਨ ਬਲਾਕ ਸੰਮਤੀ ਬੰਗਾ ਨੇ ਬਾਖੂਬੀ ਨਿਭਾਈ। ਇਸ ਮੌਕੇ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਡਾ ਅਮਰੀਕ ਸਿੰਘ, ਡਾ ਨਰੰਜਣ ਪਾਲ ਹੀਓਂ, ਬਾਬੂ ਅਜੀਤ ਰਾਮ ਗੁਣਾਚੌਰ, ਹਰਮੇਸ਼ ਭਾਰਤੀ, ਮਾਸਟਰ ਸ਼ਿੰਗਾਰਾ ਰਾਮ, ਦਿਲਬਾਗ ਸਿੰਘ ਬਾਗੀ, ਸਰਬਜੀਤ ਸਿੰਘ ਪੱਦੀ, ਮੋਹਨ ਬੀਕਾ, ਮਲਕੀਤ ਚੰਦ, ਬਾਬਾ ਮਾਧੋ ਗੁਪਾਲ, ਰਮੇਸ਼ ਅਟਾਰੀ, ਸੁਰਿੰਦਰ ਸਿੰਘ ਖਟਕੜ ਖ਼ੁਰਦ, ਕੁਲਵਿੰਦਰ ਸਿੰਘ ਖੇੜਾ, ਸੁਰੇਸ਼ ਕੁਮਾਰ, ਮਨੋਹਰ ਕਮਾਮ ਸਰਪੰਚ, ਹਰਜਿੰਦਰ ਲੱਧੜ ਜਨਰਲ ਸਕੱਤਰ, ਪ੍ਰਕਾਸ਼ ਬੈਂਸ, ਚਮਨ ਲਾਲ ਕਜਲਾ , ਚਰਨਜੀਤ ਪੱਦੀ ਮੱਠ ਵਾਲੀ , ਚਰਨਜੀਤ ਸੱਲਾਂ, ਗੁਰਦਿਆਲ ਚੰਦ ਪੱਦੀ ਮੱਠ ਵਾਲੀ, ਇੰਦਰਜੀਤ ਅਟਾਰੀ, ਵਿਜੇ ਕੁਮਾਰ ਭੱਟ, ਰਾਕੇਸ਼ ਕੁਮਾਰ, ਨਸੀਬ ਚੰਦ ਸੂਬੇਦਾਰ ਭੌਰਾ, ਪ੍ਰੋਫ਼ੈਸਰ ਹੁਸਨ ਲਾਲ ਬਸਰਾ, ਸੁਖਦੇਵ ਸਿੰਘ ਬਿੰਜੋ , ਜੋਗਰਾਜ ਪੱਦੀ, ਪਰਮਜੀਤ ਮਹਿਰਮਪੁਰੀ, ਡਾ ਕਿਰਪਾਲ ਸਿੰਘ ਝੱਲੀ ਹੀਓਂ, ਵਿਜੇ ਕੁਮਾਰ ਗੁਣਾਚੌਰ, ਪ੍ਰਵੀਨ ਬੰਗਾ, ਗੁਰਦਿਆਲ ਦੁਸਾਂਝ, ਮਾ ਮਹਿੰਦਰ ਪਾਲ ਜਿੰਡਆਲਾ, ਦੀਨ ਦਿਆਲ ਅਟਾਰੀ, ਸੋਹਨ ਲਾਲ ਮੱਲ ਯੂ ਕੇ , ਸ੍ਰੀਮਤੀ ਮਿੰਦੋ ਮੱਲ ਯੂ ਕੇ, ਨਿਰਮਲ ਦੇਵੀ ਸਾਬਕਾ ਐਮ ਸੀ, ਪ੍ਰਵੀਨ ਵਿਰਦੀ, ਅਮਰ ਚੰਦ ਅਟਾਰੀ, ਸੋਹਨ ਸਿੰਘ ਭਰੋਮਜਾਰਾ, ਧਰਮ ਪਾਲ ਤਲਵੰਡੀ, ਰਾਮਜੀਤ ਐਸ ਡੀ ਓ ਪੰਚਾਇਤੀ ਰਾਜ, ਡਾ ਸੁਰਿੰਦਰ ਕੁਮਾਰ, ਮਾਸਟਰ ਲਖਵਿੰਦਰ ਕੁਮਾਰ ਭੌਰਾ, ਡਾ ਜਸਵਿੰਦਰ ਸਿੰਘ, ਮਾ ਕੁਲਵਿੰਦਰ ਸਿੰਘ, ਭੁਵੇਸ਼ ਕੁਮਾਰ, ਰਤਨ ਚੰਦ ਪੱਦੀ ਅਤੇ ਕੁਲਦੀਪ ਬਹਿਰਾਮ ਆਦਿ ਹਾਜ਼ਰ ਸਨ । ਇਸ ਮੌਕੇ ਮਿਸ਼ਨਰੀ ਕਲਾਕਾਰ ਹਰਨਾਮ ਦਾਸ ਬਹਿਲਪੁਰੀ ਨੇ ਮਿਸ਼ਨਰੀ ਗੀਤਾਂ ਨਾਲ ਹਾਜ਼ਰੀ ਲਗਵਾਈ। ਇਸ ਮੌਕੇ ਲੰਗਰ ਅਤੁੱਟ ਵਰਤਿਆ ਗਿਆ। ਮਹਾਤਮਾ ਜੋਤੀਰਾਓ ਫੂਲੇ ਜੀ ਦੇ ਜੀਵਨ ਸਬੰਧੀ ਕਿਤਾਬਾਂ ਵੀ ਦਿਤੀਆਂ ਗਈਆਂ।



# ਮੈਡੀਕਲ ਪ੍ਰੈਕਟੀਸ਼ਨਰਜ ਐਸ਼ੋਸੀਏਸ਼ਨ ਪੰਜਾਬ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਮਹੀਨਾਵਾਰ ਮੀਟਿੰਗ ਹੋਈ





**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਮੈਡੀਕਲ ਪ੍ਰੈਕਟੀਸ਼ਨਰਜ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਇੱਕ ਅਹਿਮ ਮੀਟਿੰਗ ਜਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਦੀ ਪ੍ਰਧਾਨਗੀ ਹੇਠ ਵਿਸ਼ਵ ਰਤਨ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਅਤੇ ਮਹਾਤਮਾ ਜੋਤੀ ਰਾਓ ਫੂਲੇ ਜੀ ਦੇ ਜਨਮ ਦਿਨ ਨੂੰ ਸਮਰਪਿਤ ਕੀਤੀ ਗਈ। ਮੀਟਿੰਗ ਵਿੱਚ ਸੂਬਾ ਪ੍ਰਧਾਨ ਡਾਕਟਰ ਰਮੇਸ਼ ਕੁਮਾਰ ਬਾਲੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਮੀਟਿੰਗ ਵਿੱਚ ਐਸੋਸੀਏਸ਼ਨ ਨੂੰ ਪੇਸ਼ ਆ ਰਹੀਆ ਮੁਸ਼ਕਿਲਾਂ ਵਾਰੇ ਗੰਭੀਰਤਾ ਨਾਲ ਵਿਚਾਰ ਚਰਚਾ ਕੀਤੀ ਗਈ। ਸੂਬਾ ਪ੍ਰਧਾਨ ਡਾਕਟਰ ਰਮੇਸ਼ ਕੁਮਾਰ ਬਾਲੀ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆ ਕਿਹਾ ਕਿ ਸਾਨੂੰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਅਤੇ ਮਹਾਤਮਾ ਜੋਤੀ ਰਾਓ ਫੂਲੇ ਜੀ ਦੀ ਵਿਚਾਰਧਾਰਾ ਨੂੰ ਅਮਲੀ ਜਾਮਾ ਪਹਿਨਾਕੇ ਉਨ੍ਹਾ ਦੇ ਦਰਸਾਏ ਮਾਰਗ ਤੇ ਚੱਲਦਿਆ ਕਿ ਪੜ੍ਹੋ ਜੜ੍ਹੋ ਸ਼ੰਘਰਸ਼ ਕਰੋ ਦੇ ਨਾਲ-ਨਾਲ ਲੋਕਾਂ ਨੂੰ ਆਪਣੇ ਹੱਕਾਂ ਲਈ ਲੜਨ ਲਈ ਸੁਚੇਤ ਕਰਨਾ ਚਾਹੀਦਾ ਹੈ। ਜਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਅਤੇ ਜਿਲ੍ਹਾ ਚੇਅਰਮੈਨ ਅਤੇ ਸੂਬਾ ਵਾਇਸ ਕੈਸ਼ੀਅਰ ਡਾਕਟਰ ਸੁਰਿੰਦਰਪਾਲ ਸਿੰਘ ਜੈਨਪੁਰ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆ ਦੱਸਿਆ ਕਿ ਮੈਡੀਕਲ ਪ੍ਰੈਕਟੀਸ਼ਨਰਜ ਨੂੰ ਆਪਣੇ ਕਿੱਤੇ ਨੂੰ ਬਚਾਉਣ ਲਈ ਸ਼ੰਘਰਸ਼ ਕਰਦਿਆ ਬਹੁਤ ਲੰਮਾ ਸਮਾ ਹੋ ਗਿਆ ਪਰ ਅੱਜ ਤੱਕ ਕਿਸੇ ਵੀ ਸਰਕਾਰ ਨੇ ਮੈਡੀਕਲ ਪ੍ਰੈਕਟੀਸ਼ਨਰ ਦੇ ਮਸਲੇ ਨੂੰ ਗੰਭੀਰ ਨਹੀਂ ਸਮਝਿਆ ਸਗੋਂ ਸਮੇਂ ਸਮੇਂ ਤੇ ਮੈਡੀਕਲ ਪ੍ਰੈਕਟੀਸ਼ਨਰ ਦੇ ਕਿੱਤੇ ਨੂੰ ਉਜਾੜਨ ਦੀ ਕੋਸ਼ਿਸ਼ ਕੀਤੀ ਏ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਭਗਵੰਤ ਸਿੰਘ ਮਾਨ ਸਰਕਾਰ ਤੋਂ ਬੜੀਆਂ ਉਮੀਦਾਂ ਸਨ ਕਿ ਉਹ ਮੈਡੀਕਲ ਪ੍ਰੈਕ-ਟੀਸ਼ਨਰ ਦੇ ਦਰਦ ਨੂੰ ਜਰੂਰ ਸਮਝੇਗੀ ਔਰ ਪਿਛਲੇ ਸਮੇਂ ਇਹਨਾ ਉਮੀਦਾਂ ਨੂੰ ਬੂਰ ਪੈਂਦਾ ਨਜ਼ਰ ਵੀ ਆਇਆ ਜਦੋਂ ਸੂਬਾਈ ਆਗੂਆਂ ਨਾਲ ਸਿਹਤ ਮੰਤਰੀ ਅਤੇ ਵਿੱਤ ਮੰਤਰੀ ਨਾਲ ਚੰਡੀਗੜ੍ਹ ਵਿਖੇ ਮੀਟਿੰਗਾਂ ਕੀਤੀਆ ਗਈਆਂ। ਪਰ ਹਾਲੇ ਤੱਕ ਉਸਦਾ ਨਤੀਜਾ ਨ੍ਹੀਂ ਨਿਕਲਿਆ। ਹੁਣ ਆਉਣ ਵਾਲੀਆ ਸੰਸਦ ਦੀਆਂ ਚੋਣਾਂ ਵਿੱਚ ਸਰਕਾਰ ਨੂੰ ਇਸ ਦਾ ਖ਼ਮਿਆਜ਼ਾ ਭੁਗਤਣਾ ਪਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ 27 ਅਪ੍ਰੈਲ ਨੂੰ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਦਾ ਸੂਬਾ ਪੱਧਰ ਦਾ ਡੈਲੀਗੇਟ ਅਜਲਾਸ ਤਰਨਤਾਰਨ ਵਿਖੇ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਡੈਲੀਗੇਟਸ ਵਲੋਂ ਸ਼ਮੂਲੀਅਤ ਕੀਤੀ ਜਾਵੇਗੀ। ਮੀਟਿੰਗ ਦੌਰਾਨ ਕਾਠਗੜ੍ਹ ਬਲਾਕ ਦੇ ਪ੍ਰਧਾਨ ਡਾਕਟਰ ਰਜਿੰਦਰ ਸਿੰਘ ਲੱਕੀ ਨੂੰ ਜਿਲ੍ਹੇ ਦਾ ਆਰਗੇਨਾਈਜ਼ਰ ਸਕੱਤਰ ਲਾਇਆ ਗਿਆ। ਡਾਕਟਰ ਰਜਿੰਦਰ ਸਿੰਘ ਲੱਕੀ ਵੱਲੋ ਸਮੂਹ ਜਿਲਹਾ ਕਮੇਟੀ ਦਾ ਧੰਨਵਾਦ ਕਰਦਿਆ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਦੀ ਹਰ ਸੰਭਵ ਕੋਸ਼ਿਸ਼ ਕਰਨਗੇ। ਇਸ ਸਮੇਂ ਜਿਲ੍ਹਾ ਜਨਰਲ ਸਕੱਤਰ ਡਾਕਟਰ ਪ੍ਰੇਮ ਸਲੋਹ, ਕੈਸ਼ੀਅਰ ਡਾਕਟਰ ਕਸ਼ਮੀਰ ਸਿੰਘ ਬਛੌੜੀ, ਸੂਬਾ ਆਗੂ ਡਾਕਟਰ ਬਲਵੀਰ ਗਰਚਾ, ਡਾਕਟਰ ਸਤਨਾਮ ਸਿੰਘ ਵਜੀਦਪੁਰ, ਡਾਕਟਰ ਅਨੂੰਪਿੰਦਰ ਸਿੰਘ, ਡਾਕਟਰ ਅਮ੍ਰਿਤ ਲਾਲ, ਡਾਕਟਰ ਗੁਰਮੇਲ ਮਜਾਰੀ, ਡਾਕਟਰ ਅਸ਼ੋਕ ਕੁਮਾਰ, ਡਾਕਟਰ ਜਸਵੀਰ ਸਿੰਘ ਗੜ੍ਹੀ, ਡਾਕਟਰ ਸੁਰਿੰਦਰ ਨੌਰਦ, ਡਾਕਟਰ ਪਰਮਜੀਤ ਬੱਧਣ, ਡਾਕਟਰ ਬਲਵਿੰਦਰ ਬੈਂਸ, ਡਾਕਟਰ ਜਗੀਰ ਸਿੰਘ, ਡਾਕਟਰ ਰਵਿੰਦਰ ਕੁਮਾਰ, ਡਾਕਟਰ ਪ੍ਰਵੀਨ ਕੁਮਾਰ, ਡਾਕਟਰ ਗੁਰਨਾਮ ਸਿੰਘ, ਡਾਕਟਰ ਮੰਗਤ ਰਾਏ, ਡਾਕਟਰ ਰਾਮਜੀ ਬੱਧਣ, ਡਾਕਟਰ ਸੁਰਿੰਦਰ ਕਟਾਰੀਆ ਆਦਿ ਹਾਜ਼ਰ ਸਨ।

# ਅਮਨਜੋਤੀ (ਯੂ.ਕੇ.) ਤੇ ਵਿਜੈ ਦਾਦਰਾ ਦੇ ਪਰਿਵਾਰ ਨੇ ਵਿਦਿਆਰਥੀਆਂ ਨੂੰ ਕਾਪੀਆਂ ਪੈੱਨ ਵੰਡੇ



**ਫਿਲੌਰ, ਅੱਪਰਾ (ਜੱਸੀ)**-ਕਰੀਬੀ ਪਿੰਡ ਛੋਕਰਾਂ ਵਿਖੇ ਸਥਿਤ ਸਰਕਾਰੀ ਐਲੀਮੈਂਟਰੀ ਸਕੂਲ ਵਿਖੇ ਪੜਦੇ ਸਮੂਹ ਵਿਦਿਆਰਥੀਆਂ ਨੂੰ ਅਮਨਜੋਤੀ (ਯੂ. ਕੇ), ਵਿਜੈ ਦਾਦਰਾ ਤੇ ਸਵ। ਢੇਰੂ ਰਾਮ ਦੇ ਸਮੂਹ ਪਰਿਵਾਰ ਵਲੋਂ ਕਾਪੀਆਂ ਤੇ ਪੈੱਨ ਵੰਡੇ ਗਏ। ਇਸ ਮੌਕੇ ਸਮੂਹ ਦਾਨੀ ਸੱਜਣਾਂ ਦਾ ਧੰਨਵਾਦ ਕਰਦਿਆਂ ਸ੍ਰੀ ਧਰਮਪਾਲ ਛੋਕਰਾਂ ਸਾਬਕਾ ਪੰਚਾਇਤ ਮੈਂਬਰ ਨੇ ਕਿਹਾ ਕਿ ਦਾਨੀ ਸੱਜਣਾਂ ਦੇ ਕਾਰਣ ਹੀ ਅੱਜ ਸਰਕਾਰੀ ਸਕੂਲ ਵੀ ਤਰੱਕੀਆਂ ਦੀ ਰਾਹ 'ਤੇ ਹਨ ਤੇ ਵਿਸ਼ਵ ਪੱਧਰੀ ਵਿੱਦਿਆ ਮੁਹਈਆ ਕਰਵਾ ਰਹੇ ਹਨ। ਇਸ ਮੌਕੇ ਅਮਨਜੋਤੀ (ਯੂ. ਕੇ), ਵਿਜੈ ਦਾਦਰਾ ਤੇ ਸਵ। ਢੇਰੂ ਰਾਮ ਦੇ ਸਮੂਹ ਪਰਿਵਾਰ ਵਲੋਂ ਆਪਣੀ ਕਿਰਤ ਕਮਾਈ 'ਚ ਦਸਵੰਧ ਕੱਢ ਕੇ ਵਿਦਿਆਰਥੀਆਂ ਨੂੰ ਕਾਪੀਆਂ ਤੇ ਪੈੱਨ ਵੰਡੇ ਗਏ ਤਾਂ ਕਿ ਉਹ ਵਿੱਦਿਆ ਦੇ ਪ੍ਰਤੀ ਬੱਚਿਆਂ ਨੂੰ ਉਤਸ਼ਾਹਿਤ ਕਰ ਸਕਣ। ਇਸ ਮੌਕੇ ਜਸਵਿੰਦਰ ਕੌਰ, ਲਖਵਿੰਦਰ ਲੋਹਟ, ਧਰਮਪਾਲ ਛੋਕਰਾਂ, ਮੋਨਿਕਾ ਲੋਹਟ, ਮਾਸਟਰ ਕੁਲਵੀਰ ਰਾਮ ਤੇ ਹੋਰ ਮੋਹਤਬਰ ਹਾਜ਼ਰ ਸਨ।

# ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਜ਼ਿਲ੍ਹਾ ਪੱਧਰੀ ਮੀਟਿੰਗ 'ਚ ਜ਼ਮੀਨੀ ਸੰਘਰਸ਼ ਦਾ ਐਲਾਨ



**ਸੁਨਾਮ ਊਧਮ ਸਿੰਘ ਵਾਲਾ, (ਦਲਜੀਤ ਕੌਰ)-** -ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਜਿਲਾ ਕਮੇਟੀ ਸੰਗਰੂਰ ਦੀ ਅਹਿਮ ਮੀਟਿੰਗ ਸੁਨਾਮ ਵਿਖੇ ਹੋਈ। ਇਸ ਸੰਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਜਿਲ੍ਹਾ ਪ੍ਰਧਾਨ ਬਲਜੀਤ ਨਮੋਲ, ਜਿਲਾ ਆਗੂ ਕਰਮਜੀਤ ਕੌਰ ਅਤੇ ਜਗਦੀਪ ਸਿੰਘ ਨੇ ਦੱਸਿਆ ਕਿ ਪਿਛਲੇ ਦਿਨੀ ਸੂਬਾ ਕਮੇਟੀ ਦੀ ਮੀਟਿੰਗ ਹੋਈ ਹੈ, ਜਿਸ 'ਚ ਪਿਛਲੇ ਮਹੀਨਿਆਂ ਦੇ ਕੰਮਾਂਕਾਰਾਂ ਦੀ ਰਿਪੋਟਿੰਗ ਅਤੇ ਰੀਵਿਊ ਕਰਕੇ ਅਗਲੀ ਯੋਜਨਾ ਬਣਾਈ ਗਈ। ਅੱਜ ਦੀ ਜਿਲ੍ਹਾ ਕਮੇਟੀ ਸੰਗਰੂਰ ਦੀ ਮੀਟਿੰਗ 'ਚ ਇਹ ਸਾਰੀ ਰਿਪੋਰਟ ਕੀਤੀ ਗਈ, ਜਿਸ ਵਿੱਚ ਇਹ ਤੈਅ ਕੀਤਾ ਗਿਆ ਕਿ ਆਉਣ ਵਾਲੀ 1 ਮਈ ਨੂੰ ਮਜ਼ਦੂਰ ਦਿਵਸ ਤੇ ਜੋ ਕਿ ਪੂਰੇ ਸੰਸਾਰ ਅੰਦਰ ਮਨਾਇਆ ਜਾਂਦਾ ਹੈ, ਜਿਸ 'ਚ ਅਮਰੀਕਾ ਦੇ ਸ਼ਿਕਾਗੋ ਸ਼ਹਿਰ 'ਚ ਮਜ਼ਦੂਰਾਂ ਨੇ ਆਪਣਾ ਖ਼ੂਨ ਡੋਲ ਕੇ ਸ਼ਹੀਦੀਆਂ ਪਾ ਕੇ ਅੱਠ ਘੰਟੇ ਦਿਹਾੜੀ ਪੱਕੇ ਤੌਰ ਤੇ ਲਾਗੂ ਕਰਵਾਈ ਸੀ । ਉਸ ਤੋਂ ਪਹਿਲਾਂ ਜਦਕਿ ਮਜ਼ਦੂਰਾਂ ਦੀ ਵੱਡੇ ਪੱਧਰ ਤੇ ਸਰਮਾਏਦਾਰ ਲੋਕਾਂ ਵੱਲੋਂ ਲੰਮਾ ਲੰਮਾ ਸਮਾਂ ਕੰਮ ਕਰਵਾ ਕੇ ਲੁੱਟ ਕੀਤੀ ਜਾਂਦੀ ਸੀ। ਸੋ ਇਸ ਮਜ਼ਦੂਰਾਂ ਦਿਵਸ ਨੂੰ ਪੂਰੇ ਜੋਰਾਂ ਸ਼ੋਰਾਂ ਨਾਲ ਮਜ਼ਦੂਰ ਜਮਾਤ ਦੇ ਝੰਡੇ ਚਾੜ ਕੇ ਰੈਲੀਆਂ ਮੀਟਿੰਗਾਂ ਕਰਕੇ ਮਨਾਇਆ ਜਾਵੇਗਾ। ਇਸ ਤੋਂ ਇਲਾਵਾ ਹਰ ਸਾਲ ਦੀ ਤਰ੍ਹਾਂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਚਲਦੇ ਆ ਰਹੇ ਪੰਚਾਇਤੀ ਜਮੀਨ ਚੋਂ ਤੀਸਰੇ ਹਿੱਸੇ ਦੀ ਜਮੀਨ ਦਲਿਤ ਖੇਤ ਮਜ਼ਦੂਰਾਂ ਲਈ ਸਾਂਝੇ ਤੌਰ ਅਤੇ ਘੱਟ ਰੇਟ ਤੇ ਲੈਣ ਲਈ ਸੰਘਰਸ਼ ਦੀ ਯੋਜਨਾ ਉਲੀਕੀ ਗਈ। ਜਿਸ ਵਿੱਚ ਸੰਗਰੂਰ ਜ਼ਿਲ੍ਹੇ ਦੇ ਬਲਾਕ ਸੁਨਾਮ, ਧੂਰੀ, ਸੰਗਰੂਰ, ਦਿੜ੍ਹਬਾ ਦੇ ਵੱਖ ਵੱਖ ਪਿੰਡਾਂ ਵਿੱਚ ਜਮੀਨੀ ਘੋਲ ਪੂਰੇ ਜ਼ੋਰਾਂ ਸ਼ੋਰਾਂ ਨਾਲ ਲੜਨ ਦਾ ਕੀਤਾ ਗਿਆ। ਇਸ ਤੋਂ ਇਲਾਵਾ ਖੇਤ ਮਜ਼ਦੂਰਾਂ ਦੇ ਹੋਰ ਮਸਲੇ ਜਿਵੇਂ ਕਿ ਲੈਂਡ ਸੀਲਿੰਗ ਐਕਟ ਲਾਗੂ ਕਰਵਾਉਣ, ਪਲਾਟ, ਕਰਜਾ ਮੁਆਫ, ਜਾਤੀ ਵਿਤਕਰਾ ਆਦਿ ਮੰਗਾਂ ਮਸਲਿਆਂ ਤੇ ਵੀ ਪ੍ਰਚਾਰ ਕੀਤਾ ਜਾਵੇਗਾ। ਅੱਜ ਦੀ ਜਿਲਾ ਕਮੇਟੀ ਮੀਟਿੰਗ 'ਚ ਬਾਕੀ ਜਿਲਾ ਆਗੂ ਦਰਸ਼ਨ ਸਿੰਘ, ਮੇਘ ਸਿੰਘ, ਜਰਨੈਲ ਸਿੰਘ, ਹਮੀਰ ਸਿੰਘ, ਸਤਪਾਲ ਸਿੰਘ, ਜਗਤਾਰ ਸਿੰਘ ਆਦਿ ਸ਼ਾਮਿਲ ਸਨ।

# ਆਯੁਰਵੈਦਿਕ ਪ੍ਰੈਕਟੀਸ਼ਨਰਜ਼ ਵੈਲਫੇਅਰ ਐਸੋਸੀਏਸ਼ਨ (ਰਜਿ:) ਗੜ੍ਹਸ਼ੰਕਰ ਵੱਲੋਂ ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ ਕੈਂਪ ਲਗਾਇਆ ਗਿਆ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਹਰ ਸਾਲ ਦੀ ਤਰ੍ਹਾਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਤਪ ਅਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ ਆਯੁਰਵੈਦਿਕ ਪ੍ਰੈਕਟੀਸ਼ਨਰ ਵੈਲਫੇਅਰ ਐਸੋਸੀਏਸ਼ਨ ਵੱਲੋਂ ਦੋ ਰੋਜ਼ਾ ਮੁਫਤ ਆਯੁਰਵੈਦਿਕ ਮੈਡੀਕਲ ਕੈਂਪ ਲਗਾਇਆ ਗਿਆ। ਇਸ ਮੌਕੇ ਵੈਦ ਜੋਗਿੰਦਰ ਸਿੰਘ ਸਰਪ੍ਰਸਤ ਤੇ ਵੈਦ ਹਰਭਜ ਮਹਿਮੀ ਦੀ ਅਗਵਾਈ ਚ ਲਗਾਏ ਕੈਂਪ ਦਾ ਉਦਘਾਟਨ ਵੈਦ ਜੋਗਿੰਦਰ ਸਿੰਘ ਸਰਪ੍ਰਸਤ ਨੇ ਕੀਤਾ। ਕੈਂਪ ਵਿੱਚ ਮਰੀਜ਼ਾਂ ਦੀ ਜਾਂਚ ਕੀਤੀ ਗਈ ਅਤੇ ਦਵਾਈਆਂ ਮੁਫ਼ਤ ਦਿੱਤੀਆਂ ਗਈਆਂ। ਕੈਂਪ ਬਾਰੇ ਜਾਣਕਾਰੀ ਦਿੰਦਿਆਂ ਵੈਦ ਹਰਭਜ ਮਹਿਮੀ ਨੇ ਦੱਸਿਆ ਕਿ ਕੈਂਪ ਵਿੱਚ ਜ਼ਿਆਦਾਤਰ ਮਰੀਜ਼ ਜੋੜਾਂ ਦੇ ਦਰਦ, ਪੇਟ ਦੇ ਰੋਗ, ਚਮੜੀ ਰੋਗ, ਖਾਂਸੀ ਅਤੇ ਜ਼ੁਕਾਮ ਦੇ ਆਏ। ਕੈਂਪ ਵਿੱਚ 930 ਦੇ ਕਰੀਬ ਮਰੀਜ਼ਾਂ ਦਾ ਚੈਕਅੱਪ ਕੀਤਾ ਗਿਆ। ਵੈਦ ਹਰਭਜ ਮਹਿਮੀ, ਵੈਦ ਰਾਮਲਾਲ ਕਟਾਰੀਆ, ਵੈਦ ਅਜਮੇਰ ਸਿੰਘ, ਵੈਦ ਅਸ਼ਵਨੀ, ਵੈਦ ਮਨਪ੍ਰੀਤ ਸੂਦ, ਵੈਦ ਕਸ਼ਮੀਰ ਸਿੰਘ, ਵੈਦ ਕ੍ਰਿਸ਼ਨ, ਵੈਦ ਬਲਜੀਤ ਸਿੰਘ, ਵੈਦ ਓਮਕਾਰ ਨਾਥ ਨੈਣਵਾਂ, ਵੈਦ ਬਲਵਿੰਦਰ ਸਿੰਘ, ਵੈਦ ਹਰਜਿੰਦਰ ਕੁਮਾਰ ਤੇ ਕਾਂਤਾ ਦੇਵੀ ਆਦਿ ਹਾਜ਼ਰ ਸਨ।

# ਨਰਪਾਲ ਸਿੰਘ ਸ਼ੇਰਗਿੱਲ ਦੀ ਪੁਸਤਕ 'ਸਿੱਖ ਸੰਸਾਰ-2024' ਲੋਕ ਅਰਪਨ




**ਫਗਵਾੜਾ-** ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ ਵਲੋਂ ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਦੀ ਪੁਸਤਕ ਸਿੱਖ ਸੰਸਾਰ-2024, ਇੰਟਰਨੈਸ਼ਨਲ ਡਾਇਰੈਕਟਰੀ ਆਫ਼ ਗੁਰ-ਦੁਆਰਾਜ਼ ਐਂਡ ਸਿੱਖ ਆਰਗੇਨਾਈਜੇਸ਼ਨ, ਫਗਵਾੜਾ ਵਿਖੇ ਪੰਜਾਬੀ ਸੱਥ ਦੇ ਮੁੱਖ ਸੰ-ਚਾਲਕ ਮੋਤਾ ਸਿੰਘ ਸਰਾਏ ਵਲੋਂ ਲੋਕ ਅਰਪਨ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਪ੍ਰਿੰ: ਗੁਰਮੀਤ ਸਿੰਘ ਪਲਾਹੀ, ਮੋਤਾ ਸਿੰਘ ਸਰਾਏ, ਪ੍ਰਿੰ: ਗੁਰਨਾਮ ਸਿੰਘ ਡੁਮੇਲੀ, ਗਿਆਨ ਸਿੰਘ ਸਾਬਕਾ ਡੀਪੀਆਰਓ ਨੇ ਕੀਤੀ।



ਇਸ ਸਮੇਂ ਬੋਲਦਿਆਂ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਪ੍ਰਣਾਈ ਸਖ਼ਸ਼ੀਅਤ ਮੋਤਾ ਸਿੰਘ ਸਰਾਏ ਯੂ.ਕੇ. ਨੇ ਕਿਹਾ ਕਿ ਉਹਨਾ ਨੂੰ ਆਪਣੀ ਮਾਂ ਬੋਲੀ ਪੰਜਾਬੀ 'ਤੇ ਮਾਣ ਹੈ ਅਤੇ ਉਹ ਆਪਣੇ ਜ਼ਿੰਦਗੀ ਪੰਜਾਬੀ ਬੋਲੀ ਤੇ ਸਭਿਆਚਾਰ ਦਾ ਝੰਡਾ ਦੁਨੀਆ ਭਰ 'ਚ ਉੱਚਾ ਚੁੱਕਣ ਲਈ ਵਚਨਵੱਧ ਹਨ।

ਉਹਨਾ ਨੇ ਨਰਪਾਲ ਸਿੰਘ ਸ਼ੇਰਗਿੱਲ ਨੂੰ ਉਹਨਾ ਦੀ 55 ਸਾਲ ਦੀ ਸਫਲ ਪੱਤਰਕਾਰੀ ਦੇ ਸਫ਼ਰ ਲਈ ਵਧਾਈ ਦਿੱਤੀ।

ਉਹਨਾਂ ਨੇ ਇਹ ਵੀ ਦੱਸਿਆ ਕਿ ਪੰਜਾਬੀ ਬੋਲੀ ਤੇ ਸਭਿਆਚਾਰ ਦੇ ਪ੍ਰਚਾਰ ਤੇ ਪ੍ਰਸਾਰ ਲਈ ਵਿਸ਼ੇਸ਼ ਕੰਮ ਕਰਨ ਵਾਲੀਆਂ 25 ਸਖ਼ਸ਼ੀਅਤਾਂ ਨੂੰ ਪੰਜਾਬੀ ਸੱਥ ਦੇ 25 ਵਰ੍ਹੇ ਪੂਰੇ ਹੋਣ 'ਤੇ ਸਨਮਾਨਿਤ ਕੀਤਾ ਜਾਏਗਾ। ਗਿਆਨ ਸਿੰਘ ਸਾਬਕਾ ਡੀਪੀਆਰਓ ਨੇ ਨਰਪਾਲ ਸਿੰਘ ਸ਼ੇਰਗਿੱਲ ਦੀਆਂ ਪੰਜਾਬੀ ਸੰਸਾਰ 'ਤੇ ਸਿੱਖ ਸੰਸਾਰ ਲਈ ਕੀਤੇ ਵਿਸ਼ੇਸ਼ ਯਤਨਾਂ ਅਤੇ ਪੱਤਰਕਾਰੀ ਦੇ ਖੇਤਰ 'ਚ ਨਵੇਂ ਦਿਸਹੱਦੇ ਸਿਰਜਣ ਲਈ ਮੁਬਾਰਕਾਂ ਦਿੱਤੀਆਂ।

ਇਸ ਸਮੇਂ ਬੋਲਦਿਆਂ ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ ਦੇ ਪ੍ਰਧਾਨ ਪ੍ਰਿੰ: ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਸੰਸਥਾ ਵਲੋਂ ਪੰਜਾਬੀ ਦੇ ਕਾਲਮਨਵੀਸਾਂ ਨੂੰ ਇੱਕ ਪਲੇਟਫਾਰਮ ਦੇਣ ਦਾ ਯਤਨ ਹੋ ਰਿਹਾ ਹੈ ਤਾਂ ਕਿ ਪੰਜਾਬੀ ਪੱਤਰਕਾਰੀ ਦੇ ਖੇਤਰ 'ਚ ਹੋਰ ਬੁਲੰਦੀਆਂ ਛੋਹੀਆਂ ਜਾ ਸਕਣ ਅਤੇ ਇਸਨੂੰ ਅੰਤਰਰਾਸ਼ਟਰੀ ਪੱਧਰ 'ਤੇ ਲਿਜਾਇਆ ਜਾਵੇ।

ਇਸ ਸਮੇਂ ਨਛੱਤਰ ਸਿੰਘ ਭੋਗਲ ਦੀ ਪੁਸਤਕ "ਜੀਵਨਧਾਰਾ" ਵੀ ਪ੍ਰਧਾਨਗੀ ਮੰਡਲ ਵਲੋਂ ਲੋਕ ਅਰਪਨ ਕੀਤੀ ਗਈ। ਇਸ ਸਮੇਂ ਹੋਰਨਾਂ ਤੋਂ ਬਿਨ੍ਹਾਂ ਰਵਿੰਦਰ ਚੋਟ, ਡਾ: ਇੰਦਰਜੀਤ ਸਿੰਘ ਵਾਸੂ, ਜਸਵਿੰਦਰ ਫਗਵਾੜਾ, ਸਾਹਿਬਾ, ਜੀਟਨ ਕੌਰ ਬਾਂਸਲ, ਦਵਿੰਦਰ ਸਿੰਘ ਜੱਸਲ, ਸੁਖਜੀਤ ਵਾਲੀਆ, ਕਰਮਜੀਤ ਸਿੰਘ ਸੰਧੂ, ਕਲਮੇਸ਼ ਸੰਧੂ, ਬਲਦੇਵ ਰਾਜ ਕੋਮਲ, ਹਰਜਿੰਦਰ ਨਿਆਣਾ, ਨਛੱਤਰ ਭੋਗਲ, ਸਰਬਜੀਤ ਸਿੰਘ ਚਾਨਾ, ਅੰਮ੍ਰਿਤਪਾਲ ਸਿੰਘ ਸਰਾਏ, ਕੁਲਵੰਤ ਸਿੰਘ ਭਿੰਡਰ, ਡਾ: ਜਗੀਰ ਸਿੰਘ ਨੂਰ ਆਦਿ ਹਾਜ਼ਰ ਸਨ। ਅੱਜ ਦੇ ਸਮਾਗਮ ਦੌਰਾਨ ਸ਼ਾਮਲ ਕਵੀਆਂ ਨੇ ਆਪਣੀਆਂ ਕਵਿਤਾਵਾਂ ਸੁਣਾਈਆਂ ਅਤੇ ਵਿਸਾਖੀ ਦਿਹਾੜੇ ਦੀਆਂ ਮੁਬਾਰਕਾਂ ਦਿੱਤੀਆਂ।

# ਅੰਬੇਡਕਰ ਸੈਨਾ ਮੂਲ ਨਿਵਾਸੀ ਨੇ ਸਜਾਈ ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਜੋਤੀਬਾ ਫੂਲੇ ਦੇ ਜਨਮ ਦਿਵਸ ਨੂੰ ਸਮਰਪਿਤ ਸ਼ੋਭਾ ਯਾਤਰਾ





**ਫਗਵਾੜਾ (ਬੀ.ਕੇ.ਰੱਤੂ)** ਅੰਬੇਡਕਰ ਸੈਨਾ ਮੂਲ ਨਿਵਾਸੀ ਵਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਅਤੇ ਭਾਰਤ ਰਤਨ ਡਾ: ਬੀ.ਆਰ. ਅੰਬੇਡਕਰ ਦੇ 133ਵੇਂ ਅਤੇ ਉਹਨਾਂ ਦੇ ਗੁਰੂ ਜੋਤੀਬਾ ਫੂਲੇ ਦੇ 197ਵੇਂ ਜਨਮ ਦਿਵਸ ਨੂੰ ਸਮਰਪਿਤ ਵਿਸ਼ਾਲ ਸ਼ੋਭਾ ਯਾਤਰਾ ਸੂਬਾ ਪ੍ਰਧਾਨ ਹਰਭਜਨ ਸੁਮਨ ਦੀ ਅਗਵਾਈ ਹੇਠ ਸਜਾਈ ਗਈ। ਇਹ ਸ਼ੋਭਾ ਯਾਤਰਾ ਹਰ ਸਾਲ ਦੀ ਤਰ੍ਹਾਂ ਸਥਾਨਕ ਗੁਰੂ ਹਰਗੋਬਿੰਦ ਨਗਰ ਸਥਿਤ ਡਾ. ਅੰਬੇਡਕਰ ਪਾਰਕ ਤੋਂ ਸ਼ੁਰੂ ਹੋਇਆ ਅਤੇ ਸ਼ਹਿਰ ਦੇ ਵੱਖ-ਵੱਖ ਬਾਜਾਰਾਂ ਤੋਂ ਹੁੰਦੀ ਹੋਈ ਵਾਪਸ ਡਾ. ਅੰਬੇਡਕਰ ਪਾਰਕ ਗੁਰੂ ਹਰਗੋਬਿੰਦ ਨਗਰ ਵਿਖੇ ਸਮਾਪਤ ਹੋਈ। ਇਸ ਸ਼ੋਭਾ ਯਾਤਰਾ ਵਿਚ ਵੱਖ-ਵੱਖ ਅੰਬੇਡਕਰਵਾਦੀ ਜੱਥੇਬੰਦੀਆਂ ਦੇ ਨੁਮਾਇੰਦੇ, ਸੋਸ਼ਲ ਵਰਕਰ ਤੇ ਸਿਆਸੀ ਆਗੂ ਸ਼ਾਮਲ ਹੋਏ। ਸ਼ੋਭਾ ਯਾਤਰਾ ਦੌਰਾਨ ਬਾਬਾ ਸਾਹਿਬ ਡਾ। ਅੰਬੇਡਕਰ ਦੀ ਆਦਮ ਕੱਦ ਪ੍ਰਤਿਮਾ ਅਤੇ ਉਹਨਾਂ ਦੇ ਜੀਵਨ ਨਾਲ ਸਮਰਪਿਤ ਝਾਕੀਆਂ ਵਿਸ਼ੇਸ਼ ਖਿੱਚ ਦਾ ਕੇਂਦਰ ਸਨ। ਸ਼ੋਭਾ ਯਾਤਰਾ ਦੀ ਰਵਾਨਗੀ ਤੋਂ ਪਹਿਲਾਂ ਸਮੂਹ ਪਤਵੰਤਿਆਂ ਵਲੋਂ ਬਾਬਾ ਸਾਹਿਬ ਡਾ. ਅੰਬੇਡਕਰ ਦੀ ਤਸਵੀਰ ਤੇ ਫੁੱਲਮਾਲਾਵਾਂ ਭੇਂਟ ਕੀਤੀਆਂ ਗਈਆਂ। ਉਪਰੰਤ ਬਹੁਜਨ ਸਮਾਜ ਦੇ ਆਗੂ ਸੰਤ ਰਾਮ ਨੇ ਰਿਬਨ ਕੱਟ ਕੇ ਸ਼ੋਭਾ ਯਾਤਰਾ ਦਾ ਸ਼ੁੱਭ ਆਰੰਭ ਕਰਵਾਇਆ। ਸ਼ੋਭਾ ਯਾਤਰਾ ਦੀ ਸਮਾਪਤੀ ਸਮੇਂ ਲੰਗਰ ਦੀ ਸੇਵਾ ਅਤੁੱਟ ਵਰਤਾਈ ਗਈ। ਇਸ ਦੌਰਾਨ ਹਰਭਜਨ ਸੁਮਨ ਨੇ ਦੱਸਿਆ ਕਿ ਬਾਬਾ ਸਾਹਿਬ ਡਾ. ਅੰਬੇਡਕਰ ਨੇ ਆਪਣੇ ਸੰਘਰਸ਼ਪੂਰਣ ਜੀਵਨ ਦੌਰਾਨ ਦੇਸ਼ ਹੀ ਨਹੀਂ ਬਲਕਿ ਸਾਰੀ ਦੁਨੀਆ ਨੂੰ ਨਵੀਂ ਸੇਧ ਦਿੱਤੀ। ਉਹਨਾਂ ਭਾਰਤੀ ਸੰਵਿਧਾਨ ਦੀ ਰਚਨਾ ਕਰਕੇ ਦੱਬੇ ਕੁਚਲੇ ਸਮਾਜ ਅਤੇ ਨਾਰੀ ਜਾਤੀ ਨੂੰ ਸਦੀਆਂ ਦੀ ਗੁਲਾਮੀ ਤੋਂ ਮੁਕਤ ਕਰਵਾਇਆ। ਉਹਨਾਂ ਦੀ ਬਦੌਲਤ ਹਰੇਕ ਨਾਗਰਿਕ ਨੂੰ ਬਰਾਬਰਤਾ ਅਤੇ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਹੋਇਆ ਹੈ।

ਬਾਬਾ ਸਾਹਿਬ ਅਤੇ ਜੋਤੀਬਾ ਫੁਲੇ ਜੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਹੀ ਇਸ ਸ਼ੋਭਾ ਯਾਤਰਾ ਰੂਪੀ ਚੇਤਨਾ ਮਾਰਚ ਦਾ ਮੁੱਖ ਉਦੇਸ਼ ਹੈ। ਉਹਨਾਂ ਦੱਸਿਆ ਕਿ 14 ਅਪ੍ਰੈਲ ਦਿਨ ਐਤਵਾਰ ਨੂੰ ਬਾਬਾ ਸਾਹਿਬ ਦਾ ਜਨਮ ਦਿਨ ਵੀ ਹਮੇਸ਼ਾ ਦੀ ਤਰ੍ਹਾਂ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ।

ਐਤਵਾਰ ਸ਼ਾਮ ਨੂੰ ਆਯੋਜਿਤ ਹੋਣ ਵਾਲੇ ਸਮਾਗਮ ਦੌਰਾਨ ਪੜ੍ਹਾਈ ਵਿਚ ਪਹਿਲੀ, ਦੂਸਰੀ ਤੇ ਤੀਸਰੀ ਪੋਜੀਸ਼ਨ ਹਾਸਲ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਤ ਵੀ ਕੀਤਾ ਜਾਵੇਗਾ। ਇਸ ਮੌਕੇ ਦਵਿੰਦਰ ਕੁਲਥਮ ਪ੍ਰਧਾਨ ਸ੍ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਿਰ ਚੱਕ ਹਕੀਮ, ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਬਸਪਾ ਉਮੀਦਵਾਰ ਰਾਕੇਸ਼ ਸੁਮਨ, ਚੋਧਰੀ ਗੁਰਨਾਮ ਸਿੰਘ ਜਨਰਲ ਸਕੱਤਰ ਬਸਪਾ ਪੰਜਾਬ, ਯਸ਼ ਬਰਨਾ ਚੇਅਰਮੈਨ ਗੁਰੂ ਰਵਿਦਾਸ ਟਾਇਗਰ ਫੋਰਸ, ਐਡਵੋਕੇਟ ਐਸ.ਐਲ. ਵਿਰਦੀ, ਤੇਜਪਾਲ ਬਸਰਾ, ਚਿਰੰਜੀ ਲਾਲ ਕਾਲਾ ਪ੍ਰਧਾਨ ਬਸਪਾ, ਲੇਖਰਾਜ ਜਮਾਲਪੁਰ, ਸਤਪਾਲ ਵਿਰਕ ਸਾਬਕਾ ਸਰਪੰਚ, ਰਾਮ ਸਰੂਪ ਚੰਬਾ ਸਾਬਕਾ ਸਰਪੰਚ, ਅਮਰਜੀਤ ਖੁੱਤਣ, ਅਸ਼ੋਕ ਸੰਧੂ, ਮਨੀ ਅੰਬੇਡਕਰੀ, ਸਤੀਸ਼ ਬੰਟੀ, ਸੰਦੀਪ ਕੋਲਸਰ, ਅਜੈਬ ਸਿੰਘ, ਮਨਜੀਤ ਮਾਨ, ਸੰਜੀਵ ਦਾਨੀ, ਦੀਪਾ, ਘਣਸ਼ਿਆਮ ਸਮੇਤ ਵੱਡੀ ਗਿਣਤੀ ਵਿਚ ਬਾਬਾ ਸਾਹਿਬ ਡਾ। ਅੰਬੇਡਕਰ ਦੇ ਪੈਰੋਕਾਰ ਮੋਜੂਦ ਸਨ।

## ਸ਼੍ਰੀ ਖੁਰਾਲਗੜ੍ਹ ਸਾਹਿਬ ਜਾ ਰਹੀ ਸੰਗਤ ਲਈ ਲਗਾਇਆ ਲੰਗਰ



**ਸੜੋਆ (ਸਤਨਾਮ ਸਿੰਘ ਸਹੂੰਗੜਾ)–** ਬਲਾਕ ਸੜੋਆ ਦੇ ਪਿੰਡ ਪੋਜੇਵਾਲ ਵਿਖੇ ਵਿਸਾਖੀ ਦੇ ਸ਼ੁੱਭ ਦਿਹਾੜੇ ਤੇ ਸ਼੍ਰੀ ਰਵਿਦਾਸ ਜੀ ਮੰਦਿਰ ਵਿਖੇ ਸ਼੍ਰੀ ਅਸ਼ੋਕ ਕਟਾਰੀਆ ਜੀ ਸੀਨੀਅਰ ਆਗੂ ਆਪ ਨਤਮਸਤਕ ਹੋਏ ਅਤੇ ਮੰਦਿਰ ਕਮੇਟੀ ਵੱਲੋਂ ਸ਼੍ਰੀ ਖੁਰ-ਾਲਗੜ੍ਹ ਸਾਹਿਬ ਲਈ ਜਾ ਰਹੀਆਂ ਸੰਗਤਾਂ ਲਈ ਲਗਾਈ ਲੰਗਰ ਸੇਵਾ ਵਿੱਚ ਯੋਗਦਾਨ ਪਾਇਆ। ਉਹਨਾਂ ਸਾਰੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਸ਼ੁੱਭ ਦਿਹਾੜੇ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਮੰਦਿਰ ਕਮੇਟੀ ਦੁਆਰਾ ਕੀਤੇ ਉਪਰਾਲੇ ਲਈ ਵਧਾਈ ਦਿੱਤੀ। ਇਸ ਮੌਕੇ ਸ਼੍ਰੀ ਪਵਨ ਕੁਮਾਰ ਰੀਠੂ ਕਰੀਮਪੁਰ ਚਾਹਵਾਲਾ, ਰਾਮਨਾਥ ਨੰਬਰਦਾਰ, ਰਵਿੰਦਰ ਕਟਾਰੀਆ, ਮਾਸਟਰ ਸੁੱਖਪਾਲ ਰਿਟਾਇਰਡ ਹੈਡ ਟੀਚਰ, ਸਰਦਾਰ ਭਗਤ ਸਿੰਘ, ਡੀ ਸੀ, ਸੱਤਪਾਲ, ਸੋਨੂੰ, ਚਰਨਜੀਤ, ਸੱਤਪਾਲ ਨੰਬਰਦਾਰ, ਤਰਸੇਮ ਮੇਹਰ, ਸ਼ਿੰਗਾਰਾ ਰਾਮ ਆਦਿ ਹਾਜ਼ਰ ਸਨ।

## ਪਿੰਡ ਪੱਦੀ ਮੱਠ ਵਾਲੀ ਵਿਖੇ ਡਾ ਅੰਬੇਡਕਰ ਜੀ ਦਾ ਜਨਮ ਦਿਹਾੜਾ ਮਨਾਇਆ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਇਸ ਬਲਾਕ ਦੇ ਮਸ਼ਹੂਰ ਪਿੰਡ ਪੱਦੀ ਮੱਠ ਵਾਲੀ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 133 ਵਾਂ ਜਨਮ ਦਿਨ ਡਾਕਟਰ ਅੰਬੇਡਕਰ ਵੈਲਫੇਅਰ ਸੁਸਾਇਟੀ (ਰਜਿ।) ਪੱਦੀ ਮੱਠ ਵਾਲੀ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।

ਸਮਾਗਮ ਤੋਂ ਪਹਿਲਾਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਆਦਮ ਕੱਦ ਬੁੱਤ ਤੇ ਫੁੱਲ ਮਾਲਾਵਾਂ ਅਰਪਿਤ ਕੀਤੀਆਂ ਗਈਆਂ। ਇਸ ਸਮਾਗਮ ਦੇ ਮੁੱਖ ਮਹਿਮਾਨ ਸ਼੍ਰੀ ਸੋਹਣ ਲਾਲ ਮੱਲ ਯੂ ਕੇ ਤੇ ਸ੍ਰੀਮਤੀ ਮਿੰਦੋ ਮੱਲ ਯੂ ਕੇ ਸਨ। ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀਮਤੀ ਮਿੰਦੋ ਮੱਲ ਨੇ ਕਿਹਾ ਕਿ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਨੇ ਆਪਣਾ ਸਾਰਾ ਜੀਵਨ ਦੱਬੇ-ਕੁਚਲੇ ਸਮਾਜ ਅਤੇ ਦੇਸ਼ ਦੀ ਤਰੱਕੀ ਲਈ ਲਗਾ ਦਿੱਤਾ। ਉਨ੍ਹਾਂ ਦੱਸਿਆ ਕਿ ਡਾ ਅੰਬੇਡਕਰ ਜੀ ਨੇ ਭਾਰਤੀ ਨਾਰੀ ਨੂੰ ਬਰਾਬਰੀ ਦੇ ਹੱਕ ਭਾਰਤੀ ਸੰਵਿਧਾਨ ਵਿੱਚ ਦਰਜ ਕਰਕੇ ਔਰਤਾਂ ਨੂੰ ਮਰਦਾਂ ਦੀ ਕਤਾਰ ਵਿੱਚ ਖੜ੍ਹੇ ਕਰ ਦਿੱਤਾ। ਉਨ੍ਹਾਂ ਕਿਹਾ ਕਿ ਸਾਨੂੰ ਬਾਬਾ ਸਾਹਿਬ ਅਹਿਸਾਨ ਕਦੇ ਵੀ ਭੁਲਣਾ ਨਹੀਂ ਚਾਹੀਦਾ। ਸਮਾਗਮ ਨੂੰ ਸੰਬੋਧਨ ਕਰਦਿਆਂ ਹਰਮੇਸ਼ ਵਿਰਦੀ ਸਾਬਕਾ ਚੇਅਰਮੈਨ ਬਲਾਕ ਸੰਮਤੀ ਬੰਗਾ ਨੇ ਭਾਰਤੀ ਸੰਵਿਧਾਨ ਦੇ ਨਿਰਮਾਤਾ, ਵਿਸ਼ਵ ਰਤਨ ਅਤੇ ਦੱਬੇ ਕੁੱਚਲੇ ਲੋਕਾਂ ਦੇ ਮਸੀਹਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਤੇ ਮਿਸ਼ਨ 'ਤੇ ਬੜੀ ਵਿਸਥਾਰ ਪੂਰਵਕ ਚਾਨਣਾ ਪਾਇਆ । ਸਮਾਗਮ ਨੂੰ ਹੋਰਨਾਂ ਇਲਾਵਾ ਹਰਮੇਸ਼ ਲਾਲ ਬੰਗੜ, ਰਾਮ ਸਰਨ , ਬਲਵਿੰਦਰ ਕੁਮਾਰ ਅਤੇ ਸੋਹਨ ਲਾਲ ਮੱਲ ਆਦਿ ਨੇ ਸੰਬੋਧਨ ਕੀਤਾ। ਇਸ ਮੌਕੇ ਚਰਨਜੀਤ, ਜੋਗਰਾਜ, ਨਰਿੰਦਰ ਕੁਮਾਰ ਵਿਰਦੀ, ਤਰਲੋਕ ਰਾਮ, ਹਰੀ ਰਾਮ, ਦੇਵ ਰਾਮ, ਬਲਵੰਤ ਰਾਮ, ਗੁਰਦਿਆਲ ਚੰਦ, ਸੋਮਾ ਰਾਮ, ਸਾਧੂ ਰਾਮ, ਹਰਬੰਸ ਲਾਲ ਸਾਬਕਾ ਪੰਚ, ਸੋਮ ਨਾਥ, ਅਮਰਜੀਤ, ਹਰਜਿੰਦਰ ਕੁਮਾਰ, ਚਰਨ ਦਾਸ, ਨਛੱਤਰ ਕੌਰ ਸਾਬਕਾ ਪੰਚ, ਸੁਰਿੰਦਰ ਕੌਰ ਅਤੇ ਹੋਰ ਵੱਡੀ ਗਿਣਤੀ ਵਿੱਚ ਨਗਰ ਨਿਵਾਸੀ ਹਾਜ਼ਰ ਸਨ। ਇਸ ਮੌਕੇ ਲੱਡੂ ਅਤੇ ਸਮੋਸੇ ਵੀ ਵਰਤਾਏ ਗਏ।

## ਮਰਦਾਂ ਅਤੇ ਔਰਤਾਂ ਨੂੰ ਬਰਾਬਰ ਦੇ ਹੱਕ ਦਿਵਾਉਣ ਵਾਲੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਸਨ- ਮਨੋਹਰ ਕਮਾਮ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪਿੰਡ ਸੱਲ੍ਹ ਕਲਾਂ ਦੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਵਿਖੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ ਗਿਆ। ਜਿਸ ਵਿੱਚ ਮਨੋਹਰ ਕਮਾਮ ਸਰਪੰਚ ਜੀ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਲ ਹੋਏ। ਉਨ੍ਹਾਂ ਨੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਜੀਵਨ ਅਤੇ ਮਿਸ਼ਨ ਤੇ ਵਿਸਥਾਰ ਸਹਿਤ ਚਾਨਣਾ ਪਾਇਆ। ਉਹਨਾਂ ਨੇ ਬਾਬਾ ਸਾਹਿਬ ਦੇ ਉਪਰ ਘੋਰ ਅਨਿਆਏ ਹੋਇਆ ਅਤੇ ਬਾਬਾ ਸਾਹਿਬ ਨੇ ਇਸ ਸਮਾਜ ਨੂੰ ਗੁਲਾਮੀ ਦੀਆਂ ਜੰਜੀਰਾਂ ਤੋੜ ਕੇ ਸ਼ਾਹ ਲਿਆ। ਉਨ੍ਹਾਂ ਖਾਸ ਕਰਕੇ ਦਲਿਤ ਸਮਾਜ ਨੂੰ ਸੁਚੇਤ ਕੀਤਾ ਕਿ ਆਉਣ ਵਾਲਾ ਸਮਾਂ ਬਹੁਤ ਭਿਆਨਕ ਹੋਵੇਗਾ।

ਜੇਕਰ ਅਜੇ ਵੀ ਤੁਸੀਂ ਬਸਪਾ ਅਤੇ ਉਸ ਦੀਆਂ ਨੀਤੀਆਂ ਨੂੰ ਨਾ ਸਮਝਿਆ ਤਾਂ ਭਾਜਪਾ 2024 ਤੋਂ ਬਾਅਦ ਚੋਣਾਂ ਕਰਾਉਣੀਆਂ ਬੰਦ ਕਰ ਦੇਵੇਗੀ । ਇਸ ਤਰ੍ਹਾਂ ਲੰਬੇ ਚੌੜੇ ਭਾਸ਼ਨ ਵਿੱਚ ਮਰਦ ਅਤੇ ਔਰਤਾਂ ਨੂੰ ਬਾਬਾ ਸਾਹਿਬ ਨੇ ਬਰਾਬਰਤਾ ਦਾ ਹੱਕ ਦਿੱਤਾ। ਇਸ ਸਮਾਗਮ ਦੁਰਾਨ ਵਿਜੇ ਗੁਣਾਚੌਰ ਜਿਲ੍ਹਾ ਸਕੱਤਰ ਬਸਪਾ ਨਵਾਂਸ਼ਹਿਰ ਨੇ ਬੱਚਿਆਂ ਨੂੰ ਖ਼ਾਸ ਕਰਕੇ ਪੜ੍ਹਨ ਅਤੇ ਖੇਡਾਂ ਵਿੱਚ ਭਾਗ ਲੈਣ ਲਈ ਕਿਹਾ। ਉਨ੍ਹਾਂ ਸਮਾਜ ਦੇ ਸਾਰੇ ਲੋਕਾਂ ਨੂੰ ਇਹ ਗੱਲ ਵੀ ਕਹੀ ਕਿ ਆਪਣੇ ਸਮਾਜ ਨੂੰ ਅੱਗੇ ਲਿਜਾਣ ਵਾਸਤੇ ਸਾਨੂੰ ਅੰਧਵਿਸ਼ਵਾਸ ਅਤੇ ਵਹਿਮ ਭਰਮ ਤੇ ਪਾਖੰਡਵਾਦ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਇਸ ਮੌਕੇ ਜੈ ਪਾਲ ਸੂੰਡਾ ਪ੍ਰਧਾਨ ਬਸਪਾ ਹਲਕਾ ਬੰਗਾ ਜੀ ਨੇ ਦੂਹਰੀ ਵੋਟ ਦਾ ਹੱਕ ਦਿਵਾਉਣ ਵਾਲੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਹਨ। ਮਿਸ਼ਨਰੀ ਗਾਇਕ ਹਰਨਾਮ ਸਿੰਘ ਬਹਿਬਲਪੁਰੀ ਜੀ ਨੇ ਆਪਣੇ ਗੀਤਾਂ ਵਿੱਚ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੀ, ਰਾਮਾ ਬਾਈ ਜੀ ਦੀ ਅਤੇ ਸਾਹਿਬ ਕਾਸ਼ੀ ਰਾਮ ਜੀ ਦੀ ਸੋਚ ਨੂੰ ਪੇਸ਼ ਕੀਤਾ ਅਤੇ ਵਾਹ ਵਾਹ ਖੱਟੀ। ਉਹਨਾਂ ਆਪਣਾ ਬਹੁਤ ਹੀ ਮਕਬੂਲ ਗੀਤ, ਜੇਕਰ ਭੀਮ ਨਾਂ ਆਉਂਦੇ, ਗਾ ਕੇ ਆਪਣਾ ਲੋਹਾ ਮਨਵਾਇਆ। ਇਸ ਤਰ੍ਹਾਂ ਬੱਚਿਆਂ ਨੇ ਵੀ ਭਾਸਣ, ਕਵਿਤਾ ਅਤੇ ਗੀਤ ਬੋਲ ਕੇ ਹਾਜ਼ਰੀ ਲਗਵਾਈ।

ਪਿੰਡ ਤੋਂ ਹੀ ਬਲਬੀਰ ਕੌਰ ਨੇ ਮਾਤਾ ਸਵਿੱਤਰੀ ਬਾਈ ਫੂਲੇ ਜੀ ਵਾਰੇ ਕੁੱਝ ਲਾਈਨਾਂ ਬੋਲ ਕੇ ਲੋਕਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਤੇ ਸਾਡੇ ਮਹਿਮਾਨ ਮਲਕੀਤ ਸਿੰਘ ਮੁਕੰਦਪੁਰ, ਜਸਵੰਤ ਕਟਾਰੀਆ, ਕੁਲਦੀਪ ਸਿੰਘ ਵਾਲੀਆ, ਸਤਨਾਮ ਸਿੰਘ ਵਾਲੀਆ, ਹਰਜਿੰਦਰ ਸਿੰਘ ਹੈਪੀ, ਲਛਮਣ ਬੰਗਾ, ਚਰਨਜੀਤ ਸੱਲ੍ਹਾਂ ਨੰਬਰਦਾਰ, ਜਗਦੀਸ਼ ਲਾਲ ਸਾਬਕਾ ਸਰਪੰਚ, ਜੋਗਾ ਰਾਮ, ਕਿਸ਼ਨ ਚੰਦ, ਰਾਣਾ ਸਿੰਘ, ਮੋਹਣ ਲਾਲ ਮੋਹਣੀ, ਨਰੇਸ਼ ਬੰਗਾ, ਡੀ ਕੇ ਬੰਗਾ, ਜਤਿੰਦਰ ਕੁਮਾਰ ਚੂਹੜ ਸਿੰਘ, ਸੁਰਜੀਤ ਕੁਮਾਰ, ਹਰਬੰਸ ਲਾਲ ਬੰਗਾ, ਰਾਮ ਮਾਸਰਾ, ਪਰਮਜੀਤ ਰਾਮ ਸ੍ਰੀ ਗੁਰੂ ਰਵਿਦਾਸ ਸਭਾ ਦੇ ਪ੍ਰਧਾਨ, ਗੋਰਾ, ਅੰਕੁਸ਼ ਭੱਟੀ, ਆਸ਼ਾ ਰਾਣੀ, ਸੁਖਵਿੰਦਰ ਕੌਰ, ਕੁਲਵਿੰਦਰ ਕੌਰ ਆਸ਼ਾ ਵਰਕਰ, ਸਰਬਜੀਤ ਕੌਰ ਆਂਗਣਵਾੜੀ ਵਰਕਰ, ਕਮਲੇਸ਼ ਰਾਣੀ, ਰਾਹੁਲ ਬੰਗਾ, ਸਫੀਆ, ਮੋਨਿਕਾ, ਜੱਸੀ, ਮੁਸਕਾਨ, ਬਲਜੀਤ ਕੌਰ, ਸੁਰਿੰਦਰ ਕੌਰ ਅਤੇ ਹੋਰ ਵੀ ਔਰਤਾਂ ਬੱਚੇ ਇਸ ਮੌਕੇ ਤੇ ਹਾਜਰ ਰਹੇ। ਇਸ ਵੇਲੇ ਸਟੇਜ ਸਕੱਤਰ ਦਾ ਕੰਮ ਚਰਨਜੀਤ ਸੱਲ੍ਹਾਂ ਨੇ ਬਾਖੂਬੀ ਨਿਭਾਈ।

## ਬਾਬਾ ਬੁੱਧ ਸਿੰਘ ਢਾਹਾਂ ਦੀ ਬਰਸੀ ਸੰਬੰਧੀ ਸਮਾਗਮ 20 ਅਪ੍ਰੈਲ ਨੂੰ ਕੁੱਕੜ ਮਜਾਰਾ ਵਿਖੇ ਹੋਵੇਗਾ



**ਸੜੋਆ (ਸਤਨਾਮ ਸਿੰਘ ਸਹੂੰਗੜਾ)–** ਗੜ੍ਹਸ਼ੰਕਰ ਤੋਂ ਸ੍ਰੀ ਆਨੰਦਪੁਰ ਸਾਹਿਬ ਰੋਡ ਤੇ ਪੈਂਦੇ ਗੁਰੂ ਨਾਨਕ ਮਿਸ਼ਨ ਇੰਟਰਨੈਸ਼ਨਲ ਚੈਰੀਟੇਬਲ ਟਰੱਸਟ ਨਵਾਂ ਗਰਾਂ – ਕੁੱਲਪੁਰ ਵਲੋਂ ਉਘੇ ਸਖਸ਼ੀਅਤ ਬਾਬਾ ਬੁੱਧ ਸਿੰਘ ਢਾਹਾਂ ਜੀ ਦੀ ਛੇਵੀਂ ਬਰਸੀ ਸੰਬੰਧੀ ਸਮਾਗਮ ਗੁਰੂ ਨਾਨਕ ਮਿਸ਼ਨ ਹਸਪਤਾਲ ਕੁੱਕੜ ਮਜਾਰਾ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਮੁੱਖ ਪ੍ਰਬੰਧਕ ਰਘੁਵੀਰ ਸਿੰਘ ਨੇ ਦੱਸਿਆ ਕਿ 20 ਅਪ੍ਰੈਲ ਨੂੰ ਸਵੇਰੇ 10 ਵਜੇ ਸ਼੍ਰੀ ਆਖੰਡ ਪਾਠ ਸਾਹਿਬ ਜੀ ਭੋਗ ਉਪਰੰਤ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸਖਸ਼ੀਅਤਾਂ ਵਲੋਂ ਬਾਬਾ ਬੁੱਧ ਸਿੰਘ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾਵੇਗੀ ਅਤੇ ਨਾਲ ਹੀ ਸਵੇਰੇ 9 ਵਜੇ ਤੋਂ 2 ਵਜੇ ਦੁਪਹਿਰ ਤੱਕ ਮੈਡੀਕਲ ਕੈਂਪ ਲਗਾਇਆ ਜਾਵੇਗਾ। ਇਸ ਕੈਂਪ ਦੌਰਾਨ ਡਾਕਟਰ ਕੁਲਵਿੰਦਰ ਕੌਰ (ਐਮ ਡੀ), ਡਾਕਟਰ ਅਮਨਪ੍ਰੀਤ ਸਿੰਘ ਐਮ ਬੀ ਬੀ ਐਸ ਅਤੇ ਡਾਕਟਰ ਭਾਨੂੰ ਯਾਦਵ ਆਏ ਹੋਏ ਮਰੀਜਾਂ ਦੀ ਜਾਂਚ ਪੜ੍ਹਤਾਲ ਕਰਨਗੇ। ਟਰੱਸਟ ਦੇ ਮੁੱਖ ਪ੍ਰਬੰਧਕ ਰਘੁਵੀਰ ਸਿੰਘ ਨੇ ਵੱਧ ਤੋਂ ਵੱਧ ਲੋਕਾਂ ਨੂੰ ਇਸ ਕੈਂਪ ਦਾ ਲਾਹਾ ਲੈਣ ਦੀ ਅਪੀਲ ਕੀਤੀ।



ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਵਸ ਰਵਿੰਦਰ ਕੁਮਾਰ ਹੰਸ 'ਚ ਸੈਲ ਉਪ ਚੇਅਰਮੈਨ ਪੰਜਾਬ ਦੀ ਪ੍ਰਧਾਨਗੀ ਹੇਠ ਇਕ ਵਿਰਸਾ ਵਿਹਾਰ ਵਿਖੇ ਧੂਮ ਧਾਮ ਨਾਲ ਮਨਾਇਆ ਗਿਆ ਜਿਸ ਵਿਚ ਉਚੇਚੇ ਤੌਰ ਤੇ ਹਰਭਜਨ ਸਿੰਘ, ਬਿਜਲੀ ਮੰਤਰੀ, ਕੁਲਦੀਪ ਸਿੰਘ ਧਾਰੀਵਾਲ ਪੰਚਾਇਤ ਅਤੇ NRI ਵਿਭਾਗ ਮੰਤਰੀ, MLA ਕੁਵਰ ਵਿਜੇ ਪ੍ਰਤਾਪ, MLA ਜੀਵਨਜੋਤ ਕੌਰ, MLA ਜਸਬੀਰ ਸਿੰਘ, improvment trust ਚੇਅਰਮੈਨ ਤਲਵਾਰ, ਆਦਿ ਸੈਕੜੇ ਦੀ ਤਾਦਾਦ ਵਿਚ ਸਮਰਥਕ ਹਾਜਰ ਰਹੇ। **-ਰਿਪੋਰਟ ਅਤੇ ਤਸਵੀਰ- ਜਸਪਾਲ ਕੁਮਾਰ ਆਜ਼ਾਦ**



ਭਾਰਤੀਆਂ ਵਾਲਮਿਕੀ ਆਦਿ ਧਰਮ ਸਮਾਜ ਰਜਿ. ਭਾਰਤ ਵੱਲੋਂ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਵਸ ੪੪ਾਟ ਰੋਡ ਗੁਰਦੁਆਰੇ ਵਿਚ ਮਨਾਇਆ ਗਿਆ, ਜਿਸ ਵਿਚ ਮੁੱਖ ਤੌਰ ਤੇ ਪਹੁੰਚੇ ਸੰਯੁਕਤ ਮੁੱਖ ਸੰਚਾਲਕ ਵਿਰੋਤਮ ਵੀਰ ਰਤਨ ਹੰਸ ਜੀ ਵਲੋਂ ਅੰਮ੍ਰਿਤਸਰ ਸ਼ਹਿਰ ਦੀ ਨਵੀਂ ਟੀਮ ਬਣਾਈ ਗਈ ਜਿਸ ਵਿਚ ਅਹਿਮ ਨਿਯੁਕਤੀ ਰਾਜੇਸ਼ ਥਾਪਰ ਜਿਲ੍ਹਾ ਪ੍ਰਧਾਨ, ਰਣਜੀਤ ਸਿੰਘ ਰਾਣਾ ਉਪ ਪ੍ਰਧਾਨ, ਰਿੰਕੂ ਮਲਹੋਤਰਾ ਸੈਕਟਰੀ, ਹੀਰਾ ਸਿੰਘ ਅਸਿਸਟੈਂਟ ਸੈਕਟਰੀ ਲਗਾਏ ਗਏ, ਦਿਲਬਾਗ ਸਿੰਘ ਨੂੰ ਸ਼ਹਰੀ ਟੀਮ ਵਿਚ ਮੈਂਬਰ ਲਿਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਰਤਨ ਹੰਸ ਵਲੋ ਨਵੀਂ ਟੀਮ ਨੂੰ ਵਧਾਈ ਦਿੰਦਿਆਂ ਸਮਾਜ ਵਿਚ ਇਮਾਨਦਾਰੀ ਨਾਲ ਕੰਮ ਕਰਨ ਬਾਰੇ ਗੱਲ ਆਖੀ ਅਤੇ ਸਮਾਜ ਵਿਚ ਫੈਲੀ ਅਨਪੜ੍ਹਤਾ ਨੂੰ ਦੂਰ ਕਰਨ ਲਈ ਬਚਿਆ ਨੂੰ ਸਿੱਖਿਆ ਨਾਲ ਜੋੜਨ ਬਾਰੇ ਕਿਹਾ। ਇਸ ਮੌਕੇ ਨਰਿੰਦਰ ਕੁਮਾਰ ਟੀਨੂੰ ਮੈਂਬਰ ਰਾਸ਼ਟਰੀ ਕਾਰਜਕਰਨੀ, ਵੀਰ ਵਰਿਆਮ ਸਿੰਘ, ਪ੍ਰਭਾਰੀ ਪੰਜਾਬ, ਸ਼ਿਵ ਕੁਮਾਰ ਥਾਪਰ ਉਪ ਪ੍ਰਧਾਨ ਪੰਜਾਬ ਰਾਜ ਕੁਮਾਰ ਕਪੂਰੀ, ਬਲਬੀਰ ਸਿੰਘ ਪ੍ਰੈਸ ਰਿਪੋਰਟਰ, ਅਕਾਸ਼ੀ, ਰਿੰਕੂ ਲਾਲਜੀ ਹਾਜਿਰ ਰਹੇ ਇਸ ਪ੍ਰੋਗਰਾਮ ਦੀ ਪ੍ਰਧਾਨਗੀ ਪੰਜਾਬ ਪਰਭਾਰੀ ਵੀਰ ਵਰਿਆਮ ਜੀ ਨੇ ਕੀਤੀ।

**ਰਿਪੋਰਟ ਅਤੇ ਤਸਵੀਰ- ਜਸਪਾਲ ਕੁਮਾਰ ਆਜ਼ਾਦ**



ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਮਜੀਠਾ ਰੋਡ ਮੈਂਬਰਾਂ ਵਲੋਂ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਦਕਰ ਜੀ ਦੇ ਸਟੈਚੂ ਤੇ ਪਹੁੰਚ ਕੇ ਸੱਚੀ ਸ਼ਰਧਾਂਜਲੀ ਫੁੱਲ ਮਾਲਾ ਅਰਪਣ ਕੀਤੀ ਗਈ। ਇਸ ਮੌਕੇ ਡਾ. ਏਪੀ ਕਟਾਰੀਆ, ਡਾ ਬਰਿੰਦਰ ਸਿੰਘ ਆਦਿ ਡਾਕਟਰ ਸਹਿਬਾਂਨ ਹਾਜਿਰ ਰਹੇ। **ਰਿਪੋਰਟ ਅਤੇ ਤਸਵੀਰ- ਜਸਪਾਲ ਕੁਮਾਰ ਆਜ਼ਾਦ**



ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਨੂੰ ਸ਼ਰਧਾ ਸੁਮਨ ਅਰਪਨ ਕਰਨ ਉਪਰੰਤ ਸਾਬਕਾ ਬਲਾਕ ਐਲੀਮੈਂਟਰੀ ਸਿੱਖਿਆ ਅਫ਼ਸਰ ਸ: ਅਵਤਾਰ ਸਿੰਘ ਦੇ ਗ੍ਰਹਿ ਵਿਖੇ ਵੱਖ ਵਿਭਾਗਾਂ ਦੇ ਰੀਟਾਇਰਡ ਅਧਿਕਾਰੀ, ਕਰਮਚਾਰੀ, ਸਮਾਜ ਸੇਵਕ ਅਤੇ ਸਿੱਖਿਆ ਖੇਤਰ ਨਾਲ ਸਰਗਰਮ ਸਰੋਕਾਰ ਰੱਖਣ ਵਾਲੇ ਸਰਵ ਸ੍ਰੀ ਖੱਬਿਓਂ ਸੱਜੇ ਸਮਾਜ ਸੇਵਕ ਗੁਰਵੇਲ ਸਿੰਘ ਗਿੱਲ, ਐਮ.ਐਲ. ਟੀਮ। ਗਰਮੀਤ ਸਿੰਘ ਗਿੱਲ, ਕਾਨੂੰਨੀ ਮਾਹਰ ਦੇਸ ਰਾਜ ਗੰਭੀਰ, ਬੀ.ਈ.ਈ.ਓ। ਅਮਰੀਕ ਸਿੰਘ ਬੱਲ, ਬੀ.ਈ.ਈ.ਓ. ਕਰਨ ਰਾਜ ਸਿੰਘ ਗਿੱਲ, ਸਬ- ਇੰਸਪੈਕਟਰ ਸਤਿਨਮ ਸਿੰਘ ,ਸੈਂਟਰ ਹੈਡ ਟੀਚਰ ਕਾਬਲ ਸਿੰਘ ਗਿੱਲ, ਬੀ.ਈ.ਈ.ਓ. ਅਵਤਾਰ ਸਿੰਘ ਵੇਰਕਾ, ਬੀ.ਈ.ਈ.ਓ।ਅਜੀਤ ਸਿੰਘ ਲੁੱਧੜ ਅੱਜ ਸੀਨੀ: ਅਧਿਆਪਕ ਵਿਜੇ ਕੁਮਾਰ ਨੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਸਿੱਖਿਆ ਦੀ ਅਹਿਮੀਅਤ ਨੂੰ ਬੁਲੰਦ ਕਰਦੇ ਪ੍ਰਚੰਡ ਨਾਹਰੇ ਸਿੱਖਿਆ (ਪੜ੍ਹੋ ਅਤੇ ਪੜ੍ਹਾਓ) ਉਪਰ ਵਿਚਾਰ ਸਬੰਧੀ ਹੋਈ ਮੀਟਿੰਗ ਵਿੱਚ ਸਰਗਰਮੀ ਨਾਲ ਭਾਗ ਲਿਆ। ਮੀਟਿੰਗ ਵਿੱਚ ਸਮੂਹ ਹਾਜ਼ਰੀਨ ਨੇ ਸਿੱਖਿਆ ਦੀ ਮਹੱਤਤਾ ਉਪਰ ਬੋਲ ਦਿਆਂ ਕਿਹਾ ਕਿ ਮਨੁੱਖ ਨੂੰ ਚੰਗੇ/ਮਾੜੇ, ਭਲੇ/ਬੁਰੇ, ਲਾਭ/ਹਾਣ ਅਤੇ ਸੱਚ/ਝੂਠ ਦਾ ਗਿਆਨ ਕੇਵਲ ਪੜ੍ਹਨ ਨਾਲ ਹੀ ਹੋ ਸਕਦਾ ਹੈ। ਪੜ੍ਹਨ ਦਾ ਮੰਤਵ ਕੇਵਲ ਜਮਾਤਾਂ ਪਾਸ ਕਰਕੇ ਡਿਗਰੀਆਂ ਹਾਸਲ ਕਰਨਾ ਹੀ ਨਹੀਂ ਸਗੋਂ ਵਿਵਹਾਰਕ ਗਿਆਨ, ਸਮਾਜਿਕ ਸੂਝ ਅਤੇ ਮਾਨਵੀ ਸਰੋਕਾਰਾਂ(ਨਿਆਂ, ਬਰਾਬਰੀ, ਭਾਈਚਾਰਕ ਏਕਤਾ) ਹੋਣਾ ਚਾਹੀਦਾ ਹੈ। ਮੀਟਿੰਗ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਕਿ ਸਿੱਖਿਆ ਦੇ ਅਸਲ ਮੰਤਵ ਦੀ ਪ੍ਰਾਪਤੀ ਵਾਸਤੇ ਯੋਜਨਾ ਨੂੰ ਉਲੀਕ ਕੇ ਅਮਲ ਵਿੱਚ ਲਿਆਉਣ ਲਈ ਮੀਟਿੰਗਾਂ ਦਾ ਸਿਲਸਿਲਾ ਜਾਰੀ ਰੱਖਿਆ ਜਾਵੇਗਾ।

**ਰਿਪੋਰਟ ਅਤੇ ਤਸਵੀਰ- ਜਸਪਾਲ ਕੁਮਾਰ ਆਜ਼ਾਦ**

# ਬਾਬਾ ਸਾਹਿਬ ਅੰਬੇਡਕਰ ਜੀ ਦੇ 133 ਵੇ ਜਨਮਦਿਨ ਤੇ ਬਹੁਜਨ ਸਮਾਜ ਪਾਰਟੀ ਜਿਲ੍ਹਾ ਅਮ੍ਰਿਤਸਰ ਵਲੋਂ ਕੱਢੀ ਗਈ ਮੋਟਰ ਸਾਇਕਲ ਰੈਲੀ





ਬਾਬਾ ਸਾਹਿਬ ਅੰਬੇਡਕਰ ਦੇ ਜਨਮ ਦਿਨ ਤੇ ਬਹੁਜਨ ਸਮਾਜ ਪਾਰਟੀ ਜਿਲ੍ਹਾ ਅਮ੍ਰਿਤਸਰ ਵੱਲੋਂ ਮੋਟਰ ਸਾਇਕਲ ਰੈਲੀ ਕੱਢੀ ਗਈ। ਜਿਸਦੀ ਅਗਵਾਈ ਸਰਦਾਰ ਮੰਗਲ ਸਿੰਘ ਸਹੋਤਾ ਜਿਲ੍ਹਾ ਪ੍ਰਧਾਨ ਅਤੇ ਸ੍ਰੀ ਬਲਵੰਤ ਕੈਹਰਾ ਜਿਲ੍ਹਾ ਇੰਚਾਰਜ ਵੱਲੋਂ ਕੀਤੀ ਗਈ। ਮੋਟਰ ਸਾਇਕਲ ਰੈਲੀ ਸ੍ਰੀ ਗੁਰੂ ਰਵਿਦਾਸ ਮੰਦਿਰ ਅੰ-ਦਰੂਨ ਗੇਟ ਖ਼ਜ਼ਾਨਾ ਤੋਂ ਸ਼ੁਰੂ ਹੋ ਕੇ ਭਗਤਾਂ ਵਾਲਾ, ਗਿਲਵਾਲੀ ਗੇਟ, ਚਾਟੀ ਵਿੰਡ ਗੇਟ, ਈਸਟ ਮੋਹਨ ਨਗਰ, ਰਾਮ ਬਾਗ, ਹਾਲ ਗੇਟ ਤੋਂ ਟਾਊਨ ਹਾਲ ਪਹੁੰਚੀ। ਜਿੱਥੇ ਪਾਰਟੀ ਵਰਕਰਾਂ ਵੱਲੋਂ ਬਾਬਾ ਸਾਹਿਬ ਅੰਬੇਡਕਰ ਦੀ ਮੂਰਤੀ ਤੇ ਫੁੱਲ ਭੇਂਟ ਕੀਤੇ।

ਬਲਵੰਤ ਕੈਹਰਾ ਨੇ ਕਿਹਾ ਕਿ ਬਾਬਾ ਸਾਹਿਬ ਜੀ ਨੇ ਦਲਿੱਤ ਅੰਦੋਲਨ ਨੂੰ ਬੜ੍ਹਾਵਾ ਦੇ ਕੇ ਅਤੇ ਦਲਿਤਾਂ ਦੇ ਨਾਲ ਹੋ ਰਹੇ ਸਮਾਜਿਕ ਭੇਦਭਾਵ ਦੇ ਖਿਲਾਫ ਅਭਿਆਨ ਚਲਾਇਆ ਅਤੇ ਮਜਦੂਰ, ਕਿਸਾਨ, ਮਹਿਲਾਵਾਂ ਦੇ ਹੱਕ਼ ਦਾ ਸਮਰਥਨ ਕੀਤਾ ਸੀ। ਇਸ ਮੌਕੇ ਸ੍ਰੀ ਤਾਰਾ ਚੰਦ ਭਗਤ ਸਕੱਤਰ ਪੰਜਾਬ, ਸਰਦਾਰ ਸੁਰਜੀਤ ਸਿੰਘ ਭੇਹਲ, ਸ੍ਰੀ ਜਗਦੀਸ਼ ਦੁੱਗਲ ਸਕੱਤਰ ਪੰਜਾਬ, ਸਰਦਾਰ ਹਰਜੀਤ ਅਬਦਾਲ ਜਿਲ੍ਹਾ ਇੰਚਾਰਜ,ਸ੍ਰੀ ਦੀਪਕ ਕੁਮਾਰ ਜਰਨਲ ਸਕੱਤਰ,ਸਰਦਾਰ ਸੁੱਖਦੇਵ ਸਿੰਘ ਰਾਜੋਕੇ ਸਕੱਤਰ ਜਿਲ੍ਹਾ ਅਮ੍ਰਿਤਸਰ, ਸ੍ਰੀ ਲਲਿਤ ਗੌਤਮ, ਸਰਦਾਰ ਵਸਣ ਸਿੰਘ ਹਲਕਾ ਪ੍ਰਧਾਨ ਸੈਂਟਰਲ, ਸ੍ਰੀ ਅਸ਼ਵਨੀ ਸਿਰੰਜੁਨ ਹਲਕਾ ਪ੍ਰਧਾਨ ਪੂਰਬੀ, ਸਰਦਾਰ ਬਲਦੇਵ ਸਿੰਘ ਹਲਕਾ ਪ੍ਰਧਾਨ ਪੱਛਮੀ, ਸ੍ਰੀ ਦੇਸਰਾਜ ਹਲਕਾ ਪ੍ਰਧਾਨ ਦੱਖਣੀ, ਸਰਦਾਰ ਕੇਵਲ ਸਿੰਘ ਹਲਕਾ ਪ੍ਰਧਾਨ ਉੱਤਰੀ, ਸ੍ਰੀ ਰਜਨੀਸ਼ ਕੁਮਾਰ, ਸ੍ਰੀ ਕਿਸ਼ਨ ਦੱਤ, ਸਰਦਾਰ ਹਰਪਿੰਦਰ ਸਿੰਘ, ਸਰਦਾਰ ਕੰਵਲਜੀਤ ਸਿੰਘ, ਸਰਦਾਰ ਕੁਲਵਿੰਦਰ ਸਿੰਘ, ਸਰਦਾਰ ਕੁਲਦੀਪ ਸਿੰਘ, ਸਰਦਾਰ ਹਰਚੰਦ ਸਿੰਘ ਬਿੱਟੂ ਸ਼ਾਮਿਲ ਹੋਏ।

**- ਜਸਪਾਲ ਕੁਮਾਰ ਆਜ਼ਾਦ**





ਬਾਬਾ ਸਾਹਿਬ ਅੰਬੇਡਕਰ ਜੀ ਦਾ 133 ਵਾਂ ਜਨਮ ਦਿਨ ਪਰਵਾਸੀ ਭਾਈਚਾਰੇ ਵੱਲੋਂ ਜੱਜ ਨਗਰ ਜੌੜਾ ਫਾਟਕ ਅਮ੍ਰਿਤਸਰ ਵਿਖੇ ਮਨਾਇਆ ਗਿਆ।

ਜਿਸਦੀ ਅਗਵਾਈ ਸ੍ਰੀ ਦਯਾ ਰਾਮ ਭਾਸਕਰ ਜੀ ਨੇ ਕੀਤੀ। ਇਸ ਮੌਕੇ ਮੁੱਖ ਤੌਰ ਤੇ ਪਹੁੰਚੇ ਸ੍ਰੀ ਬਲਵੰਤ ਕੇਹਰਾ ਜਿਲ੍ਹਾ ਇੰਚਾਰਜ ਬਹੁਜਨ ਸਮਾਜ ਪਾਰਟੀ ਅਮ੍ਰਿਤਸਰ ਅਤੇ ਉਹਨਾਂ ਦੇ ਨਾਲ ਸ੍ਰੀ ਮੂਕੇਸ਼ ਕੁਮਾਰ, ਸ੍ਰੀ ਲਲਿਤ ਗੌਤਮ, ਸ੍ਰੀ ਲਖਣ ਕੁਮਾਰ, ਸ੍ਰੀ ਰਜਨੀਸ਼ ਕੁਮਾਰ ਆਦਿ।

**ਰਿਪੋਰਟ ਅਤੇ ਤਸਵੀਰ- ਜਸਪਾਲ ਕੁਮਾਰ ਆਜ਼ਾਦ**






ਬਾਬਾ ਸਾਹਿਬ ਅੰਬੇਡਕਰ ਜੀ ਦੇ 133ਵੇਂ ਜਨਮ ਦਿਨ ਤੇ ਵਿਸ਼ਾਲ ਵਿਹਾਰ, ਗਲੀ ਨੰਬਰ 3, ਬਟਾਲਾ ਰੋਡ ਅੰਮ੍ਰਿਤਸਰ ਵਿਖੇ ਮਨਾਉਂਦੇ ਹੋਏ ਇਲਾਕਾ ਨਿਵਾਸੀ। ਇਸ ਮੌਕੇ ਕੇਕ ਕੱਟ ਕੇ ਅਤੇ ਲੰਗਰ ਪ੍ਰਸ਼ਾਦ ਸੰਗਤਾਂ ਵਿਚ ਵਰਤਾਇਆ ਗਿਆ। ਇਸ ਪ੍ਰੋਗਰਾਮ ਦੀ ਅਗਵਾਈ ਸ੍ਰੀ ਸ਼੍ਰੀਧਰ ਜੀ ਵੱਲੋਂ ਕੀਤੀ ਗਈ। ਜਿਸ ਵਿੱਚ ਸਰਦਾਰ ਗੁਰਬਖਸ਼ ਸਿੰਘ ਮਹੇ ਜਿਲ੍ਹਾ ਪ੍ਰਧਾਨ ਬਸਪਾ, ਸ੍ਰੀ ਬਲਵੰਤ ਕੇਹਰਾ ਜਿਲ੍ਹਾ ਇੰਚਾਰਜ ਬਸਪਾ, ਸ੍ਰੀ ਹਰਜੀਤ ਅਬਦਾਲ ਜਿਲ੍ਹਾ ਇੰਚਾਰਜ ਬਸਪਾ ਅਮ੍ਰਿਤਸਰ ਮੁੱਖ ਤੌਰ ਤੇ ਸ਼ਾਮਿਲ ਹੋਏ ਅਤੇ ਇਲਾਕਾ ਨਿਵਾਸੀ ਸ੍ਰੀ ਸ਼ਯਾਮ ਬਿਹਾਰੀ, ਸ੍ਰੀ ਘਨਸ਼ਾਮ, ਸ੍ਰੀ ਨਰਿੰਦਰ ਗੌਤਮ, ਸ੍ਰੀ ਲਾਲ ਜੀ ਗੌਤਮ ਅਤੇ ਸ਼੍ਰੀਮਤੀ ਸੀਤਾ ਦੇਵੀ ਆਦਿ। **- ਜਸਪਾਲ ਕੁਮਾਰ ਆਜ਼ਾਦ**

### ਜਨਮ ਦਿਨ 'ਤੇ ਵਿਸ਼ੇਸ਼

# ਲਾਸਾਨੀ ਸ਼ਹੀਦ ਭਾਈ ਮਨੀ ਸਿੰਘ ਜੀ



ਸਿੱਖ ਧਰਮ ਦਾ ਇਤਿਹਾਸ ਲਹੂ ਦੀ ਸਿਆਹੀ ਨਾਲ ਲਿਖਿਆ ਗਿਆ ਹੈ ਕਿਉਂਕਿ ਸੱਚੇ ਧਰਮ ਦੀ ਸਥਾਪਨਾ ਲਈ ਜੋ ਔਕੜਾਂ ਸਿੱਖਾਂ ਨੂੰ ਸਹਿਣੀਆਂ ਪਈਆਂ, ਅਤੇ ਜਿਸ ਉਤਸ਼ਾਹ ਅਤੇ ਚਾਅ ਨਾਲ ਸਿੱਖਾਂ ਨੂੰ ਦੇਸ਼ ਅਤੇ ਧਰਮ ਤੋਂ ਕੁਰਬਾਨ ਹੋਣਾ ਪਿਆ, ਸ਼ਾਇਦ ਉਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿੱਚੋਂ ਲੱਭਣੀ ਮੁਸ਼ਕਿਲ ਹੋਵੇ। ਭਾਈ ਮਨੀ ਸਿੰਘ ਸਿੱਖ ਸ਼ਹੀਦਾਂ ਦੀ ਮਾਲਾ ਦਾ ਇੱਕ ਅਦੁੱਤੀ ਮੋਤੀ ਹੈ ਜਿਸ ਨੇ ਆਪਣੇ ਬੰਦ ਬੰਦ ਕਟਵਾ ਕੇ ਸੰਕਟ-ਕਾਲ ਵਿੱਚ ਸਿੱਖ ਧਰਮ ਦੀ ਸ਼ਾਨ ਅਤੇ ਗੌਰਵ ਨੂੰ ਕਾਇਮ ਰੱਖਿਆ। ਭਾਈ ਮਨੀ ਸਿੰਘ ਦਾ ਚਰਿੱਤਰ ਆਤਮ-ਉਤਸਰਗੀ ਸਾਧਕਾਂ ਅਤੇ ਧਰਮ ਦੇ ਜਿਗਿਆਸੂਆਂ ਲਈ ਇੱਕ ਚਾਨਣ ਮੁਨਾਰਾ ਹੈ, ਜਿਸ ਦੀਆਂ ਚਰਿੱਤਰਗਤ ਵਿਸ਼ਿਸ਼ਟਤਾਵਾਂ ਦਾ ਅਨੁਕਰਣ ਕਰਕੇ ਕੋਈ ਵੀ ਧਰਮ-ਸਾਧਕ ਧੰਨ ਹੋ ਸਕਦਾ ਹੈ।

ਭਾਈ ਮਨੀ ਸਿੰਘ ਜੀ ਦਾ ਜਨਮ ਸੁਨਾਮ ਦੇ ਨੇੜੇ ਪਿੰਡ ਕੈਬੋਵਾਲ, 1701 ਬਿ. ਨੂੰ ਐਤਵਾਰ ਚੇਤਰ ਸੁਦੀ ਬਾਰ੍ਹਵੀਂ (10 ਮਾਰਚ 1662 ਈ. )ਨੂੰ ਮਾਈ ਦਾਸ ਤੇ ਮਾਤਾ ਮਧੁਰੀ ਬਾਈ ਦੇ ਗ੍ਰਹਿ ਵਿੱਚ ਹੋਇਆ। ਮਾਤਾ ਪਿਤਾ ਨੇ ਇਨ੍ਹਾਂ ਦਾ ਨਾਮ ਮਨੀਆ ਰਖ ਦਿੱਤਾ। ਆਪ ਦੇ ਵੱਡੇ ਵਡੇਰੇ ਮੁਗਲਾਂ ਦੀ ਨੌਕਰੀ ਕਰਦੇ ਸਨ ਜੋ ਗੁਰੂ ਹਰਗੋਬਿੰਦ ਸਾਹਿਬ ਦੇ ਦਰਸ਼ਨ ਕਰਨ ਤੋਂ ਬਾਅਦ ਸਿੱਖ ਹੋਏ ਤੇ ਉਨ੍ਹਾਂ ਦੀ ਸੇਵਾ ਵਿੱਚ ਰਹਿਣ ਲੱਗੇ। ਆਪ ਦੇ ਦਾਦਾ ਜੋ ਬਹੁਤ ਸੂਰਬੀਰ ਯੋਧਾ ਸਨ ਗੁਰੂ ਹਰਗੋਬਿੰਦ ਸਾਹਿਬ ਦੀ ਫੌਜ ਦੇ ਜਰਨੈਲ ਰਹਿ ਚੁੱਕੇ ਸਨ। ਭਾਈ ਮਨੀ ਸਿੰਘ, ਕੁਲ ਮਿਲਾ ਕੇ 12 ਭਰਾ ਸੀ। ਜਿਨ੍ਹਾਂ ਵਿੱਚੋਂ ਇੱਕ ਦੀ ਬਚਪਨ ਵਿੱਚ ਹੀ ਮੌਤ ਹੋ ਗਈ, ਗਿਆਰਾਂ ਭਰਾ ਪੰਥ ਲਈ ਸ਼ਹੀਦ ਹੋਏ ਜਿਨ੍ਹਾਂ ਵਿੱਚੋਂ ਇੱਕ ਭਾਈ ਦਿਆਲਾ ਚਾਂਦਨੀ ਚੌਂਕ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਨਾਲ ਸ਼ਹੀਦ ਹੋਇਆ। ਇਹ ਪਰਿਵਾਰ ਸ਼ਹੀਦ ਦਾ ਪਰਿਵਾਰ ਕਿਹਾ ਜਾਂਦਾ ਹੈ ਕਿਉਂਕਿ ਇਕੱਲੇ ਭਾਈ ਮਨੀ ਸਿੰਘ ਦੇ ਪਰਿਵਾਰ ਵਿੱਚ ਭਾਈ ਮਨੀ ਸਿੰਘ ਜੀ ਦਾ ਦਾਦਾ ਸ਼ਹੀਦ, ਉਨ੍ਹਾਂ ਸਮੇਤ ਇਹ 11 ਭਰਾ ਸਹੀਦ, 10 ਪੁੱਤਰਾਂ ਵਿੱਚੋਂ 7 ਪੁਤਰ ਤੇ ਅਗੋਂ ਭਰਾਵਾਂ ਦੇ ਪੁੱਤਰ ਕੁਲ ਮਿਲਾ 29 ਸ਼ਹੀਦ ਹੋਏ ਹਨ।

13 ਵਰ੍ਹਿਆਂ ਦੀ ਆਯੂ ਵਿੱਚ ਮਨੀ ਸਿੰਘ ਆਪਣੇ ਪਿਤਾ ਦੇ ਸੰਗ ਸੱਤਵੇਂ ਗੁਰੂ ਹਰਿ ਰਾਇ ਸਾਹਿਬ ਦੇ ਦਰਸ਼ਨ ਲਈ ਕੀਰਤਪੁਰ ਆਏ ਤੇ ਗੁਰੂ ਦਰਬਾਰ ਵਿੱਚ ਦੋ ਵਰ੍ਹੇ ਰਹੇ। ਸਾਰਮੌਰ (ਸਿਰਮੌਰ) ਦੇ ਰਾਜੇ ਫਤਹ ਸ਼ਾਹ ਨੇ 1745 ਬਿ. (ਸੰਨ 1688) ਦੇ 18 ਅਸੂ ਨੂੰ ਗੁਰੂ ਜੀ ਉਪਰ ਧਾਵਾ ਕੀਤਾ ਤਾਂ ਗੁਰੂ ਜੀ ਦੇ ਜਿਨ੍ਹਾਂ ਨਾਮੀ ਸਿੱਖਾਂ ਨੇ ਇਸ ਭੰਗਾਣੀ ਦੇ ਪ੍ਰਸਿੱਧ ਯੁੱਧ ਵਿੱਚ ਹਿੱਸਾ ਲਿਆ, ਉਨ੍ਹਾਂ ਵਿੱਚ ਭਾਈ ਮਨੀ ਸਿੰਘ ਦਾ ਨਾਂ ਵਿਸ਼ੇਸ਼ ਉਲੇਖਯੋਗ ਹੈ।

ਕਹਿਲੂਰ ਦੇ ਰਾਜੇ ਭੀਮ ਚੰਦ ਨੇ ਸੰਕਟ ਬਣਨ 'ਤੇ ਗੁਰੂ ਜੀ ਨੂੰ ਸਹਾਇਤਾ ਦੇਣ ਦੀ ਪ੍ਰਾਰਥਨਾ ਕੀਤੀ। ਗੁਰੂ ਜੀ ਨਦੌਣ ਸਾਹਿਬ ਲਈ ਗਏ। ਸੰਮਤ 1747 ਸੰਨ 1691 ਦੇ ਚੇਤਰ ਮਹੀਨੇ ਦੀ 22 ਨੂੰ ਹੋਏ ਨਦੌਣ ਯੁੱਧ ਵਿੱਚ ਭਾਈ ਮਨੀ ਸਿੰਘ ਸਮੇਤ ਚੋਣਵੇਂ ਸਿੱਖ ਸ਼ਾਮਲ ਹੋਏ। ਨਦੌਣੋਂ ਪਰਤਣ 'ਤੇ ਭਾਈ ਮਨੀ ਸਿੰਘ ਦੇ ਸਿੱਖੀ ਸਿਦਕ ਤੋਂ ਪ੍ਰਸੰਨ ਹੋ ਕੇ ਦਸਮ ਗੁਰੂ ਜੀ ਨੇ ਭਾਈ ਮਨੀ ਸਿੰਘ ਨੂੰ ਗੁਰੂ ਦਰਬਾਰ ਦੀ ਦੀਵਾਨਗੀ ਦੀ ਪਦਵੀ ਬਖਸ਼ੀ।

ਸੰਮਤ 1783 ਦੀ ਵਿਸਾਖੀ ਨੂੰ ਗੁਰੂ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ। ਉਸ ਸਮੇਂ ਭਾਈ ਮਨੀ ਸਿੰਘ ਦੇ ਨਾਲ ਉਨ੍ਹਾਂ ਦੇ ਦੋ ਭਰਾਵਾਂ ਤੇ ਪੰਜ ਪੁੱਤਰਾਂ ਨੇ ਅੰਮ੍ਰਿਤ ਪਾਨ ਕੀਤਾ ਤੇ ਉਹ ਮਨੀ ਰਾਮ ਤੋਂ ਮਨੀ ਸਿੰਘ ਬਣ ਗਏ।ਸੰਮਤ 1752 ਬਿ. (1695 ਈ.) ਵਿੱਚ ਹੁਸੈਨ ਖ਼ਾਨ ਨਾਲ ਹੋਏ ਯੁੱਧ ਵਿੱਚ ਗੁਰੂ ਜੀ ਦੇ ਨਾਲ ਆਪ ਨੇ ਵੀ ਜੌਹਰ ਦਿਖਾਏ।

ਦਰਬਾਰ ਸਾਹਿਬ ਅੰਮ੍ਰਿਤਸਰ ਕੁਝ ਸਾਲਾਂ ਬਾਅਦ ਜਦ ਸੋਢੀ ਹਰਿ ਜੀ ਦੀ ਮੌਤ ਹੋ ਗਈ ਤਾਂ ਉਸਦਾ ਪੁੱਤਰ ਸੋਢੀ ਨਿਰੰਜਨ ਰਾਇ ਗੱਦੀ 'ਤੇ ਬੈਠਾ ।ਉਸ ਦੀ ਸ਼ਕਾਇਤ ਸੰਗਤ ਨੇ ਗੁਰੂ ਗੋਬਿੰਦ ਸਿੰਘ ਨੂੰ ਆਨੰਦਪੁਰ ਸਾਹਿਬ ਆ ਕੀਤੀ। ਸਿੱਟੇ ਵਜੋਂ ਗੁਰੂ ਜੀ ਨੇ ਅਕਾਲ ਬੁੰਗੇ ਅਤੇ ਹਰਿਮੰਦਰ ਸਾਹਿਬ ਦੀ ਸੇਵਾ ਕਰਨ ਲਈ ਆਪ ਨੂੰ ਪੰਜ ਸਿਦਕੀ ਸਿੰਘਾਂ-ਭਪਤਿ ਸਿੰਘ, ਗੁਲਜ਼ਾਰ ਸਿੰਘ, ਕੋਇਰ ਸਿੰਘ, ਦਾਨ ਸਿੰਘ ਅਤੇ ਕੀਰਤ ਸਿੰਘ-ਸਹਿਤ ਸੰਗਤ ਨਾਲ ਅੰਮ੍ਰਿਤਸਰ ਦੀ ਵਿਵਸਥਾ ਠੀਕ ਕਰਨ ਲਈ ਭੇਜਿਆ। ਆਪ ਨੇ ਅੰਮ੍ਰਿਤਸਰ ਪਹੁੰਚ ਕੇ ਮੀਣਿਆਂ ਵਲੋਂ ਪਾਈਆਂ ਕੁਪ੍ਰਥਾਵਾਂ ਨੂੰ ਦੂਰ ਕੀਤਾ ਅਤੇ ਸਿੱਖੀ ਦੀ ਮਰਯਾਦਾ ਨੂੰ ਫਿਰ ਤੋਂ ਭਰਪੂਰ ਰੂਪ ਵਿੱਚ ਪ੍ਰਚੱਲਿਤ ਕੀਤਾ।

ਬੰਦਾ ਬਹਾਦਰ ਦੀ ਸ਼ਹੀਦੀ ਤੋਂ ਛੇ ਸਾਲ ਪਿੱਛੋਂ ਸਿੱਖਾਂ ਦੇ ਦੋ ਧੜੇ ਬਣ ਗਏ। ਇੱਕ ਧੜਾ ਅਕਾਲ ਪੁਰਖੀਆਂ (ਤੱਤ ਖਾਲਸਾ-ਨਿਹੰਗ ਸਿੰਘਾਂ) ਦਾ ਸੀ ਜੋ ਦਸਮ ਪਾਤਸ਼ਾਹ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦਾ ਸੀ। ਦੂਜਾ ਧੜਾ ਬੰਦਈ ਖਾਲਸਾ ਸੀ ਜੋ ਬਾਬਾ ਬੰਦਾ ਸਿੰਘ ਬਹਾਦਰ ਨੂੰ ਗਿਆਰਵਾਂ ਗੁਰੂ ਮੰਨਦਾ ਸੀ ਤੇ ਉਸ ਸਮੇਂ ਇਸ ਧੜੇ ਦਾ ਨੇਤਾ ਮਹੰਤ ਅਮਰ ਸਿੰਘ ਖੇਮਕਰਨੀਆਂ ਸੀ। ਭਾਈ ਮਨੀ ਸਿੰਘ ਨੇ ਦੋਹਾਂ ਧੜਿਆਂ ਵਿੱਚ ਏਕਤਾ ਕਰਵਾ ਦਿੱਤੀ।

ਸੰਮਤ 1790 ਬਿ. (1733 ਈ.) ਦੀ ਦੀਵਾਲੀ ਦਾ ਪੁਰਬ ਨੇੜੇ ਆ ਚੁੱਕਾ ਸੀ। ਉਸ ਨੂੰ ਮਨਾਉਣ ਲਈ ਲਾਹੌਰ ਦੇ ਨਾਮੀ ਸਿੰਘਾਂ ਸੂਬਦਾਰ (ਜ਼ਕਰੀਆ ਖਾਨ) ਨਾਲ ਗੱਲ ਤੋਰੀ। ਉਸ ਨੇ ਮੇਲੇ ਦੀ ਇਜਾਜ਼ਤ ਦੇਣ ਬਦਲੇ ਜਜ਼ੀਆ (ਕਰ) ਮੰਗਿਆ। ਭਾਈ ਸਾਹਿਬ ਜਜ਼ੀਏ ਦੀ ਰਕਮ ਮੇਲੇ ਉਪਰੰਤ ਦੇਣੀ ਪੱਕੀ ਕਰਕੇ ਵਾਪਸ ਅੰਮ੍ਰਿਤਸਰ ਪਰਤੇ। ਚਿੱਠੀਆਂ ਰਾਹੀਂ ਸਾਰੇ ਸਿੱਖਾਂ ਨੂੰ ਸ਼ਾਮਲ ਹੋਣ ਲਈ ਸਦਾ ਪੱਤਰ ਭੇਜੇ ਗਏ। ਇਧਰ ਮੀਣਿਆਂ ਨੇ ਸਿੱਖਾਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੀਆਂ ਗੋਂਦਾਂ ਗੁੰਦੀਆਂ ਅਤੇ ਸੂਬੇ ਨੂੰ ਉਕਸਾਇਆ।

ਲਾਹੌਰ ਨਿਵਾਸੀ ਸਿੰਘਾਂ ਨੂੰ ਸਾਰੀ ਸਾਜ਼ਿਸ਼ ਦਾ ਪਤਾ ਲੱਗਣ 'ਤੇ ਉਨ੍ਹਾਂ ਨੇ ਭਾਈ ਮਨੀ ਸਿੰਘ ਨੂੰ ਤੁਰੰਤ ਸੂਚਿਤ ਕੀਤਾ। ਆਪ ਨੇ ਤੁਰੰਤ ਚਿੱਠੀਆਂ ਲਿਖਕੇ ਸਿੰਘਾਂ ਨੂੰ ਅੰਮ੍ਰਿਤਸਰ ਆਉਣ ਤੋਂ ਵਰਜ ਦਿੱਤਾ। ਫਲਸਰੂਪ, ਦਰਬਾਰ ਸਾਹਿਬ ਵਿੱਚ ਚੜ੍ਹਤ ਬਹੁਤ ਘਟ ਚੜ੍ਹੀ, ਜਿਸ ਕਰਕੇ ਕਰ ਦੀ ਰਕਮ ਅਦਾ ਨਾ ਕੀਤੀ ਜਾ ਸਕੀ।

ਸੂਬੇ ਨੂੰ ਕਰ ਨਾ ਮਿਲਣ ਕਾਰਨ ਉਸ ਨੇ ਭਾਈ ਮਨੀ ਸਿੰਘ ਦੀ ਜਵਾਬ-ਤਲਬੀ ਕੀਤੀ। ਭਾਈ ਮਨੀ ਸਿੰਘ ਨੇ ਸਥਿਤੀ ਸਪੱਸ਼ਟ ਕਰਨ ਲਈ ਭਾਈ ਭੂਪਤਿ ਸਿੰਘ ਅਤੇ ਭਾਈ ਗੁਲਜ਼ਾਰਾ ਸਿੰਘ ਨੂੰ ਲਾਹੌਰ ਭੇਜਿਆ। ਇਨ੍ਹਾਂ ਨੇ ਸਾਰਾ ਕੁਝ ਦਸਿਆ ਤੇ ਇਹ ਰਕਮ ਵਿਸਾਖੀ ਪੁਰਬ 'ਤੇ ਦੇਣ ਦਾ ਵਾਅਦਾ ਕੀਤਾ।ਸੂਬੇ ਨੇ ਕੁਰਾਨ ਦੀ ਕਸਮ ਚੁੱਕ ਕੇ ਪਰਸਪਰ ਮੇਲ ਅਤੇ ਸ਼ਾਂਤੀ ਦਾ ਵਿਸ਼ਵਾਸ ਦਿਵਾਇਆ। ਸਿੰਘਾਂ ਨੇ ਦਸ ਦਿਨਾਂ ਲਈ ਵਿਸਾਖੀ ਦਾ ਪੁਰਬ ਮਨਾਉਣ ਲਈ ਦਸ ਹਜ਼ਾਰ ਰੁਪਏ ਦੇਣੇ ਕਰਕੇ ਪ੍ਰਵਾਨਗੀ ਲਿਖਤੀ ਰੂਪ ਵਿੱਚ ਪ੍ਰਾਪਤ ਕਰ ਲਈ। ਦੋਹਾਂ ਸਿੰਘਾਂ ਨੇ ਪਰਤ ਕੇ ਸਾਰੀ ਗੱਲ ਭਾਈ ਮਨੀ ਸਿੰਘ ਨੂੰ ਦੱਸੀ। ਵਿਸਾਖੀ ਦਾ ਪੁਰਬ ਆ ਗਿਆ। ਜੁਝਾਰੂ ਖਾਲਸਾ ਦੂਰ ਰਿਹਾ ਕਿਉਂਕਿ ਭਾਈ ਮਨੀ ਸਿੰਘ ਨੂੰ ਪਹਿਲਾਂ ਹੀ ਖਬਰ ਮਿਲ ਚੁੱਕੀ ਸੀ ਕਿ ਲਖੂ (ਲਖਪਤ ਰਾਇ) ਨਾਂ ਦੇ ਵਜ਼ੀਰ ਨੂੰ ਲਾਹੌਰ ਦੇ ਸੂਬੇ ਨੇ ਸਿੱਖਾਂ ਨੂੰ ਕੁਚਲਣ ਲਈ ਫੌਜ ਸਹਿਤ ਰਾਮ ਤੀਰਥ ਠਹਿਰਾ ਰਖਿਆ ਸੀ। ਪਰ ਸਿੰਘਾਂ ਦੇ ਨਾ ਆਉਣ ਕਰਕੇ ਹਾਕਮਾਂ ਦੀ ਸਾਰੀ ਸਾਜ਼ਿਸ਼ ਵਿਅਰਥ ਸਿੱਧ ਹੋਈ। ਇਸ 'ਤੇ ਸਭ ਵੈਰੀਆਂ ਨੇ ਰਲ ਕੇ ਸੂਬੇ ਦੇ ਕੰਨ ਭਰੇ ਕਿ ਬੁਕਲ ਦੇ ਸੱਪ ਵਰਗੇ ਸਿੱਖਾਂ ਦੇ ਮੁਖੀਏ ਭਾਈ ਮਨੀ ਸਿੰਘ ਨੂੰ ਜਲਦੀ ਖਤਮ ਕਰਨਾ ਚਾਹੀਦਾ ਹੈ। ਫਲਸਰੂਪ ਲਾਹੌਰ ਦੀ ਫੌਜ ਨੇ ਅੰਮ੍ਰਿਤਸਰ ਨੂੰ ਘੇਰ ਲਿਆ ਅਤੇ ਭਾਈ ਮਨੀ ਸਿੰਘ ਆਦਿ ਨਾਮੀ ਸਿੱਖਾਂ ਨੂੰ ਫੜ ਕੇ ਲਾਹੌਰ ਲੈ ਗਏ। ਇਸ ਤੋਂ ਇਲਾਵਾ ਹੋਰ ਨੇੜੇ ਤੇੜੇ ਦੇ ਸਿੱਖ ਵੀ ਫੜ ਲਏ ਗਏ ਅਤੇ ਸਭ ਸਿੱਖਾਂ ਦੇ ਘਰ ਬਾਰ ਲੁਟ ਲਏ ਗਏ।ਸਭ ਪਾਸੇ ਹਾਹਾਕਾਰ ਮਚ ਗਿਆ। ਸਥਿਤੀ ਅਨੁਕੂਲ ਨਾ ਵੇਖ ਕੇ ਸੁਖਾ ਸਿੰਘ ਵਰਗੇ ਜੁਝਾਰੂ ਸਿੰਘ ਜੈਪੁਰ ਵੱਲ ਚਲ ਗਏ। ਲਾਹੌਰ ਦੇ ਸੂਬੇ ਨੇ ਅੰਮ੍ਰਿਤ ਸਰੋਵਰ ਮਿੱਟੀ, ਹੱਡ, ਚੰਮ ਆਦਿ ਨਾਲ ਪੂਰ ਦਿੱਤਾ।



ਡਾ. ਚਰਨਜੀਤ ਸਿੰਘ ਗੁਮਟਾਲਾ
919417533060

ਲਾਹੌਰ ਦੇ ਜ਼ੇਲਖਾਨੇ ਵਿੱਚ ਭਾਈ ਮਨੀ ਸਿੰਘ ਸਿੰਘਾਂ ਨੂੰ ਨਿੱਤਪ੍ਰਿਤ ਕਥਾ ਸੁਣਾਂਦੇ ਰਹੇ। ਸੂਬੇ ਨੇ ਭਾਈ ਮਨੀ ਸਿੰਘ ਨੂੰ ਬੁਲਾ ਕੇ ਕਿਹਾ ਕਿ ਉਸ ਪਾਸ ਨਿੱਤ ਸਿੱਖ ਆਉਂਦੇ ਜਾਂਦੇ ਰਹਿੰਦੇ ਹਨ, ਉਹ ਉਨ੍ਹਾਂ ਸਾਰਿਆਂ ਨੂੰ ਪਕੜਾ ਦੇਵੇ ਨਹੀਂ ਤਾਂ ਉਸ ਦੀ ਆਪਣੀ ਸ਼ਾਮਤ ਆਵੇਗੀ। ਪਰ ਭਾਈ ਮਨੀ ਸਿੰਘ ਨੇ ਰੋਹ ਵਿੱਚ ਆ ਕੇ ਕਿਹਾ :-

ਮਨੀ ਸਿੰਘ ਤਬ ਇਮ ਕਹਿਯੋ : 'ਸੁਣੇ ਬਹਾਦਰ ਖਾਨ। ਨਿਸ ਦਿਨ ਬੋਲੋਂ ਝੂਠ ਤਉਂ, ਖਾ ਕੇ ਕਸਮ ਕੁਰਾਨ। 198।
ਝੂਠ ਬੋਲਣਾ ਖਾਨ ਜੀ।ਨਹਿ ਸਿੰਘਨ ਕਾ ਕਾਮ।ਕੱਟ ਜਾਏ ਅੰਗ ਅੰਗ ਭੀ, ਦੇਣਾ ਦਗਾ ਹਰਾਮ।199।

ਹੋਰਨਾਂ ਮੁੱਖੀ ਸਿੰਘਾਂ ਨੇ ਵੀ ਡੱਟ ਕੇ ਭਾਈ ਮਨੀ ਸਿੰਘ ਦਾ ਸਾਥ ਦਿੱਤਾ। ਸੂਬੇ ਨੇ ਭਾਈ ਗੁਲਜ਼ਾਰ ਸਿੰਘ, ਭਾਈ ਭੂਪਤਿ ਸਿੰਘ, ਭਾਈ ਮੁਹਕਮ ਸਿੰਘ, ਭਾਈ ਚੈਨ ਸਿੰਘ, ਭਾਈ ਕੀਰਤ ਸਿੰਘ, ਭਾਈ ਆਲਮ ਸਿੰਘ, ਭਾਈ ਅਉਲੀਆ ਸਿੰਘ, ਭਾਈ ਸੰਗਤ ਸਿੰਘ, ਭਾਈ ਕਾਨ੍ਹ ਸਿੰਘ ਆਦਿਕ ਮੁੱਖੀ ਸਿੰਘਾਂ ਨੂੰ ਭਾਈ ਮਨੀ ਸਿੰਘ ਸਹਿਤ ਬਹੁਤ ਕਸ਼ਟ ਅਤੇ ਦੁੱਖ ਦਿੱਤੇ ਅਤੇ ਅੰਤ ਸੰਮਤ 1791 (1734 ਈ.) ਹਾੜ ਸੁਦੀ ਪੰਚਮੀ ਨੂੰ ਭਾਈ ਮਨੀ ਸਿੰਘ ਨੂੰ ਹੋਰ ਸਿੰਘਾਂ ਸਹਿਤ ਨਿਖਾਸ ਚੌਂਕ (ਜਿਥੇ ਹੁਣ ਗੁਰਦੁਆਰਾ ਸ਼ਹੀਦ ਗੰਜ ਹੈ), ਵਿੱਚ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਗਿਆ।

ਇਸ ਤਰ੍ਹਾਂ ਭਾਈ ਮਨੀ ਸਿੰਘ ਨੇ 90 ਵਰ੍ਹਿਆਂ ਦੀ ਉਮਰ ਵਿੱਚ ਬੰਦ ਬੰਦ ਕਟਵਾਕੇ ਆਪਣੀ ਸ਼ਹਾਦਤ ਦਿੱਤੀ। ਭਾਈ ਮਨੀ ਸਿੰਘ ਦੇ ਸੰਮਤ 1791 (1734) ਈ. ਵਿੱਚ ਬੰਦ ਬੰਦ ਕੱਟੇ ਜਾਣ ਦੀ ਘਟਨਾ ਨਾਲ ਲਗਭਗ ਸਾਰੇ ਇਤਿਹਾਸਕਾਰ ਅਤੇ ਭੱਟ-ਵਹੀਆਂ ਸਹਿਮਤ ਹਨ। ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਪੜ੍ਹੋ ਪੁਸਤਕ, ਭਾਈ ਮਨੀ ਸਿੰਘ , ਜੀਵਨ ਤੇ ਰਚਨਾ, ਲੇਖਕ ਡਾ.ਰਤਨ ਸਿੰਘ ਜੱਗੀ, ਪ੍ਰਕਾਸ਼ਕ ਪੰਜਾਬੀ ਯੂਨੀਵਰਸਿਟੀ ਪਟਿਆਲਾ, 1993

# ਮਜਬੂਤ ਲੋਕਤੰਤਰ ਦੇ ਨਿਰਮਾਣ ਦੇ ਲਈ ਹਰੇਕ ਵੋਟ ਦੀ ਹੁੰਦੀ ਹੈ, ਅਹਿਮ ਭੂਮਿਕਾ - ਜ਼ਿਲ੍ਹਾ ਚੋਣ ਅਫ਼ਸਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਲੋਕਤੰਤਰ ਨੂੰ ਮਜਬੂਤ ਕਰਨ ਲਈ ਹਰੇਕ ਵੋਟ ਅਹਿਮ ਭੂਮਿਕਾ ਨਿਭਾਉਂਦੀ ਹੈ, ਅਸੀਂ ਆਪਣੀ ਕੀਮਤੀ ਵੋਟ ਦਾ ਇਸਤੇਮਾਲ ਕਰਕੇ ਸਹੀ ਨੇਤਾ ਚੁਣ ਸਕਦੇ ਹਾਂ, ਜੋ ਦੇਸ਼ ਦੀ ਉਨੱਤੀ ਦੇ ਲਈ ਕੰਮ ਕਰਦਾ ਹੈ। ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫ਼ਸਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਆਰ।ਕੇ। ਆਰੀਆ ਕਾਲਜ ਨਵਾਂਸ਼ਹਿਰ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਸਵੀਪ ਪ੍ਰੋਗਰਾਮ ਦੇ ਵਿੱਚ ਵਿਚਾਰ ਪ੍ਰਗਟ ਕੀਤੇ। ਇਸ ਤੋਂ ਪਹਿਲਾਂ ਉਨ੍ਹਾਂ ਨੇ ਕਾਲਜ ਗਰਾਊਂਡ ਵਿਖੇ ਗੁਬਾਰੇ ਛੱਡ ਕੇ ਵੋਟ ਪਾਉਣ ਦਾ ਸੰਦੇਸ਼ ਦਿੱਤਾ। ਇਸ ਮੌਕੇ 'ਤੇ ਵਧੀਕ ਡਿਪਟੀ ਕਮਿਸ਼ਨਰ (ਪੇ।ਵਿ।) ਸਾਗਰ ਸੇਤੀਆ ਅਤੇ ਸਹਾਇਕ ਰਿਟਰਨਿੰਗ ਅਫ਼ਸਰ ਕਮ ਉਪ ਮੰਡਲ ਮੈਜਿਸਟਰੇਟ ਨਵਾਂਸ਼ਹਿਰ ਡਾ। ਅਕਸ਼ਿਤਾ ਗੁਪਤਾ, ਸਹਾਇਕ ਰਿਟਰਨਿੰਗ ਅਫਸਰ ਕਮ ਐਸ।ਡੀ।ਐਮ। ਬਲਾਚੌਰ ਰਵਿੰਦਰ ਬੰਸਲ, ਸਹਾਇਕ ਕਮਿਸ਼ਨਰ ਜਨਰਲ ਡਾ। ਗੁਰਲੀਨ ਕੌਰ, ਗੁੱਡ ਗਵਰਨਸ ਫੈਲੋ ਮੈਡਮ ਅਸਮੀਤਾ ਅਤੇ ਕਾਲਜ ਪ੍ਰਿੰਸੀਪਲ ਸੰਜੀਵ ਡਾਵਰ ਵੀ ਮੌਜੂਦ ਸਨ।



ਜ਼ਿਲ੍ਹਾ ਚੋਣ ਅਫ਼ਸਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਜ਼ਿਲ੍ਹਾ ਵਾਸੀਆਂ ਨੂੰ ਵੋਟ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਸਕੂਲਾਂ ਤੇ ਕਾਲਜਾਂ ਵਿੱਚ ਵੱਧ ਤੋਂ ਵੱਧ ਸਵੀਪ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਇੰਨ੍ਹਾਂ ਪ੍ਰੋਗਰਾਮ ਨੂੰ ਕਰਵਾਉਣ ਦਾ ਉਦੇਸ਼ ਇਹ ਹੈ ਕਿ ਇੱਕ ਤਾਂ ਬੱਚਿਆਂ ਨੂੰ ਲੋਕਤੰਤਰ ਅਤੇ ਵੋਟ ਦੀ ਅਹਿਮਿਅਤ ਦਾ ਪਤਾ ਲੱਗਦਾ ਹੈ, ਦੂਸਰਾ ਬੱਚੇ ਆਪਣੇ ਪਰਿਵਾਰਿਕ ਮੈਂਬਰਾਂ ਨੂੰ ਵੋਟ ਪਾਉਣ ਦੇ ਲਈ ਪ੍ਰੇਰਿਤ ਵੀ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਸਾਨੂੰ ਆਪਣੀ ਵੋਟ ਦਾ ਇਸਤੇਮਾਲ ਜ਼ਰੂਰ ਕਰਨਾ ਚਾਹੀਦਾ ਹੈ ਅਤੇ ਇੱਕ ਸੁਜਵਾਨ ਨੇਤਾ ਦੀ ਚੋਣ ਕਰਨੀ ਚਾਹੀਦੀ ਹੈ। ਇਸ ਵਾਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ 75 ਫੀਸਦੀ ਤੋਂ ਵੱਧ ਵੋਟਿੰਗ ਕਰਵਾਉਣ ਦਾ ਟੀਚਾ ਰੱਖਿਆ ਗਿਆ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਅਸੀਂ ਸਾਰੇ ਮਿਲ ਕੇ ਆਪਣੀ ਵੋਟ ਦਾ ਇਸਤੇਮਾਲ ਕਰੀਏ।

ਇਸ ਦੌਰਾਨ ਵੱਖ-ਵੱਖ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਜੈਸਮੀਨ, ਨਵੀ, ਨੰਦਨੀ ਸ਼ਰਮਾ, ਭੁਵਨੇਸ਼ਵਰੀ ਨੇ ਗੀਤ ਅਤੇ ਕਵੀਤਾਵਾਂ ਰਾਹੀਂ ਨੌਜਵਾਨਾਂ ਨੂੰ ਵੋਟ ਪਾਉਣ ਦੇ ਲਈ ਪ੍ਰੇਰਿਤ ਕੀਤਾ। ਨੋਡਲ ਅਫ਼ਸਰ ਸਵੀਪ ਨਵਾਂਸ਼ਹਿਰ ਤਰਸੇਮ ਲਾਲ ਨੇ ਵੀ ਜ਼ਿਲ੍ਹੇ ਵਿੱਚ 75 ਪ੍ਰਤੀਸ਼ਤ ਵੋਟ ਪਾਉਣ ਦਾ ਟੀਚਾ ਹਾਸਲ ਕਰਨ ਦੇ ਲਈ ਸਾਰਿਆਂ ਨੂੰ ਵੋਟ ਪਾਉਣ ਦੇ ਲਈ ਜਾਗਰੂਕ ਕੀਤਾ। ਇਸ ਤੋਂ ਬਾਅਦ ਸਹਾਇਕ ਰਿਟਰਨਿੰਗ ਅਫ਼ਸਰ ਕਮ ਐਸ।ਡੀ।ਐਮ। ਨਵਾਂਸ਼ਹਿਰ ਡਾ। ਅਕਸ਼ਿਤਾ ਗੁਪਤਾ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਵੱਲੋਂ ਸਵੀਪ ਦੇ ਕਰਮਚਾਰੀਆਂ ਦੇ ਸਹਿਯੋਗ ਨਾਲ ਬਹੁਤ ਮਿਹਨਤ ਨਾਲ ਇਹ ਪ੍ਰੋਗਰਾਮ ਉਲਿਕਿਆ ਗਿਆ ਹੈ ਜਿਸ ਦੇ ਵਿੱਚ 2000 ਤੋਂ ਵੱਧ ਬੱਚਿਆਂ ਨੇ ਹਿੱਸਾ ਲਿਆ ਹੈ। ਉਨ੍ਹਾਂ ਇਹ ਵੀ ਸਾਰੀਆ ਨੂੰ ਵੋਟ ਪਾਉਣ ਦੇ ਲਈ ਪ੍ਰੇਰਿਤ ਕਰਦੇ ਹੋਏ ਰੱਖੇ ਗਏ ਟੀਚੇ ਨੂੰ ਹਾਸਲ ਕਰਨ ਲਈ ਜਾਗਰੂਕ ਕੀਤਾ। ਇਸ ਮੌਕੇ 'ਤੇ ਸਹਾਇਕ ਨੋਡਲ ਅਫ਼ਸਰ ਸਵੀਪ ਸਤਨਾਮ ਸਿੰਘ ਤੋਂ ਇਲਾਵਾ ਭਾਰੀ ਸੰਖਿਆ ਵਿੱਚ ਸਕੂਲ ਅਤੇ ਕਾਲਜਾਂ ਦੇ ਵਿਦਿਆਰਥੀ ਹਾਜ਼ਰ ਸਨ।

# ਉਸਾਰੂ ਭਾਵਨਾ ਹਵਾਵਾਂ ਦੀ ਦਿਸ਼ਾ ਬਦਲਣ ਦੀ ਸ਼ਕਤੀ ਹੈ!




ਉਦੇਸ਼ ਭਰੀ ਸੋਚ ਅਤੇ ਅਗਾਂਹ-ਵਧੂ ਸਮਾਜ ਸਿਰਜਣ ਦੀ ਇੱਛਾ ਸਮਾਜ ਦੇ ਦੁੱਖ-ਸੁੱਖ ਵਿੱਚ ਹਿੱਸਾ ਬਰਦਾਰ ਹੋਣ ਦੀ ਚਾਹਿਤ ਪੈਦਾ ਕਰਦੀ ਹੈ। ਹਰੇਕ ਮਨੁੱਖ ਦਾ ਵਿਸ਼ਵਾਸ ਬੱਝਣਾ ਚਾਹੀਦਾ ਹੈ ਕਿ ਉਹ ਸਮਾਜ ਦੀ ਖ਼ੁਸ਼ਹਾਲੀ ਲਈ ਆਪਣਾ ਯੋਗਦਾਨ ਪਾ ਸਕਦਾ ਹੈ।

ਆਜ਼ਾਦੀ-ਏ-ਹਿੰਦੋਸਤਾਨ ਜਾਂ ਧਰਤੀ ਉੱਤੇ ਵੱਸਦੇ ਜਿਸ ਵੀ ਦੇਸ਼ ਨੇ ਆਜ਼ਾਦੀ ਲਈ ਸੰਘਰਸ਼ ਕੀਤਾ, ਉੱਥੋਂ ਦੇ ਆਜ਼ਾਦੀ ਸੂਰਮਿਆਂ ਨੇ ਇਤਿਹਾਸ ਦੇ ਪੰਨਿਆਂ ਉੱਤੇ ਰਹਿੰਦੀ ਦੁਨੀਆਂ ਤੱਕ ਰਹਿਣਾ ਹੈ।

ਬਰਤਾਨਵੀ ਬੱਸਤੀਵਾਦੀਆਂ ਨੇ ਸਾਰੀ ਦੁਨੀਆਂ ਉੱਤੇ ਰਾਜ ਕੀਤਾ, ਇਤਿਹਾਸ ਦੇ ਪੰਨਿਆਂ ਉੱਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਰਾਜ ਕਾਲ ਵਿੱਚ ਸੂਰਜ ਛੁੱਪਦਾ ਨਹੀਂ ਸੀ ਭਾਵ ਇੱਕ ਥਾਂ ਸੂਰਜ ਛੁੱਪਦਾ ਸੀ ਅਤੇ ਦੂਜੀ ਥਾਂ ਸੂਰਜ ਉਦੇ ਹੁੰਦਾ ਸੀ। ਹਿੰਦੋਸਤਾਨੀ ਇਨ-ਕਲਾਬੀਆਂ ਨੇ ਆਪਣੀਆਂ ਜਾਨਾਂ ਦੀ ਪ੍ਰਵਾਹ ਕੀਤੇ ਬਿਨਾ ਆਪਣਾ ਤਨ-ਮੰਨ -ਧੰਨ ਨਿਸ਼ਾਵਰ ਕਰਕੇ ਮਾਂ-ਭੂਮੀ ਦਾ ਰਿਣ ਚੁਕਾਉਣ ਲਈ ਆਜ਼ਾਦੀ ਦੇ ਹਵਨ-ਕੁੰਡ ਪ੍ਰਚੰਡ ਨੂੰ ਕੀਤਾ ਸੀ । ਸ਼ਹੀਦਾਂ ਦੀ ਮਾਲਾ ਦੇ ਮਣਕੇ ਬਣੇ ਅਤੇ ਹੱਕ ਸੱਚ ਲਈ ਕੁਰਬਾਨੀ ਦੀ ਪਾਲ ਵੱਡੀ ਕੀਤੀ।

ਮਨੁੱਖ ਨੂੰ ਹਰ ਸਮੇਂ ਸਮਾਜ ਦੀ ਬੇਹਤਰੀ ਲਈ ਸੋਚਣਾ ਚਾਹੀਦਾ ਹੈ । ਸੰਗਰਾਮੀਆਂ ਅਤੇ ਸ਼ਹੀਦਾਂ ਨੂੰ ਸਦਾ ਯਾਦ ਰੱਖਕੇ ਮਾਣਮੱਤੇ ਵਿਰਸੇ ਵਾਰੇ ਅਗਲੀ ਪੀੜੀ ਨੂੰ ਜਾਣਕਾਰੀ ਪ੍ਰਦਾਨ ਕਰਦੇ ਰਹਿਣਾ ਚਾਹੀਦਾ ਹੈ ਅਤੇ ਇਹ ਸਿਲਸਿਲਾ ਕਿਰਤੀ ਦੀ ਅਗਵਾਈ ਵਾਲੇ ਰਾਜ ਦੀ ਉਸਾਰੀ ਅਤੇ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਖਤਮ ਹੋਣ ਤੱਕ ਚੱਲਦਾ ਰਹਿਣਾ ਚਾਹੀਦਾ ਹੈ।

"ਸ਼ਹੀਦੋਂ ਕੀ ਚਿਤਾਓਂ ਪੇ ਲਗੇਂਗੇ ਹਰ ਬਰਸ ਮੇਲੇ
ਵਤਨ ਪੇ ਮਿਟਨੇ ਵਾਲੋਂ ਕਾ ਯੇਹ ਹੀ ਬਾਕੀ ਨਿਸ਼ਾਂ ਹੋਗਾ"

92 ਸਾਲ ਪਹਿਲਾਂ 23 ਮਾਰਚ 1931 ਨੂੰ ਸ ਭਗਤ ਸਿੰਘ , ਸ ਰਾਜਗੁਰੂ ਅਤੇ ਸ। ਸੁਖਦੇਵ ਨੂੰ ਬਰਤਾਨਵੀ ਸਾਮਰਾਜ ਨੇ ਲਹੌਰ ਜੇਲ੍ਹ ਵਿੱਚ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ। ਉਨ੍ਹਾਂ ਦਾ ਕਸੂਰ ਕੀ ਸੀ ਕਿ ਉਹ ਆਪਣੀ ਮਾਤ-ਭੂਮੀ ਨੂੰ ਆਜ਼ਾਦ ਦੇਖਣਾ ਚਾਹੁੰਦੇ ਸਨ ਅਤੇ ਬੱਸਤੀਵਾਦੀਆਂ ਨੂੰ ਹਿੰਦੋਸਤਾਨ ਤੋਂ ਚਲੇ ਜਾਣ ਨੂੰ ਕਹਿੰਦੇ ਸਨ। ਸ਼ਹੀਦ ਕਦੀ ਵੀ ਮਰਦੇ ਨਹੀਂ, ਸਗੋਂ ਸਦਾ ਜੀਊਂਦੇ ਰਹਿੰਦੇ ਹਨ। ਬਹਾਦਰ ਆਦਮੀ ਸਦਾ ਜੀਊਂਦੇ ਰਹਿੰਦੇ ਹਨ। ਅਮਰ ਸ਼ਹੀਦਾਂ ਨੂੰ ਯਾਦ ਕਰਨਾ ਅਤੇ ਉਨ੍ਹਾਂ ਦੇ ਸੁਪਨਿਆਂ ਦੇ ਰਹਿ ਗਏ ਅਧੂਰੇ ਕੰਮਾਂ ਨੂੰ ਪੂਰਾ ਕਰਨ ਲਈ ਯੋਗਦਾਨ ਪਾਉਣਾ ਸੱਚੀ ਸ਼ਰਧਾਂਜਲੀ ਹੋਵੇਗੀ । ਅਸੀਂ ਅਮਰ ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ।

**ਵੱਲੋਂ- ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ ਨਿਊਯਾਰਕ**
**ਮਨਮੋਹਨ ਪੂਨੀ (ਨਿਊਯਾਰਕ)**

# ਮੁੱਖ ਚੋਣ ਘੋਸ਼ਣਾ ਪੱਤਰਾਂ 'ਚੋਂ ਸਿੱਖਿਆ ਗਾਇਬ ਕਿਉਂ?



ਗੁਰਮੀਤ ਪਲਾਹੀ
91-98158-02070

ਲੋਕ ਸਭਾ ਚੋਣਾਂ ਲਈ ਸਿਆਸੀ ਪਾਰਟੀਆਂ ਆਪਣਾ ਚੋਣ ਮੈਨੀਫੈਸਟੋ ਜਾਰੀ ਕਰ ਰਹੀਆਂ ਹਨ। ਵੱਡੇ-ਵੱਡੇ ਲੋਕ ਲੁਭਾਉਣੇ ਵਾਇਦੇ, ਗਰੰਟੀਆਂ, ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਹਨ। ਵਿਕਾਸ, ਪ੍ਰੀਵਰਤਨ, ਸੰਵਿਧਾਨਿਕ ਰਾਖੀ, ਗਰੀਬੀ ਹਟਾਓ, ਰੁਜ਼ਗਾਰ ਦੇਣ, ਔਰਤਾਂ ਦੇ ਸਸ਼ਕਤੀਕਰਨ, ਇੱਕ ਰਾਸ਼ਟਰ ਇੱਕ ਚੋਣ, ਘੱਟ ਗਿਣਤੀ ਦੀ ਸੁਰੱਖਿਆ, ਸਮਾਜਿਕ ਸੁਰੱਖਿਆ ਆਦਿ ਚੋਣ ਮੈਨੀਫੈਸਟੋ ਦਾ ਧੁਰਾ ਬਣਾਏ ਜਾ ਰਹੇ ਹਨ। ਪਰ ਲੋਕਾਂ ਲਈ ਸਿੱਖਿਆ ਅਤੇ ਹਰ ਇੱਕ ਲਈ ਬਰਾਬਰ ਦੀ ਸਿੱਖਿਆ ਦੀ ਗਰੰਟੀ, ਪਾਰਟੀਆਂ ਦੇ ਚੋਣ ਮੈਨੀਫੈਸਟੋ ਵਿਚੋਂ ਲੁਪਤ ਹੈ।

ਦੇਸ਼ ਨੂੰ ਅੰਗਰੇਜ਼ ਸਾਮਰਾਜ ਦੀ ਗੁਲਾਮੀ ਤੋਂ ਆਜ਼ਾਦ ਹੋਇਆਂ ਪੌਣੀ ਸਦੀ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ। ਕੁਝ ਸਿਆਸੀ ਪਾਰਟੀਆਂ, ਜਿਹੜੀਆਂ ਇੱਕ ਸਦੀ ਤੋਂ ਵੱਧ ਦਾ ਸਿਆਸੀ ਸਫ਼ਰ ਪੂਰਾ ਕਰ ਚੁੱਕੀਆਂ ਹਨ, ਉਹ ਦੇਸ਼ ਦੀਆਂ ਹਾਕਮ ਬਣ ਦੇਸ਼ 'ਚੋਂ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਖ਼ਤਮ ਕਰਨ ਅਤੇ ਦੇਸ਼ ਦੇ ਵਿਕਾਸ ਲਈ ਯਤਨਸ਼ੀਲ ਰਹੀਆਂ ਹਨ। ਸਮੇਂ-ਸਮੇਂ ਮਨੁੱਖ ਦੀਆਂ ਬੁਨਿਆਦੀ ਲੋੜਾਂ ਸਿਹਤ, ਸਿੱਖਿਆ, ਚੰਗਾ ਵਾਤਾਵਰਨ ਮੁਹੱਈਆ ਕਰਨ ਲਈ ਉਹਨਾ ਵਲੋਂ ਨੀਤੀਆਂ ਨਿਰਧਾਰਤ ਕੀਤੀਆਂ ਗਈਆਂ ਹਨ।

ਆਓ ਵੇਖੀਏ ਮਨੁੱਖ ਦੀ ਮੁੱਖ ਲੋੜ ਸਿੱਖਿਆ ਦਾ ਸਫ਼ਰ ਭਾਰਤ ਦੇਸ਼ 'ਚ ਕਿੰਨਾ ਕੁ ਤਹਿ ਹੋਇਆ ਹੈ ਅਤੇ ਸਿਆਸੀ ਪਾਰਟੀਆਂ ਭਾਰਤੀਆਂ ਦੀ ਇਸ ਬੁਨਿਆਦੀ ਲੋੜ ਨੂੰ ਕਿੰਨੀ ਕੁ ਸੰਜੀਦਗੀ ਨਾਲ ਪੱਲੇ ਬੰਨੀ ਬੈਠੀਆਂ ਹਨ।

ਦੇਸ਼ ਵਿੱਚ ਫਿਲਹਾਲ ਲਗਭਗ 400 ਯੂਨੀਵਰਸਿਟੀਆਂ ਅਤੇ 20,000 ਉੱਚ ਸਿੱਖਿਆ ਦੇਣ ਵਾਲੀਆਂ ਸੰਸਥਾਵਾਂ ਹਨ। ਇਹਨਾ ਵਿੱਚ 7 ਲੱਖ ਤੋਂ ਜ਼ਿਆਦਾ ਕਾਲਜ/ਯੂਨੀਵਰਸਿਟੀਆਂ ਵਿੱਚ ਡੇਢ ਕਰੋੜ (ਇੱਕ ਕਰੋੜ 50 ਲੱਖ) ਤੋਂ ਜਿਆਦਾ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਦੇ ਹਨ। ਪਰ ਇਹ ਤੱਥ ਹੈਰਾਨੀ ਕਰਨ ਵਾਲਾ ਹੈ ਕਿ ਕੋਈ ਵੀ ਯੂਨੀਵਰਸਿਟੀ ਜਾਂ ਸਿੱਖਿਆ ਸੰਸਥਾ ਉਸ ਪੱਧਰ ਦੀ ਸਿੱਖਿਆ ਦੇਣ ਦੇ ਕਾਬਲ ਨਹੀਂ, ਜਿਸਦੇ ਕਾਰਨ ਉਸਨੂੰ ਦੁਨੀਆ ਦੇ ਅੱਵਲ ਇੱਕ ਸੌ ਯੂਨੀਵਰਸਿਟੀਆਂ 'ਚ ਸ਼ਾਮਲ ਕੀਤਾ ਜਾ ਸਕੇ। ਅੱਛੀ ਸਿੱਖਿਆ ਦੇਣ ਦੀ ਇਸ ਤੋਟ ਕਾਰਨ ਉੱਚੀ ਗੁਣਵੱਤਾ ਸਿੱਖਿਆ ਪ੍ਰਾਪਤ ਕਰਨ ਦੇ ਮੰਤਵ ਨਾਲ ਹਰ ਸਾਲ ਭਾਰਤ ਵਿੱਚੋਂ ਡੇਢ ਤੋਂ ਪੌਣੇ ਦੋ ਲੱਖ ਵਿਦਿਆਰਥੀ ਵਿਦੇਸ਼ਾਂ 'ਚ ਉੱਚ ਸਿੱਖਿਆ ਲਈ ਜਾਣ ਵਾਸਤੇ ਮਜ਼ਬੂਰ ਹਨ।

ਕੁਝ ਵਰ੍ਹੇ ਪਹਿਲਾਂ "ਐਸੋਚੈਮ" ਨੇ ਟਾਟਾ ਇਨਸਟੀਚੀਊਟ ਆਫ਼ ਸੋਸ਼ਲ ਸਾਇੰਸਿਜ਼ ਦੇ ਨਾਲ ਮਿਲਕੇ ਇੱਕ ਸਰਵੇਖਣ ਤਿਆਰ ਕੀਤਾ ਹੈ। ਉਸ ਵਿੱਚ ਦੱਸਿਆ ਗਿਆ ਹੈ ਕਿ ਭਾਰਤੀ ਮਾਪੇ ਹਰ ਸਾਲ ਆਪਣੇ ਬੱਚਿਆਂ ਦੀ ਸਿੱਖਿਆ ਉਤੇ ਛੇ ਤੋਂ ਸੱਤ ਅਰਬ ਡਾਲਰ ਖ਼ਰਚ ਕਰਦੇ ਹਨ। ਦੇਸ਼ ਦੀ ਉੱਚ ਸਿੱਖਿਆ ਦੀ ਵਿਦੇਸ਼ੀ ਯੂਨੀਵਰਸਿਟੀਆਂ 'ਤੇ ਨਿਰਭਰਤਾ, ਜਾਇਜ਼ ਨਹੀਂ ਹੈ। ਇਸ ਗੰਭੀਰ ਮਸਲੇ ਵੱਲ ਕਦੇ ਸਿਆਸੀ ਧਿਰਾਂ ਨੇ ਧਿਆਨ ਨਹੀਂ ਦਿੱਤਾ। ਉਲਟਾ ਉੱਚ ਸਿੱਖਿਆ ਖੇਤਰ ਨੂੰ ਸਮੇਂ-ਸਮੇਂ ਦੀਆਂ ਸਿਆਸੀ ਧਿਰਾਂ ਨੇ ਆਪਣੇ ਗਲੋਂ ਲਾਹੁਣ ਦਾ ਹੀ ਯਤਨ ਕੀਤਾ।

ਸਿੱਖਿਆ, ਉੱਚ ਸਿੱਖਿਆ ਨਾਲ ਜੜ੍ਹੋਂ ਜੁੜਿਆ ਇੱਕ ਮੁੱਦਾ ਭਾਸ਼ਾ ਦਾ ਹੈ। ਅਸੀਂ ਭਾਸ਼ਾਵਾਂ ਦੇ ਮਾਧਿਅਮ ਰਾਹੀਂ ਜਿਥੇ ਕੁਦਰਤੀ ਅਤੇ ਸਮਾਜਿਕ ਵਰਤਾਰਿਆਂ ਨਾਲ ਸਾਂਝ ਪਾਉਂਦੇ ਹਾਂ, ਉਥੇ ਭਾਸ਼ਾ ਹੀ ਮਾਧਿਆਮ ਹੈ, ਜਿਸ ਨਾਲ ਮਾਨਸਿਕ ਵਿਕਾਸ ਦਾ ਢਾਂਚਾ ਖੜਾ ਕਰਦੇ ਹਾਂ, ਕਿਉਂਕਿ ਇਸ ਵਿਕਾਸ ਦੇ ਨਾਲ ਹੀ ਸਾਡੀ ਭਾਸ਼ਾ ਜੁੜੀ ਹੁੰਦੀ ਹੈ। ਉਂਜ ਵੀ ਖੇਤਰੀ ਭਾਸ਼ਾਵਾਂ ਅਤੇ ਬੋਲੀਆਂ ਸਾਡਾ ਸਭਿਆਚਾਰਕ ਵਿਰਸਾ ਹਨ। ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਦੇਸ਼ ਵਿੱਚ 121 ਬੋਲੀਆਂ ਅਤੇ 234 ਮਾਂ ਬੋਲੀਆਂ ਹਨ। ਇਹਨਾ ਵਿੱਚ ਉਹ ਬੋਲੀਆਂ ਸ਼ਾਮਲ




ਨਹੀਂ ਹਨ, ਜਿਹਨਾ ਨੂੰ ਬੋਲਣ ਵਾਲਿਆਂ ਦੀ ਗਿਣਤੀ 10,000 ਤੋਂ ਘੱਟ ਹੈ। ਭਾਰਤ ਵਿੱਚ ਇਹ ਸਾਰੀਆਂ ਬੋਲੀਆਂ ਅਤੇ ਸਥਾਨਕ ਬੋਲੀਆਂ ਅੰਗਰੇਜ਼ੀ ਦੇ ਪ੍ਰਭਾਵ ਨਾਲ ਇਸ ਡਿਜ਼ੀਟਲ ਯੁੱਗ 'ਚ ਖ਼ਾਸ ਕਰਕੇ ਖ਼ਤਮ ਹੋ ਰਹੀਆਂ ਹਨ ਜਾਂ ਸੰਕਟ ਵਿੱਚ ਹਨ, ਕਿਉਂਕਿ ਅੰਗਰੇਜ਼ੀ ਭਾਸ਼ਾ ਵਪਾਰ, ਪ੍ਰਬੰਧਕੀ ਖੇਤਰ, ਮੈਡੀਕਲ, ਭੌਤਿਕੀ ਸਿੱਖਿਆ ਦਾ ਪ੍ਰਮੁੱਖ ਅਧਾਰ ਬਣਾਈ ਗਈ ਹੋਈ ਹੈ। ਜਦ ਕਿ ਨਵੇਂ ਭਾਰਤ ਦੀ ਸਿਰਜਨਾ ਲਈ ਮਾਂ ਬੋਲੀਆਂ ਦੇ ਪ੍ਰਚਲਣ ਅਤੇ ਪਾਠ ਪੁਸਤਕਾਂ, ਰੁਜ਼ਗਾਰ ਅਤੇ ਤਕਨੀਕ ਦੀ ਭਾਸ਼ਾ ਬਣਾਏ ਜਾਣ ਦੀ ਲੋੜ ਸੀ, ਪਰ ਸਾਡੀਆਂ ਸਿੱਖਿਆ ਨੀਤੀਆਂ ਬਨਾਉਣ ਵਾਲੇ ਹਾਕਮ ਇਸ ਮਸਲੇ 'ਚ ਚੁੱਪੀ ਵੱਟ ਕੇ ਬੈਠੇ ਰਹੇ। ਜਿਸ ਨਾਲ ਦੇਸ਼ ਦੀ ਨੌਜਵਾਨ ਪੀੜੀ ਦਾ ਮੋਹ ਆਪਣੀ ਬੋਲੀਆਂ ਤੋਂ ਭੰਗ ਹੋਇਆ ਅਤੇ ਕਈ ਹਾਲਤਾਂ 'ਚ ਉਹ ਆਪਣੀ ਬੋਲੀ ਕਾਰਨ ਹੀਣ ਭਾਵਨਾ ਦਾ ਸ਼ਿਕਾਰ ਵੀ ਹੋਏ।

ਸਿੱਖਿਆ ਦਾ ਮੂਲ ਮੰਤਵ ਮਾਨਸਿਕ ਵਿਕਾਸ, ਉਹ ਵੀ ਆਪਣੇ ਮਨ ਦੀ ਸਾਂਝ ਵਾਲੀ ਭਾਸ਼ਾ ਨਾਲ ਹੀ ਪੂਰਨ, ਸੰਤੁਲਿਤ ਅਤੇ ਸੁਖਾਵਾਂ ਹੋ ਸਕਦਾ ਹੈ, ਜਿਸ ਤੋਂ ਭਾਰਤੀ ਹਾਕਮਾਂ ਨੇ ਆਪਣੇ ਦੇਸ਼ ਵਾਸੀਆਂ ਨੂੰ ਵਿਰਵਾ ਰੱਖਿਆ ਅਤੇ ਉਹਨਾ ਸਾਹਵੇਂ ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਨੂੰ ਪ੍ਰੋਸਣ ਦਾ ਹੀ ਯਤਨ ਹੋਇਆ।

ਦੇਸ਼ ਦੇ ਨਾਗਰਿਕਾਂ ਲਈ ਦੇਸ਼ ਦਾ ਸੰਵਿਧਾਨ ਦੀ ਧਾਰਾ 14, ਮੁਢਲਾ ਅਧਿਕਾਰ ਹੈ। ਸੰਵਿਧਾਨ 'ਚ 86ਵੀਂ ਸੋਧ ਕਰਕੇ 21-ਏ ਧਾਰਾ ਜੋੜੀ ਗਈ, ਜਿਸ ਅਨੁਸਾਰ 6 ਤੋਂ 14 ਸਾਲ ਦੇ ਬੱਚਿਆਂ ਲਈ ਮੁਫ਼ਤ ਸਿੱਖਿਆ ਦਾ ਸਮਾਧਾਨ ਕੀਤਾ ਗਿਆ। ਸੁਪਰੀਮ ਕੋਰਟ ਅਨੁਸਾਰ "ਸਿੱਖਿਆ ਦਾ ਅਧਿਕਾਰ, ਸਾਡੀ ਜ਼ਿੰਦਗੀ ਦਾ ਅਧਿਕਾਰ ਹੈ"। ਤਦ ਵੀ ਦੇਸ਼ ਦੇ ਹਰ ਨਾਗਰਿਕ ਨੂੰ ਬਰਾਬਰ ਦੀ ਸਿੱਖਿਆ ਨਹੀਂ ਮਿਲ ਰਹੀ।

ਦੇਸ਼ ਵਿੱਚ 1968,1986, 1992 ਅਤੇ 2020 'ਚ ਸਿੱਖਿਆ ਨੀਤੀਆਂ ਘੜੀਆਂ ਗਈਆਂ। 2009 'ਚ ਮੁਢਲਾ ਮੁਫ਼ਤ ਸਿੱਖਿਆ ਐਕਟ ਬਣਾਇਆ ਗਿਆ। ਕਈ ਸਿੱਖਿਆ ਕਮਿਸ਼ਨ ਬਣੇ। ਉੱਚ ਸਿੱਖਿਆ ਸੰਸਥਾਵਾਂ ਦਾ ਗਠਨ ਹੋਇਆ। ਕੇਂਦਰ ਅਤੇ ਸੂਬਾ ਸਰਕਾਰਾਂ ਵਲੋਂ ਸਿੱਖਿਆ ਪ੍ਰਦਾਨ ਕਰਨ ਦੇ ਵੱਡੇ ਦਾਅਵੇ ਵੀ ਹੋਏ। ਬਹੁਤੀਆਂ ਹਾਲਤਾਂ 'ਚ ਇਹ ਦਾਅਵੇ ਖੋਖਲੇ ਹਨ। ਪ੍ਰਾਇਮਰੀ ਸਿੱਖਿਆ ਅਧਿਆਪਕਾਂ ਦੀ ਪੂਰੀ ਨਿਯੁਕਤੀ ਨਹੀਂ, ਵੱਡੀ ਗਿਣਤੀ 'ਚ ਵਿਦਿਆਰਥੀ ਘਰੇਲੂ ਮਜ਼ਬੂਰੀਆਂ ਕਾਰਨ ਸਕੂਲ ਛੱਡ ਜਾਂਦੇ ਹਨ, ਲੜਕਿਆਂ ਦੇ ਮੁਕਾਬਲੇ ਲੜਕੀਆਂ ਦਾ ਸਕੂਲਾਂ 'ਚ ਬਰਾਬਰ ਦਾ ਦਾਖ਼ਲਾ ਸਮਾਜਿਕ ਕਾਰਨਾਂ ਕਾਰਨ ਨਹੀਂ ਹੋ ਰਿਹਾ।

ਦੇਸ਼ ਵਿੱਚ ਕੁੱਲ ਸਕੂਲਾਂ ਦੀ ਗਿਣਤੀ 15,11,802 ਹੈ, ਜਿਸ ਵਿਚੋਂ 9,23,296 ਸਰਕਾਰੀ ਖੇਤਰ 5,88506 ਪ੍ਰਾਈਵੇਟ ਖੇਤਰ ਵਿੱਚ ਹਨ। 2011 ਦੀ ਮਰਦਮਸ਼ੁਮਾਰੀ ਅਨੁਸਾਰ ਸਾਖਰਤਾ ਦਰ 77.7 ਹੈ, ਜਿਸ ਵਿਚੋਂ ਮਰਦਾਂ ਦੀ ਸਾਖਰਤਾ ਦਰ 84.6 ਅਤੇ ਔਰਤਾਂ ਦੀ 70।3 ਫ਼ੀਸਦੀ ਹੈ। ਭਾਵ 30 ਫ਼ੀਸਦੀ ਔਰਤਾਂ ਲੜਕੀਆਂ ਕੋਰੀਆਂ ਅਨਪੜ੍ਹ ਹਨ। ਪ੍ਰਾਇਮਰੀ ਸਕੂਲਾਂ 'ਚ 95 ਫੀਸਦੀ ਬੱਚੇ ਦਾਖ਼ਲ ਹੁੰਦੇ ਹਨ, ਜਿਹੜੇ ਸੈਕੰਡਰੀ ਪੱਧਰ ਤੱਕ 69 ਫ਼ੀਸਦੀ ਰਹਿ ਜਾਂਦੇ ਹਨ ਅਤੇ ਪੋਸਟ ਸੈਕੰਡਰੀ ਤੱਕ ਪੁੱਜਦਿਆਂ ਇਹਨਾ ਦੀ ਦਰ 25 ਫ਼ੀਸਦੀ ਰਹਿ ਜਾਂਦੀ ਹੈ।

ਅਸਲ ਵਿੱਚ ਦੇਸ਼ ਦੀ ਪ੍ਰਾਇਮਰੀ, ਸੈਕੰਡਰੀ ਸਿੱਖਿਆ ਤੋਂ ਲੈਕੇ ਉੱਚ ਸਿੱਖਿਆ ਦਾ ਦੇਸ਼ ਵਿੱਚ ਬੁਰਾ ਹਾਲ ਹੈ। ਹਾਕਮ ਧਿਰ ਨੇ, ਭਾਵੇਂ ਉਹ ਕੇਂਦਰ ਵਿੱਚ ਰਾਜ ਕਰਦੀ ਹੈ ਜਾਂ ਸੂਬਿਆਂ ਵਿੱਚ, ਸਿੱਖਿਆ ਨੂੰ ਸਰਕਾਰੀ ਫ਼ਰਜ਼ਾਂ ਤੋਂ ਦੂਰ ਕਰਕੇ ਨਿੱਜੀ ਹੱਥਾਂ 'ਚ ਦੇ ਦਿੱਤਾ ਹੈ, ਜਿਹਨਾ ਵਲੋਂ ਸਿੱਖਿਆ ਦਾ ਵਪਾਰੀਕਰਨ ਕਰ ਦਿੱਤਾ ਹੈ। ਦੇਸ਼ ਵਿੱਚ ਪਬਲਿਕ, ਮਾਡਲ ਸਕੂਲਾਂ ਦੀ ਭਰਮਾਰ ਹੋ ਗਈ ਹੈ। ਪ੍ਰਾਈਵੇਟ, ਪ੍ਰੋਫੈਸ਼ਨਲ ਯੂਨੀਵਰਸਿਟੀਆਂ, ਕਾਲਜ ਖੋਲ੍ਹ ਕੇ ਸਰਕਾਰਾਂ ਨੇ ਸਿੱਖਿਆ ਦੇ ਨਿੱਜੀਕਰਨ ਨੂੰ ਪ੍ਰਵਾਨ ਕਰ ਲਿਆ ਹੈ, ਜੋ ਮਿਠਾਈਆਂ ਵਾਂਗਰ ਨਵੇਂ ਸਿਲੇਬਸ, ਕੋਰਸ ਬਣਾਕੇ ਡਿਗਰੀਆਂ ਵੇਚ ਰਹੇ ਹਨ। ਉਹਨਾ ਉਤੇ ਕੋਈ ਰੋਕ ਵੀ ਨਹੀਂ। ਇਹਨਾ ਸਕੂਲਾਂ, ਕਾਲਜਾਂ, ਯੂਨੀਵਰਸਿ-ਟੀਆਂ ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਸਧਾਰਨ ਮਜ਼ਦੂਰ, ਕਿਸਾਨ ਪਰਿਵਾਰਾਂ ਦੇ ਬੱਚੇ ਸਿੱਖਿਆ ਪ੍ਰਾਪਤ ਨਹੀਂ ਕਰ ਸਕਦੇ, ਕਿਉਂਕਿ ਉਹ ਸਾਧਨ ਵਿਹੂਣੇ ਹਨ। ਇੰਜ ਸਾਰਿਆਂ ਲਈ ਬਰਾਬਰ ਦੀ ਸਿੱਖਿਆ ਦਾ ਤਾਂ ਜਿਵੇਂ ਦਿਵਾਲਾ ਹੀ ਨਿਕਲ ਗਿਆ ਹੈ। ਵੈਸੇ ਵੀ 2020 ਦੀ ਨਵੀਂ ਸਰਕਾਰ ਦੀ ਸਿੱਖਿਆ ਨੀਤੀ ਨੇ ਸਿੱਖਿਆ ਦੇ ਨਿੱਜੀਕਰਨ, ਵਪਾਰੀਕਰਨ ਨੂੰ ਉਤਸ਼ਾਹਿਤ ਕਰਦਿਆਂ ਵਿਸ਼ਵ ਦੀਆਂ ਯੂਨੀਵਰਸਿਟੀਆਂ ਨੂੰ ਆਪਣੇ ਕੈਂਪਸ ਭਾਰਤ 'ਚ ਖੋਲ੍ਹਣ ਦੀ ਖੁਲ੍ਹ ਦੇ ਕੇ ਵਿਦਿਆਰਥੀਆਂ ਦੀ ਲੁੱਟ ਦਾ ਰਾਹ ਪੱਧਰਾ ਕਰ ਦਿੱਤਾ ਹੈ। ਜ਼ਰਾ ਕੁ ਕਿਆਸ ਕਰੋ ਕਿ ਇਹਨਾ ਵਿਸ਼ਵ ਪੱਧਰੀ ਯੂਨੀਵਰਸਿਟੀਆਂ 'ਚ ਕਿਹੜੇ ਵਿਦਿਆਰਥੀ ਦਾਖ਼ਲਾ ਲੈਣਗੇ?

ਪਿਛਲੇ ਬਜ਼ਟ ਵਿੱਚ ਸਿੱਖਿਆ ਲਈ ਬਹੁਤੀਆਂ ਸੂਬਾ ਸਰਕਾਰਾਂ ਆਪਣੀ ਆਮਦਨ ਦਾ 2.5 ਫ਼ੀਸਦੀ ਤੋਂ 3.1 ਫ਼ੀਸਦੀ ਤੱਕ ਰੱਖਦੀਆਂ ਹਨ। ਭਾਰਤ ਸਰਕਾਰ ਵਲੋਂ ਵੀ ਕੁੱਲ ਜੀਡੀਪੀ ਦਾ 2.9 ਫ਼ੀਸਦੀ ਅਨੁਮਾਨਤ ਖ਼ਰਚਾ ਸਿੱਖਿਆ ਲਈ ਮਿਥਿਆ ਗਿਆ ਹੈ। ਭਾਰਤ ਵਰਗੇ ਮੁਲਕ ਲਈ ਇਹ ਖ਼ਰਚ ਕਿਸੇ ਵੀ ਹਾਲਤ ਵਿੱਚ ਵਾਜਬ ਨਹੀਂ ਗਿਣਿਆ ਜਾ ਸਕਦਾ, ਕਿਉਂਕਿ 100 ਫੀਸਦੀ ਸਾਖਰਤਾ ਦਰ ਅਸੀਂ ਪ੍ਰਾਪਤ ਨਹੀਂ ਕਰ ਸਕੇ। ਸਕੂਲੋਂ ਭੱਜਣ ਵਾਲੇ ਵਿਦਿਆਰਥੀਆਂ ਨੂੰ ਮੁੜ ਸਕੂਲਾਂ 'ਚ ਲਿਆਉਣ ਦਾ ਚੈਲਿੰਜ ਵੀ ਸਾਡੇ ਸਾਹਮਣੇ ਹੈ। ਉੱਚ ਸਿੱਖਿਆ 'ਚ ਜਾਣ ਵਾਲੇ ਉਤਸ਼ਾਹੀ ਵਿਦਿਆਰਥੀਆਂ ਦੀ ਗਿਣਤੀ, ਉਹਨਾ ਦੇ ਪਰਿਵਾਰਾਂ ਦੀ ਮਾਇਕ ਸਾਧਨਾਂ ਦੀ ਘਾਟ ਕਾਰਨ ਘਟ ਰਹੀ ਹੈ। ਪਰ ਮੌਜੂਦਾ ਸਮੇਂ ਇਹ ਹਾਕਮਾਂ ਦੀ ਚਿੰਤਾ ਨਹੀਂ ਹੈ।

ਅੱਜ ਜਦੋਂ ਅਰਥ ਸ਼ਾਸ਼ਤਰ ਦੇ ਨੋਬਲ ਪੁਰਸਕਾਰ ਜੇਤੂ ਅਮਰਤਿਆ ਸੇਨ ਕਹਿੰਦੇ ਹਨ ਕਿ ਭਾਰਤ ਨੂੰ ਬੇਹਤਰ ਸਿੱਖਿਆ ਤੇ ਸਿਹਤ ਸੇਵਾ 'ਤੇ ਧਿਆਨ ਕਰਨ ਦੀ ਲੋੜ ਹੈ ਤਾਂ ਸਿਆਸੀ ਨੇਤਾ, ਹਾਕਮ ਇਸ ਸਬੰਧੀ ਚੁੱਪੀ ਵੱਟ ਕੇ ਬੈਠੇ ਹਨ।

ਜਾਪਦਾ ਹੈ ਸਿਆਸੀ ਧਿਰਾਂ ਇਸ ਸੂਖ਼ਮ ਪਰ ਅਹਿਮ ਮਨੁੱਖੀ ਲੋੜ, ਸਿੱਖਿਆ ਦੇ ਮੁੱਦੇ ਨੂੰ ਤਿਲਾਂਜਲੀ ਦੇ ਕੇ ਵੋਟਾਂ ਹਥਿਆਉਣ ਲਈ ਇਹੋ ਜਿਹਾ ਬਿਰਤਾਂਤ ਸਿਰਜ ਰਹੀਆਂ ਹਨ, ਜਿਹੜਾ ਉਹਨਾ ਨੂੰ "ਰਾਜੇ" ਬਨਣ ਲਈ ਰਾਸ ਆਉਂਦਾ ਹੈ। ਉਂਜ ਵੀ ਨੇਤਾ ਲੋਕ ਦੇਸ਼ ਦੀ ਜਨਤਾ ਨੂੰ ਪੜਿਆ-ਲਿਖਿਆ ਨਹੀਂ ਵੇਖਣਾ ਚਾਹੁਣਗੇ, ਕਿਉਂਕਿ ਪੜ੍ਹੇ ਲਿਖੇ ਲੋਕ ਸਵਾਲ ਕਰਨਗੇ ਤੇ ਆਪਣੇ ਹੱਕ ਮੰਗਣਗੇ, ਹਾਕਮਾਂ ਦੀ ਥਾਂ ਲੈਣ ਦੀ ਖਾਹਿਸ਼ ਪਾਲਣਗੇ। ਤਦ ਇਹ ਸਭ ਕੁਝ ਸਿਆਸੀ ਲੋਕਾਂ ਦੀ ਸੋਚ ਨੂੰ ਪ੍ਰੇਸ਼ਾਨ ਕਰੇਗਾ।

## ਪਿੰਡਾਂ ਵਿਚ ਗੁਰਮਤਿ ਕੈਂਪ ਲਗਾਏ ਜਾਣਗੇ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮਤਿ ਪ੍ਰਚਾਰ ਕੇਂਦਰ ਗੁਜਰਪੁਰ ( ਨਵਾਂਸ਼ਹਿਰ ) ਦੀ ਪ੍ਰਬੰਧਕ ਕਮੇਟੀ ਦੀ ਮਹੀਨਾਵਾਰੀ ਮੀਟਿੰਗ ਕੀਤੀ ਗਈ ਜਿਸ ਵਿੱਚ ਜਿਸ ਵਿੱਚ ਹਰ ਸਾਲ ਦੀ ਤਰ੍ਹਾਂ ਸਕੂਲਾਂ , ਕਾਲਜਾਂ ਅਤੇ ਪਿੰਡਾਂ ਵਿੱਚ



ਗੁਰਮਤਿ ਕੈਂਪ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ। ਜਿਸ ਵਿੱਚ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਜਾਵੇਗਾ ਸਮਾਜਿਕ ਨੈਤਿਕ ਕਦਰਾਂ ਕੀਮਤਾਂ, ਵਹਿਮਾ -ਭਰਮਾ, ਇਤਿਹਾਸ, ਗੁਰਬਾਣੀ ਅਤੇ ਹੋਰ ਨਰੋਏ ਸਮਾਜ ਦੀ ਸਿਰਜਣਾ ਲਈ ਜਾਗਰੂਕ ਕੀਤਾ ਜਾਵੇਗਾ ਅਤੇ ਫਰੀ ਲਟਰੇਚਰ ਵੀ ਵੰਡਿਆ ਜਾਵੇਗਾ । ਕੈਂਪ ਦੇ ਹਰ ਆਖ਼ਰੀ ਦਿੱਨ ਵਿਦਿਆਰਥੀਆਂ ਦਾ ਇੱਕ ਪੇਪਰ ਲਿਆ ਜਾਵੇਗਾ ਜਿਹੜੇ ਵਿਦਿਆਰਥੀ ਚੰਗੇ ਨੰਬਰ ਲੈਣਗੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਹ ਕੈਂਪ ਮਈ ਅਤੇ ਜੂਨ ਦੋ ਮਹੀਨੇ ਚੱਲਣਗੇ ।ਇੱਕ ਕੈਂਪ ਪੰਜ ਦਿੱਨ ਦਾ ਹੋਵੇਗਾ ।ਕੈਂਪਾਂ ਦੀ ਸੇਵਾ ਦਾ ਪ੍ਰਬੰਧ ਕਰਨ ਲਈ ਪ੍ਰਚਾਰਕ ਸਿਮਰਪ੍ਰੀਤ ਸਿੰਘ ਅਤੇ ਅਮਨਦੀਪ ਸਿੰਘ ਦੀ ਡਿਊਟੀ ਲਗਾਈ ਗਈ ਹੈ। ਇਸ ਮੀਟਿੰਗ ਵਿੱਚ ਭਾਈ ਜਰਨੈਲ ਸਿੰਘ ਨਵਾਂਸ਼ਹਿਰ, ਸ: ਗੁਰਮੀਤ ਸਿੰਘ ਤੇ ਹਰਮੀਤ ਸਿੰਘ ਗੁਜਰ ਪੁਰ ਅਤੇ ਸ: ਗੁਰਨੇਕ ਸਿੰਘ ਚੂਹੜ ਪੁਰ ਹਾਜ਼ਰ ਸਨ।

## ਜੇਮਸ ਕੈਂਬਰਿਜ ਸਕੂਲ ਵਿੱਚ ਸਪੈਸ਼ਲ ਬੱਚਿਆਂ ਦਾ ਉਮੰਗ ਸੀਜ਼ਨ-6 ਸ਼ੁਰੂ ਹੋਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਪੰਜਾਬ ਸਟੇਟ ਸਪੈਸ਼ਲ ਓਲੰਪਿਕ ਇੰਡੀਆ ਪੰਜਾਬ ਚੈਪਟਰ, ਜਿਲ੍ਹਾ ਸਪੈਸ਼ਲ ਓਲੰਪਿਕ ਐਸੋਸੀਏਸ਼ਨ ਹੁਸ਼ਿਆਰਪੁਰ ਅਤੇ ਜੇ।ਐਸ।ਐਸ ਆਸ਼ਾ ਕਿਰਨ ਸਪੈਸ਼ਲ ਸਕੂਲ ਅਤੇ ਅਧਿਆਪਕਾ ਦੇ ਸਹਿਯੋਗ ਨਾਲ ਜੇਮਸ ਕੈਂਬਰਿਜ ਇੰਟਰਨੈਸ਼ਨਲ ਸਕੂਲ, ਜਲੰਧਰ-ਫਗਵਾੜਾ ਬਾਈਪਾਸ ਰੋਡ, ਹੁਸ਼ਿਆਰਪੁਰ ਵਿਖੇ ਸਪੈਸ਼ਲ ਚਿਲਡਰਨ ਸੀਜ਼ਨ-6 ਲਈ ਉੱਤਰੀ ਜ਼ੋਨ ਸੱਭਿਆਚਾਰਕ ਮੁਕਾਬਲੇ ਉਮੰਗ ਦਾ ਉਦਘਾਟਨ ਕੀਤਾ ਗਿਆ। ਪ੍ਰੋਗਰਾਮ ਦਾ ਉਦਘਾਟਨ ਡੀਸੀ ਸ੍ਰੀਮਤੀ ਕੋਮਲ ਮਿੱਤਲ ਨੇ ਕੀਤਾ, ਇਸ ਸਮੇਂ ਵਿਸ਼ੇਸ਼ ਬੱਚਿਆਂ ਨੇ ਮੁੱਖ ਮਹਿਮਾਨ ਦਾ ਫੁੱਲਾਂ ਨਾਲ ਸਵਾਗਤ ਕੀਤਾ। ਇਸ ਸਮੇਂ ਜੇ।ਐਸ।ਐਸ ਆਸ਼ਾ ਕਿਰਨ ਪਿੰਗਲਵਾੜਾ ਸਪੈਸ਼ਲ ਸਕੂਲ ਦੇ ਬੱਚਿਆਂ ਵੱਲੋਂ ਰਾਸ਼ਟਰੀ ਗੀਤ ਪੇਸ਼ ਕੀਤਾ ਗਿਆ ਅਤੇ ਆਸ਼ਾ ਕਿਰਨ ਸਕੂਲ ਅਤੇ ਸਿਖਲਾਈ ਸੰਸਥਾ ਦੇ ਬੱਚਿਆਂ ਵੱਲੋਂ ਮਹਿਮਾਨ ਆਈਟਮਾਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਪਰਮਜੀਤ ਸਿੰਘ ਸਚਦੇਵਾ ਏਰੀਆ ਡਾਇਰੈਕਟਰ ਸਪੈਸ਼ਲ ਓਲੰਪਿਕ ਇੰਡੀਆ ਪੰਜਾਬ ਨੇ ਮੁੱਖ ਮਹਿਮਾਨ ਦਾ ਸਵਾਗਤ ਕਰਦਿਆਂ ਦੱਸਿਆ ਕਿ ਇਸ ਸੱਭਿਆਚਾਰਕ ਮੁਕਾਬਲੇ ਵਿੱਚ ਪੰਜਾਬ ਦੇ 16 ਜ਼ਿਲ੍ਹਿਆਂ ਸਮੇਤ 5 ਰਾਜਾਂ ਦੇ 235 ਵਿਸ਼ੇਸ਼ ਬੱਚੇ ਭਾਗ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਵਾਸਲ ਗਰੁੱਪ ਆਫ਼ ਐਜੂਕੇਸ਼ਨ ਦੇ ਸੰਜੀਵ ਵਸਲ ਨੇ ਜੇਮਸ ਕੈਂਬਰਿਜ ਸਕੂਲ ਵਿੱਚ 500 ਲੋਕਾਂ ਦੇ ਰਹਿਣ ਅਤੇ ਖਾਣੇ ਦਾ ਪ੍ਰਬੰਧ ਕੀਤਾ ਹੈ ਅਤੇ ਇਹ ਪ੍ਰੋਗਰਾਮ ਸਕੂਲ ਦੇ ਆਡੀਟੋਰੀਅਮ ਵਿੱਚ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਮੁਕਾਬਲੇ ਵਿੱਚ 8 ਈਵੈਂਟ ਰੱਖੇ ਗਏ ਹਨ, ਜਿਸ ਵਿੱਚ ਡਾਂਸ, ਸੋਲੋ ਡਾਂਸ ਫੀਮੇਲ, ਸੋਲੋ ਡਾਂਸ ਫੀਮੇਲ, ਕੋਰੀਓਗ੍ਰਾਫੀ, ਗਰੁੱਪ ਡਾਂਸ ਫੀਮੇਲ, ਪੁਰਸ਼ ਅਤੇ ਫੈਸ਼ਨ ਸ਼ੋਅ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਜੇਤੂਆਂ ਨੂੰ 2 ਲੱਖ ਰੁਪਏ ਦਾ ਨਕਦ ਇਨਾਮ ਦਿੱਤਾ ਜਾਵੇਗਾ। ਇਸ ਦੋ ਰੋਜ਼ਾ ਮੁਕਾਬਲੇ ਦੇ ਜੱਜ ਯਸ਼




ਕਸ਼ਯਪ ਮਿਊਜ਼ਿਕ ਡਾਇਰੈਕਟਰ, ਵਿਵੇਕ ਸਾਹਨੀ ਮਿਊਜ਼ਿਕ ਡਾਇਰੈਕਟਰ, ਡਾ: ਪ੍ਰਵੀਨ ਸ਼ਰਮਾ ਕਲਾਸਿਕਸ ਵਿੱਚ ਪੀ।ਐਚ।ਡੀ ਹਨ। ਉਹ 2016 ਤੋਂ ਉਮੰਗ ਨੂੰ ਮੁਫ਼ਤ ਸੇਵਾਵਾਂ ਦੇ ਰਹੇ ਹਨ। ਇਸ ਮੌਕੇ ਸਪੈਸ਼ਲ ਓਲੰਪਿਕ ਇੰਡੀਆ ਦੇ ਪ੍ਰਧਾਨ ਅਸ਼ੋਕ ਅਰੋੜਾ ਨੇ ਸਾਰੇ ਪ੍ਰਤੀਯੋਗੀਆਂ ਨੂੰ ਰਿਟਰਨ ਗਿਫਟ ਦਿੱਤੇ।

ਅਨਿਲ ਗੋਇਲ, ਮਨਦੀਪ ਬਰਾੜ ਸਪੋਰਟਸ ਡਾਇਰੈਕਟਰ, ਉਮਾ ਸ਼ੰਕਰ ਪ੍ਰੋਗਰਾਮ ਮੈਨੇਜਰ, ਸੁਰੇਸ਼ ਠਾਕੁਰ ਸਲਾਹਕਾਰ ਐਸ।ਓ।ਬੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ । ਇਸ ਮੌਕੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਵਿਸ਼ੇਸ਼ ਬੱਚਿਆਂ ਵਿੱਚ ਪ੍ਰਤਿਭਾ ਦੀ ਕੋਈ ਕਮੀ ਨਹੀਂ ਹੈ, ਉਨ੍ਹਾਂ ਕਿਹਾ ਕਿ ਅਧਿਆਪਕਾਂ ਵੱਲੋਂ ਬੱਚਿਆਂ ਦੀ ਪ੍ਰਤਿਭਾ ਨੂੰ ਨਿਖਾਰਿਆ ਜਾ ਰਿਹਾ ਹੈ। ਇਸ ਮੌਕੇ ਰੈੱਡ ਕਰਾਸ ਦੇ ਸਕੱਤਰ ਮੰਗੇਸ਼ ਸੂਦ ਨੇ ਵੀ ਵਿਸ਼ੇਸ਼ ਬੱਚਿਆਂ ਦੇ ਹੁਨਰ ਦੀ ਸ਼ਲਾਘਾ ਕੀਤੀ। ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸੀ।ਏ ਤਰਨਜੀਤ ਸਿੰਘ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਮੁੱਖ ਮਹਿਮਾਨ ਨੂੰ ਬੱਚਿਆਂ ਵੱਲੋਂ ਬਣਾਈ ਪੇਂਟਿੰਗ ਭੇਂਟ ਕੀਤੀ ਗਈ। ਇਸ ਮੌਕੇ ਸੰਜੀਵ ਜੈਨ ਨੇ 31 ਹਜ਼ਾਰ ਰੁਪਏ ਦੀ ਰਾਸ਼ੀ ਦਾਨ ਕੀਤੀ। ਪਵਿਤਰ ਸਿੰਘ ਜਿਸ ਨੇ ਆਪਣੇ ਪਿਤਾ ਦੀ ਯਾਦ ਵਿੱਚ 6 ਲੱਖ ਰੁਪਏ ਦੀ ਲਾਗਤ ਨਾਲ ਆਸਰਾ ਬਣਾਇਆ ਹੈ, ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਵਾਰ ਸੰਜੀਵ ਗੁਪਤਾ ਅਤੇ ਬੁੱਧ ਰਾਮ ਦੀ ਤਰਫੋਂ ਵੀ। ਐਂਡ ਕੰਪਨੀ ਨੇ 5100-5100 ਰੁਪਏ ਦੀ ਰਾਸ਼ੀ ਪੇਸ਼ ਕੀਤੀ। ਇਸ ਮੌਕੇ ਨੈਸ਼ਨਲ ਚੈਂਪੀਅਨਸ਼ਿਪ ਸਪੈਸ਼ਲ ਓਲੰਪਿਕ ਇੰਡੀਆ ਵੱਲੋਂ 16 ਕੋਚਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮੇਂ ਰੇਖਾ ਕਸ਼ਯਪ, ਡਾ: ਰਵੀਨਾ, ਸ੍ਰੀਮਤੀ ਪੂਨਮ ਸ਼ਰਮਾ ਨੇ ਸਟੇਜ ਸੰਚਾਲਕ ਦੀ ਭੂਮਿਕਾ ਨਿਭਾਈ। ਇਸ ਸਮੇਂ ਸਕੱਤਰ ਹਰਬੰਸ ਸਿੰਘ, ਰਣਵੀਰ ਸਚਦੇਵਾ, ਹਰੀਸ਼ ਠਾਕੁਰ, ਹਰੀਸ਼ ਚੰਦਰ ਐਰੀ, ਮਲਕੀਤ ਸਿੰਘ ਮਹਿਰੂ, ਹਰਮੇਸ਼ ਤਲਵਾੜ, ਸੰਜੀਵ ਗੁਪਤਾ, ਬਲਰਾਮ ਜਰਿਆਲ, ਰਾਮ ਕੁਮਾਰ, ਨੈਨਸੀ ਸਿੰਘ, ਅਮਨ ਜੋਤੀ, ਡਾ।ਜੇ।ਐਸ ਦਰਦੀ, ਲੋਕੇਸ਼ ਖੰਨਾ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ , ਪ੍ਰਿੰਸੀਪਲ ਸ਼ੈਲੀ ਸ਼ਰਮਾ, ਕੋਰਸ ਕੋਆਰਡੀਨੇਟਰ ਬਰਿੰਦਰ ਕੁਮਾਰ ਆਦਿ ਹਾਜ਼ਰ ਸਨ। ਇਸ ਮੁਕਾਬਲੇ ਦੌਰਾਨ ਲੈਕਮੇ ਅਕੈਡਮੀ ਦੇ ਸਟਾਫ਼ ਨੇ ਮੁਫ਼ਤ ਮੇਕਅੱਪ ਸੇਵਾਵਾਂ ਪ੍ਰਦਾਨ ਕੀਤੀਆਂ ਅਤੇ ਜੇ.ਐਸ.ਐਸ ਆਸ਼ਾ ਕਿਰਨ ਦੇ ਬੱਚਿਆਂ ਨੇ ਵਾਲੰਟੀਅਰਾਂ ਦੀ ਭੂਮਿਕਾ ਨਿਭਾਈ।

# "ਮਹਾਨ ਸਖਸੀਅਤ ਡਾ. ਬੀ. ਆਰ. ਅੰਬੇਦਕਰ ਸਹਿਬ ਨੂੰ ਜਨਮ ਦਿਵਸ ਤੇ ਕੋਟਿਨ-ਕੋਟ ਪ੍ਰਣਾਮ"


ਸੰਵਿਧਾਨ ਨਿਰਮਾਤਾ ਗਰੀਬਾ ਦੇ ਮਸ਼ੀਹਾ ਡਾ. ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਵਸ ਹਰ ਸਾਲ 14 ਅਪ੍ਰੈਲ ਨੂੰ ਬੜੀ ਧੂਮ-ਧਾਮ ਨਾਮ ਮਨਾਇਆ ਜਾਂਦਾ ਹੈ। ਇਸ ਸਾਲ ਵੀ ਇੱਕ ਸੌ ਤੇਤੀਵਾਂ ਜਨਮ ਦਿਹਾੜਾ ਬੜੀ ਸਾਨੋ-ਸੌਕਤ ਨਾਲ ਉਹਨਾ ਦੀ ਵਿਚਾਰਧਾਰਾ ਦਾ ਗੁਣਗਾਨ ਕਰਕੇ ਅਤੇ ਜਾਗੋ ਦੇ ਰੂਪ ਵਿੱਚ ਚੇਤਨਾਂ ਮਾਰਚ ਕੱਢੀਆ ਗਿਆ। ਜਿਸ ਵਿੱਚ ਬਾਬਾ ਸਾਹਿਬ ਨੂੰ ਪਿਆਰ ਕਰਨ ਵਾਲੇ ਅਤੇ ਉਹਨਾਂ ਦੇ ਆਦਰਸ਼ਾਂ ਉਪਰ ਚੱਲਣ ਵਾਲੇ ਗਿਆਵਾਨ ਅਤੇ ਪੜ੍ਹੇ ਲਿਖੇ ਨੌਜਵਾਨਾਂ ਦੁਆਰਾ ਉਹਨਾ ਦੁਆਰਾ ਬਣਾਏ ਗਏ ਰਸਤੇ ਉੱਪਰ ਚੱਲਣ ਅਤੇ ਉਹਨਾ ਦੁਆਰਾ ਵਿਖਾਏ ਰਾਹ ਨੂੰ ਆਉਣ ਵਾਲੀ ਪੀੜ੍ਹੀ

**ਜਗਮੀਤ ਸਿੰਘ ਬਰੜਵਾਲ**
**95923-83983**

ਤੱਕ ਪਹੁੰਚਾਉਣ ਲਈ ਵਿਸ਼ੇਸ ਪ੍ਰਕਾਰ ਅਤੇ ਉਹਨਾਂ ਦੀ ਵਿਚਾਰ-ਧਾਰਾ ਦਾ ਗੁਣ-ਗਾਣ ਕਰਕੇ ਗੀਤ ਦੇ ਰੂਪ ਵਿੱਚ ਹਰ ਵੱਡੇ-ਛੋਟੇ ਵਿਅਕਤੀ ਨੂੰ ਉਹਨਾ ਦੀ ਸੋਚ ਨੂੰ ਅਪਣਾਉਣ ਅਤੇ ਉਸ ਰਾਹ ਤੇ ਚੱਲਣ ਦੀ ਤਰਜੀਹ ਸਿਖਾਈ ਕਿ ਕਿਵੇਂ ਬਾਬਾ ਸਾਹਿਬ ਜੀ ਨੇ ਉੱਚ-ਨੀਚ, ਜਾਤ-ਪਾਤ ਵਰਗੀਆ ਭੈੜੀਆ ਛੂਆ-ਛਾਤ ਵਰਗੀਆ ਬਿਮਾਰੀਆਂ ਨੂੰ ਸਮਾਜ ਵਿੱਚੋ ਪੁੱਟਕੇ ਬਾਹਰ ਸੁੱਟ ਦਿੱਤਾ। ਜਿਸ ਦੇ ਨਾਲ ਹਰ ਵਰਗ ਨੂੰ ਇੱਕ ਸਮਾਨ ਰਹਿਣ, ਖਾਣ-ਪੀਣ ਅਤੇ ਅਪਣੀ ਭਾਈਚਾਰੇ ਦੀ ਸਾਂਝ ਨੂੰ ਸਥਾਪਤ ਕੀਤਾ।

ਜਨਮ ਤੇ ਪਰਿਵਾਰ- ਡਾ। ਭੀਮ ਰਾਓ ਅੰਬੇਦਕਰ ਜੀ ਦਾ ਜਨਮ 14 ਅਪ੍ਰੈਲ 1891 ਈ ਨੂੰ ਬੜੌਦਾ ਰਿਆਸਤ ਛਾਉਣੀ ਮਹੂ (ਮੱਧ ਪ੍ਰਦੇਸ) ਵਿੱਚ ਸੂਬੇਦਾਰ ਰਾਮ ਜੀ ਦਾਸ ਦੇ ਘਰ ਮਾਤਾ ਭੀਮਾ ਬਾਈ ਜੀ ਦੀ ਕੁੱਖੋ ਹੋਇਆ।ਬਾਬਾ ਸਾਹਿਬ ਜੀ ਅਜੇ ਤਿੰਨ ਸਾਲ ਦੇ ਸਨ ,ਜਦੋ ਉਹਨਾ ਦੇ ਪਿਤਾ ਫੌਜ ਦੀ ਨੌਕਰੀ ਵਿਚੋਂ ਰਿਟਾਇਰ ਹੋਕੇ ਕਸਬਾ ਸਤਾਰਾ ਵਿੱਚ ਰਹਿਣ ਲੱਗੇ ਇਥੇ ਹੀ ਮੁੱਢਲੀ ਵਿਦਿਆ ਪ੍ਰਾਪਤ ਕੀਤੀ ਛੋਟੀ ਉਮਰ ਵਿੱਚ ਹੀ ਬਾਬਾ ਸਾਹਿਬ ਜੀ ਦੇ ਮਾਤਾ ਦਾ ਦਿਹਾਂਤ ਹੋ ਗਿਆ ਉਸਤੋ ਬਾਅਦ ਡਾ। ਅੰਬਦੇਕਰ ਸਾਹਿਬ ਉਦਾਸ ਰਹਿਣ ਲੱਗੇ ਪੜਾਈ ਵਿੱਚ ਵੀ ਮਨ ਨਾ ਲੱਗਦਾ ਵੱਡੇ ਭਰਾ ਅਨੰਦ ਰਾਓ ਦੁਆਰਾ ਭੀਮ ਰਾਓ ਜੀ ਨੂੰ ਦੱਸਿਆ ਗਿਆ ਕਿ ਮਾਤਾ ਜੀ ਆਪ ਨੂੰ ਇਕ ਵੱਡਾ ਅਫਸਰ ਬਣਾਉਣਾ ਚਾਹੁੰਦੇ ਸਨ। ਉਸ ਦਿਨ ਤੋ ਬਾਬਾ ਸਾਹਿਬ ਪੂਰੀ ਮਿਹਨਤ ਅਤੇ ਲਗਨ ਨਾਲ ਪੜ੍ਹਨਾ ਸੁਰੂ ਕਰ ਦਿੱਤਾ। ਸਤਾਰਾਂ ਸਾਲ ਦੀ ਉਮਰ ਵਿੱਚ ਆਪ ਜੀ ਦਾ ਵਿਆਹ ਰਮਾ ਬਾਈ ਨਾਲ ਹੋਇਆ ਆਪ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ ਜਿਸਦਾ ਨਾਂ ਜਸਵੰਤ ਰਾਓ ਰੱਖਿਆ ਗਿਆ।

ਭੇਦ-ਭਾਵ ਦਾ ਸ਼ਿਕਾਰ- ਜਿਸ ਸਮੇਂ ਡਾ. ਅੰਬਦੇਕਰ ਸਾਹਿਬ 1907 ਈ। ਵਿੱਚ ਦਸਵੀ ਜਮਾਤ ਪਾਸ ਕੀਤੀ ਉਹਨਾ ਦਿਨਾ ਵਿਚ ਮਹਾਰਸ਼ਟਰ ਵਿੱਚ ਛੂਤ-ਛਾਤ ਦਾ ਬੜਾ ਬੋਲ-ਬਾਲਾ ਸੀ। ਸਕੂਲ ਵਿੱਚ ਗਰੀਬ ਅਤੇ ਦਲਿਤ ਵਰਗ ਨਾਲ ਸਬੰਧਿਤ ਵਿਦਿਆਰਥੀਆਂ ਨਾਲ ਨਫ਼ਰਤ ਕੀਤੀ ਜਾਂਦੀ ਸੀ ਉਹਨਾਂ ਨੂੰ ਉੱਚ ਸ੍ਰੈਣੀ ਦੇ ਵਿਦਿਆਰਥੀਆ ਨਾਲ ਬੈਠਣ ਦੀ ਆਗਿਆਂ ਨਹੀਂ ਸੀ। ਇਕ ਵਾਰ ਅਧਿਆਪਕ ਨੂੰ ਬਾਬਾ ਸਾਹਿਬ ਨੂੰ ਬਲੈਕ ਬੋਰਡ ਉੱਤੇ ਸਵਾਲ ਹੱਲ ਕਰਨ ਲਈ ਕਿਹਾ ਤਾਂ ਜਮਾਤ ਦੇ ਬਾਕੀ ਵਿਦਾਆਰਥੀਆਂ ਨੇ ਰੌਲਾ ਪਾ ਲਿਆ ਕਿ ਸਾਨੂੰ ਪਹਿਲਾ ਉੱਥੋ ਆਪਣੇ ਰੋਟੀ ਵਾਲੇ ਡੱਬੇ ਚੁੱਕ ਲੈਣ ਦਿਓ ਇਸ ਘਟਨਾ ਨੇ ਭੀਮ ਰਾਉ ਦੇ ਬਾਲ ਮਨ ਉਪਰ ਬੜਾ ਡੂੰਘਾਂ ਪ੍ਰਭਾਵ ਪਿਆਂ ਅਤੇ ਮਨ ਨੂੰ ਝੰਜੋੜ ਕੇ ਰੱਖ ਦਿੱਤਾ ਇਸ ਵਿਤਕਰੇ ਤੋ ਬਾਅਦ ਬਾਬਾ ਸਾਹਿਬ ਦੁਆਰਾ ਛੂਤ-ਛਾਤ ਪ੍ਰਤਿ ਵਿਦਰੋਹ ਦੀ ਭਾਵਨਾ ਆਪ ਨੇ ਮਨ ਵਿੱਚ ਹੋਰ ਵੀ ਪ੍ਰਬਲ ਹੋ ਗਈ। ਇਸਦੇ ਨਾਲ ਹੀ ਡਾ। ਸਾਹਿਬ ਨੂੰ ਇਸ ਗੱਲ ਦਾ ਪੂਰਨ ਗਿਆਨ ਹੋ ਗਿਆ ਕਿ ਇਸ ਪ੍ਰਕਾਰ ਦੇ ਵਿਤਕਰੇ ਨੂੰ ਵਿਦਿਆ ਦੇ ਚਾਨਣ ਨਾਲ ਹੀ ਦੂਰ ਕੀਤਾ ਜਾ ਸਕਦਾ ਹੈ। ਸਮਾਜ ਵਿਚ ਫੈਲੀ ਜਾਤ-ਪਾਤ ਛੂਤ-ਛਾਤ ਵਰਗੀਆ ਭੈੜੀਆਂ ਬਿਮਾਰੀਆਂ ਨੂੰ ਦੂਰ ਕਰਨ ਲਈ ਸਿਖਿਆ ਦਾ ਪ੍ਰਸਾਰ ਨੂੰ ਸਮਾਜ ਵਿੱਚ ਵਿਦਿਆ ਚਾਨਣ ਫੈਲਾਉਣ ਲਈ 'ਪੀਪਲਜ ਐਜੂਕੇਸ਼ਨਲ ਸੁਸਾਇਟੀ' ਬਣਾਈ ਜਿਸ ਦੁਆਰਾ ਗਰੀਬ ਬੱਚਿਆਂ ਨੂੰ ਪੜਾਉਣ ਅਤੇ ਉਹਨਾਂ ਵਿੱਚ ਜਾਗਰੂਕਤਾ ਫੈਲਾਉਣ ਲਈ ਆਪ ਦੁਆਰਾ 'ਮੂਕ ਨਾਇਕ'



ਅਤੇ ਬਹਿਸ਼ਕ੍ਰਤ ਭਾਰਤ ਨਾਂ ਦੇ ਹਫਤਾਵਾਰੀ ਅਖਬਾਰ ਛਪਾਏ ਗਏ। ਜਿਸ ਦੇ ਪ੍ਰਭਾਵ ਤਹਿਤ ਲੋਕਾਂ ਵਿੱਚ ਇੱਕ ਨਵੀ ਸੇਧ ਅਤੇ ਸਿੱਖਿਆ ਪ੍ਰਤਿ ਉਤਸ਼ਾਹ ਵੇਖਣ ਨੂੰ ਮਿਲਿਆ।

ਸੰਵਿਧਾਨ ਨਿਰਮਾਤਾ ਦੇ ਰੂਪ ਵਿੱਚ- ਡਾ. ਭੀਮ ਰਾਓ ਅੰਬੇਦਕਰ ਜੀ ਬਚਪਨ ਤੋ ਹੀ ਆਪਣੇ ਲੋਕਾ ਲਈ ਕੁਝ ਅਜਿਹਾ ਕਰਨਾ ਚਾਹੁੰਦੇ ਸਨ ਜਿਸ ਨਾਲ ਉਹਨਾਂ ਨੂੰ ਬਰਾਬਰ ਦੇ ਹੱਕ ਦਿੱਤੇ ਜਾਣ ਅਤੇ ਇੱਕ ਸਮਾਨ ਸਤਿਕਾਰ ਦਿਵਾਇਆ ਜਾਵੇ ਜਿਸ ਨਾਲ ਉਹ ਚੰਗੀ ਵਿੱਦਿਆਂ ਹਾਸਿਲ ਕਰਕੇ ਆਪਣੇ ਜੀਵਨ ਨੂੰ ਇੱਕ ਚੰਗੇ ਢੰਗ ਨਾਲ ਜੀਵਨ ਬਤੀਤ ਕਰ ਸਕਣ ।ਜਿਸ ਕਾਰਨ ਆਪ ਜੀ ਨੇ ਜਲਦੀ ਹੀ ਉੱਚ ਸਿੱਖਿਆ ਅਧਿਕਾਰ ਦਿਵਾਉਣ ਲਈ ਅਜਾਦੀ ਤੋ ਬਾਅਦ ਆਪ ਜੀ ਆਜਾਦ ਭਾਰਤ ਦਾ ਸੰਵਿਧਾਨ ਤਿਆਰ ਕਰਨ ਵਾਲੀ ਕਮੇਟੀ ਦੇ ਚੇਅਰਮੈਨ ਬਣੇ ਆਪ ਜੀ ਨੇ ਬੜੀ ਮਹਿਨਤ ਅਤੇ ਲਗਨ ਨਾਲ ਇਸ ਕੰਮ ਨੂੰ ਨਿਭਾਇਆ ਅਤੇ ਜਿਸਦੇ ਫਲਸਰੂਪ ਆਪ ਜੀ ਨੇ ਦੋ ਸਾਲ ਗਿਆਰ੍ਹਾ ਮਹੀਨੇ ਅਠ੍ਹਾਰਾਂ ਦਿਨ ਵਿੱਚ ਹੀ ਇਹ ਖਰੜਾ 29 ਨਵੰਬਰ 1949 ਈ। ਨੂੰ ਪਾਸ ਹੋ ਗਿਆ ਅਤੇ 26 ਜਨਵਰੀ 1950 ਈ. ਨੂੰ ਇਸ ਸੰਵਿਧਾਨ ਨੂੰ ਲਾਗੂ ਕਰ ਦਿੱਤਾ ਗਿਆ। ਬਾਬਾ ਸਾਹਿਬ ਜੀ ਦੀ ਨਿਗਰਾਨੀ ਹੇਠ ਤਿਆਰ ਕੀਤਾ ਗਿਆ ਸੰਵਿਧਾਨ ਜੋ ਕਿ ਭਾਰਤ ਦੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਅਤੇ ਉਹਨਾਂ ਨੂੰ ਇੱਕ ਸਮਾਨ ਅਧਿਕਾਰ ਅਤੇ ਉਹਨਾਂ ਦੇ ਹੱਕਾਂ ਦਾ ਸਮਰਥਨ ਕਰਦਾ ਹੈ ਜੋ ਕਿ ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾਂ ਵਿੱਚ ਲਿਖਿਆ ਗਿਆ ਹੈ ਕਿ "ਅਸੀ ਭਾਰਤ ਦੇ ਲੋਕ ਭਾਰਤ ਨੂੰ ਇੱਕ ਧਰਮ-ਨਿਰਪੇਖ ਲੋਕੰਤਰੀ ਗਣਰਾਜ ਐਲਾਨ ਕਰਦੇ ਹਾਂ।" ਡਾ। ਸਾਹਿਬ ਜੀ ਦੀ ਨਿਗਰਾਨੀ ਹੇਠ ਤਿਆਰ ਕੀਤਾ ਸੰਵਿਧਾਨ ਪੂਰਨ ਰੂਪ ਵਿੱਚ ਲੋਕ ਤੰਤਰਿਕ ਅਤੇ ਧਰਮ ਨਿਰਪੱਖ ਹੈ।

ਪੜ੍ਹੋ ਜੁੜੋ ਤੇ ਸੰਘਰਸ਼ ਕਰੋ- ਭਾਰਤ ਰਤਨ ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਦਕਰ ਜੀ ਨੇ ਨੇ ਸਿੱਖਿਆ ਨੂੰ ਸ਼ੇਰਨੀ ਦਾ ਦੁੱਧ ਕਿਹਾ 'ਜੋ ਜਿੰਨਾ ਪੀਵੇਗਾ ਉਹ ਉਨ੍ਹਾਂ ਦਹਾੜੇਗਾਂ' ਭਾਵ ਸਭ ਤੋਂ ਉਪਰ ਅਤੇ ਵਿਸ਼ੇਸ਼ ਸਿੱਖਿਆ ਨੂੰ ਪਹਿਲ ਦੇ ਰੂਪ ਵਿੱਚ ਅਪਣਾਉਣ ਲਈ ਕਿਹਾ ਜਿਸ ਨਾਲ ਸਮਾਜ ਵਿੱਚ ਫੈਲੀ ਉਚ-ਨੀਚ ਜਾਤੀ ਵਿਤਕਰਾ ਅਤੇ ਛੂਆ-ਛਾਤ ਵਰਗੀਆਂ ਭੈੜੀਆਂ ਬਿਮਾਰੀਆਂ ਨੂੰ ਜੜੋ ਪੁੱਟ ਕੇ ਬਾਹਰ ਸੁੱਟਿਆ ਜਾ ਸਕਦਾ ਹੈ ਸਿੱਖਿਆ ਹੀ ਇੱਕ ਅਜਿਹਾ ਹਥਿਆਰ ਹੈ ਜਿਸ ਦੁਆਰਾ ਸਭ ਨੂੰ ਇੱਕ ਬਰਾਬਰ ਸਮਾਨ ਅਧਿਕਾਰ ਅਤੇ ਉਹਨਾਂ ਦੇ ਹੱਕਾ ਦੀ ਰੱਖਿਆਂ ਕੀਤੀ ਜਾ ਸਕਦੀ ਹੈ ਅਤੇ ਨਾਲ ਹੀ ਕਿਹਾ ਕਿ ਸਿੱਖਿਆ ਇੱਕ ਅਜਿਹਾ ਧਨ ਹੈ ਜਿਸਨੂੰ ਕੋਵੀ ਵੀ ਚੋਰੀ ਜਾਂ ਖੋਂਹ ਨਹੀ ਸਕਦਾ। ਜੋ ਕਿ ਪੂਰੀ ਜਿੰਦਗੀ ਨੂੰ ਖੁਸ਼ਹਾਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਦੀ ਹੈ।ਬਾਬਾ ਸਾਹਿਬ ਜੀ ਨੇ ਕਿਹਾ ਸੰਵਿਧਾਨ ਚਾਹੇ ਕਿੰਨਾ ਵੀ ਚੰਗਾ ਹੋਵੇ, ਜੇ ਇਸ ਨੂੰ ਲਾਗੂ ਕਰਨ ਵਾਲੇ ਚੰਗੇ ਨਹੀ ਹਨ ਤਾਂ ਸੰਵਿਧਾਨ ਨਿਸ਼ਚਿਤ ਹੀ ਬੁਰਾ ਸਾਬਤ ਹੋਵੇਗਾ। ਸੰਵਿਧਾਨ ਕਿੰਨ੍ਹਾ ਵੀ ਬੁਰਾ ਕਿਉਂ ਨਾਂ ਹੋਵੇ, ਜੇ ਇਸਨੂੰ ਲਾਗੂ ਕਰਨ ਵਾਲੇ ਚੰਗੇ ਲੋਕ ਹਨ ਤਾਂ ਸੰਵਿਧਾਨ ਚੰਗਾ ਹੀ ਸਾਬਤ ਹੋਵੇਗਾ।

ਡਾ. ਅੰਬੇਦਕਰ ਜੀ ਦਲਿਤ, ਭਾਈਚਾਰੇ, ਅਤੇ ਸਮਾਜ ਵਿਚ ਛੂਆ-ਛਾਤ ਦਾ ਸ਼ਿਕਾਰ ਹੋਏ ਲੋਕਾ ਦੇ ਸੱਚੇ ਹਮਦਰਦ ਸਨ ਉਹਨਾ ਨੇ ਆਪਣਾ ਸੰਪੂਰਨ ਜੀਵਨ ਗਰੀਬ ਲੋਕਾ ਨੂੰ ਉੱਚਾ ਚੁੱਕਣ ਅਤੇ ਉਹਨਾਂ ਦੇ ਅਧਿਕਾਰ ਨੂੰ ਦਵਾਉਣ ਵਿੱਚ ਆਪਣਾ ਸਭ ਕੁਝ ਲੇਖੇ ਲਾ ਦਿੱਤਾ। ਉਹਨਾ ਦੇ ਜੀਵਨ ਵਿੱਚ ਇੱਕ ਰੋਸ਼ਨੀ ਦੀ ਕਿਰਨ ਬਣਕੇ ਆਏ ਜਿਸ ਕਾਰਨ ਉਹਨਾ ਨੂੰ ਗਰੀਬਾਂ ਦਾ ਮਸੀਹਾਂ ਕਿਹਾ ਗਿਆ। ਆਪ ਜੀ ਕਾਫੀ ਲੰਬੇ ਸਮੇਂ ਤੱਕ ਰਾਜ-ਸਭਾ ਦੇ ਮੈਂਬਰ ਰਹੇ ਆਪਣੇ ਜੀਵਨ ਵਿੱਚ ਆਪਜੀ ਨੇ ਬੁੱਧ ਧਰਮ ਦੀ ਵਿਚਾਰ ਧਾਰਾ ਨੂੰ ਅਪਣਾਇਆ ਸੌ ਅੱਜ ਲੋੜ ਹੈ ਸਾਨੂੰ ਸਮਝਣ ਦੀ ਉਹਨਾਂ ਦੁਆਰਾਂ ਵਿਖਾਏ ਗਏ ਰਾਹ ਉੱਪਰ ਚੱਲਣ ਦੀ ਜਿਸ ਦੁਆਰਾ ਅਸੀ ਆਪਣੇ ਸਮਾਜ ਨੂੰ ਹੋਰ ਅੱਗੇ ਲਿਜਾ ਸਕਦੇ ਹਾਂ ਅਤੇ ਸਮਾਜ ਵਿਚ ਇੱਕ ਵਿਲੱਖਣ ਸਥਾਨ ਪ੍ਰਾਪਤ ਕਰ ਸਕਦੇ ਹਾਂ ਕਿਉਕਿ ਬਾਬਾ ਸਾਹਿਬ ਜੀ ਨੇ ਸਾਨੂੰ ਉਹ ਸਭ ਹੱਕ ਦਿਵਾਏ ਜੋ ਕਦੇ ਅਸੀ ਸੁਪਨੇ ਵਿੱਚ ਵੀ ਨਹੀ ਸੀ ਸੋਚ ਸਕਦੇ ਉਸ ਸਮੇਂ ਮੰਦਰ ਵਿੱਚ ਅੰਦਰ ਆਉਣਾ ਸ਼ਖਤ ਮਨ੍ਹਾਂ ਸੀ ਸਭ ਲਈ ਮੰਦਰ ਦੇ ਦਰਵਾਜੇ ਖੋਲ ਦਿੱਤੇ। ਪਾਣੀ ਤੱਕ ਨਹੀ ਦਿੱਤਾ ਜਾਂਦਾ ਸੀ, ਪਾਣੀ ਦੇ ਤਲਾਬ ਬਣਾਵਾ ਦਿੱਤੇ, ਇਥੋ ਤੱਕ ਕਿ ਬਾਬਾ ਸਾਹਿਬ ਜੀ ਲਈ ਰਹਿਣ ਲਈ ਵੀ ਜਗ੍ਹਾ ਨਹੀ ਦਿੱਤੀ ਜਾਂਦੀ ਸੀ ਅੱਜ ਹਰ ਇੱਕ ਸਰਕਾਰੀ ਦਫਤਰ ਵਿੱਚ ਫੋਟੋ ਲਗਦੀ ਹੈ ਇਸ ਪ੍ਰਕਾਰ ਸਾਡੇ ਸਮਾਜ ਨੂੰ ਉਹਨਾਂ ਦੀ ਵਿਚਾਰਧਾਰਾ ਨੂੰ ਅਪਣਾਉਣ ਨੂੰ ਅਪਣਾਉਣਾ ਚਾਹੀਦਾ ਹੈ। ਅਤੇ ਵੱਧ ਚੜ੍ਹਕੇ ਰਾਜਨੀਤੀ ਵਿੱਚ ਆਪਣਾ ਯੋਗਦਾਨ ਨਹੀਂ ਪਾਵਾਂਗੇ ਤਾਂ ਸਾਡੇ ਉੱਪਰ ਅਯੋਗ ਘੱਟ ਪੜ੍ਹੇ ਲਿਖੇ ਵਿਅਕਤੀ ਸ਼ਾਸਨ ਕਰਨ ਲੱਗਣਗੇ ਅਤੇ ਅਸੀ ਉਸ ਮੰਜਿਲ ਤੱਕ ਨਹੀ ਪਹੁੰਚ ਸਕਾਂਗੇ ਜੋ ਬਾਬਾ ਸਾਹਿਬ ਜੀ ਨੇ ਸਾਨੂੰ ਸੇਧ ਦਿੱਤੀ ਸੀ। ਬਾਬਾ ਸਾਹਿਬ ਦੀਆਂ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਸੁਧਾਰ ਦੀਆਂ ਨੀਤੀਆਂ ਅੱਜ ਵੀ ਸਾਡੇ ਦੇਸ਼ ਅਤੇ ਸਮਾਜ ਲਈ ਮਹੱਤਵਪੂਰਨ ਹਨ। ਬਾਬਾ ਸਾਹਿਬ ਜੀ ਦਾ ਦਿਹਾਂਤ 6 ਦਸੰਬਰ 1956 ਨੂੰ ਦਿੱਲੀ ਵਿਖੇ ਹੋਇਆ। ਅਸੀ ਭਾਰਤ ਦੇ ਲੋਕ ਬਾਬਾ ਸਾਹਿਬ ਜੀ ਦੇ ਇਸ ਯੋਗਦਾਨ ਲਈ ਹਮੇਸਾਂ ਉਹਨਾਂ ਦੇ ਰਿਣੀ ਰਹਾਂਗੇ। "ਜੈ ਭੀਮ ਜੈ ਭਾਰਤ"

# ਕਵੀ ਲਾਲ ਸਿੰਘ ਦਿਲ ਜਨਮ ਦਿਹਾੜੇ 'ਤੇ ਸਮਾਗਮ ਨਾਬਰੀ ਅਤੇ ਸੰਗਰਾਮ ਦਾ ਪ੍ਰਤੀਕ ਹੈ

## ਧਰਤੀ ਦੇ ਦਿਲ 'ਚੋਂ ਉੱਗੀ 'ਦਿਲ' ਦੀ ਕਵਿਤਾ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)-** 11 ਅਪ੍ਰੈਲ 1943 ਨੂੰ ਮਾਂ ਚਿੰਤ ਕੌਰ, ਪਿਤਾ ਰੌਣਕੀ ਰਾਮ ਦੇ ਘਰ ਕੰਗ ਮੁਹੱਲਾ ਸਮਰਾਲਾ ਵਿਖੇ ਜਨਮੇ ਲਾਲ ਸਿੰਘ ਦਿਲ ਦੇ ਜਨਮ ਦਿਹਾੜੇ 'ਤੇ ਅੱਜ ਦੇਸ਼ ਭਗਤ ਯਾਦਗਾਰ ਹਾਲ 'ਚ ਲਾਲ ਸਿੰਘ ਦਿਲ ਦੀ ਸਵੈ-ਜੀਵਨੀ ਅਤੇ ਕਾਵਿ ਰਚਨਾ ਸੰਸਾਰ ਬਾਰੇ ਬਹੁਤ ਹੀ ਸੰਜ਼ੀਦਾ ਵਿਚਾਰਾਂ ਹੋਈਆਂ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਨੇ ਲਾਲ ਸਿੰਘ ਦਿਲ ਨੂੰ ਉਬਲਦੇ ਲੋਹੇ ਦੀ ਕੁਠਾਲੀ 'ਚੋਂ ਕੁੰਦਨ ਬਣਕੇ ਨਿਕਲਿਆ ਕਵੀ ਦੱਸਿਆ। ਉਹਨਾਂ ਕਿਹਾ ਕਿ 1971-72 ਦੇ ਦੌਰ 'ਚ ਅਸੀਂ ਭੱਠਿਆਂ 'ਤੇ ਜਾ ਕੇ ਲਾਲ ਸਿੰਘ ਦਿਲ ਅਤੇ ਗੁਰਦਾਸ ਰਾਮ ਆਲਮ ਦੀਆਂ ਨਜ਼ਮਾਂ ਸੁਣਾਇਆ ਕਰਦੇ ਤਾਂ ਮਜ਼ਦੂਰਾਂ ਦੇ ਚਿਹਰਿਆਂ ਉਪਰ ਚਿੰਤਨ ਅਤੇ ਵਿਦਰੋਹ ਦੀਆਂ ਤਰੰਗਾਂ ਸਾਫ਼ ਪੜ੍ਹੀਆਂ ਜਾਂਦੀਆਂ। ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨ-ਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਆਪਣੇ ਸੀਰੀ ਰਲ਼ੇ ਬਾਪ ਕੋਲ ਖੇਤ ਗਏ ਬਚਪਨ ਉਮਰ ਦੇ ਲਾਲ ਸਿੰਘ ਦਿਲ ਦੇ ਪਿੰਡੇ 'ਤੇ ਜਾਗੀਰੂ ਹੈਂਕੜ 'ਚ ਗ੍ਰਸੇ ਚੌਧਰੀ ਵੱਲੋਂ ਮਾਰੀਆਂ ਛਮਕਾਂ ਉਸਦੀ ਇਨਕਲਾਬੀ ਕਵਿਤਾ ਦੇ ਸਿਆੜ ਹੋ ਨਿਬੜੀਆਂ। ਅਮੋਲਕ ਸਿੰਘ ਨੇ ਕਿਹਾ ਕਿ ਇਨਕਲਾਬੀ ਕਵੀ ਲਾਲ ਸਿੰਘ ਦਿਲ, ਉਦਾਸੀ ਅਤੇ ਪਾਸ਼ ਲੋਕ ਸਰੋਕਾਰਾਂ ਅਤੇ ਲੋਕ ਮੁਕਤੀ ਦੇ ਕਾਜ਼ ਨੂੰ ਪ੍ਰਨਾਈ ਇੱਕ ਜ਼ਿੰਦ ਇੱਕ ਜਾਨ ਕਵਿਤਾ ਦਾ ਨਾਮ ਹੈ, ਸਾਨੂੰ ਅਜੋਕੇ ਸਮੇਂ ਅੰਦਰ ਇਸ ਤੋਂ ਰੌਸ਼ਨੀ ਲੈਂਦਿਆਂ ਚੌਤਰਫ਼ੀ ਹਨੇਰਗਰਦੀ ਦੇ ਹਨੇਰ ਨੂੰ ਲੰਗਾਰ ਕਰਨ ਦੀ ਲੋੜ ਹੈ। ਕਮੇਟੀ ਮੈਂਬਰ ਦੇਵ ਰਾਜ ਨਯੀਅਰ, ਸੁਰਿੰਦਰ ਕੁਮਾਰੀ ਕੋਛੜ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਧਰਤੀ ਦੇ ਦਿਲ 'ਤੇ ਲਿਖੀ ਦਿਲ ਦੀ ਕਵਿਤਾ ਸਦਾ ਨਾਬਰੀ, ਸੰਗਰਾਮ ਅਤੇ ਲੋਕ ਮੁਕਤੀ ਦੀ ਪ੍ਰਤੀਕ ਬਣਕੇ ਜਗਦੀ ਰਹੇਗੀ। ਪਰਮਜੀਤ ਕਲਸੀ ਨੇ ਕਿਹਾ ਕਿ ਲਾਲ ਸਿੰਘ ਦਿਲ ਦੀ ਕਵਿਤਾ ਤਰਕਸੰਗਤ, ਵਿਗਿਆਨਕ ਅਤੇ ਸਮਾਜ ਨੂੰ ਬਦਲ ਦਿਓ ਦਾ ਪੈਗ਼ਾਮ ਦਿੰਦੀ ਕਵਿਤਾ ਹੈ। ਇਸ ਸਮਾਗਮ 'ਚ ਲਾਲ ਸਿੰਘ ਦਿਲ ਦੀਆਂ ਵੰਨ-ਸੁਵੰਨੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ ਅਤੇ ਉਹਨਾਂ ਦੀ ਪ੍ਰਸੰਗਕਤਾ ਅਤੇ ਭਵਿੱਖ਼ ਵਿੱਚ ਸਾਰਥਕਤਾ ਉੱਪਰ ਵੀ ਚਰਚਾ ਹੋਈ।



# ਦਲਿਤ ਸਮਾਜ ਦੀ ਤਰੱਕੀ 'ਚ ਬਾਬਾ ਸਾਹਿਬ ਦਾ ਸਹਿਯੋਗ ਸ਼ਲਾਘਾਯੋਗ - ਇੰਜ. ਜਸਵੰਤ ਸਿੰਘ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਕਰਿਆਮ ਰੋਡ 'ਤੇ ਸਥਿਤ ਕੇਸੀ ਪੌਲੀਟੈਕਨਿਕ ਕਾਲਜ ਵਿਖੇ ਕੈਂਪਸ ਡਾਇਰੈਕਟਰ ਡਾ: ਰਸ਼ਮੀ ਗੁਜਰਾਤੀ ਦੀ ਦੇਖ-ਰੇਖ 'ਚ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ। ਬੀ.ਆਰ.ਅੰਬੇਡਕਰ ਸਾਹਿਬ ਜੀ ਦੇ 133ਵੇਂ ਜਨਮ ਦਿਵਸ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ। ਵਿਦਿਆਰਥੀਆਂ ਨੇ ਬਾਬਾ ਸਾਹਿਬ ਜੀ ਦੇ ਪੋਸਟਰ ਬਣਾਏ। ਮੁੱਖ ਵਕਤਾ ਕਾਲਜ ਦੇ ਸੀਨੀਅਰ ਪ੍ਰੋ. ਇੰਜ. ਜਸਵੰਤ ਸਿੰਘ, ਇੰਜ. ਸੋਮ ਰਾਜ, ਇੰਜ। ਮਨੀਸ਼ ਬੰਗਾ, ਵਿਦਿਆਰਥੀ ਅਭਿਸ਼ੇਕ ਸਿੰਘ, ਸਾਹਿਲ, ਕੁਲਭੂਸ਼ਣ, ਸੂਰਜ, ਪਰਮੇਸ਼ਵਰ ਰਹੇ। ਉਪਰੋਕਤ ਬੁਲਾਰਿਆਂ ਨੇ ਕਿਹਾ ਕਿ ਕਰੋੜਾਂ ਲੋਕਾਂ ਦੇ ਮਸੀਹਾ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਬੀ. ਆਰ. ਅੰ-ਬੇਡਕਰ ਨੇ ਦਲਿਤ ਸਮਾਜ ਨੂੰ ਉੱਚਾ ਚੁੱਕਣ 'ਚ ਵੱਡਮੁੱਲਾ ਯੋਗਦਾਨ ਪਾਇਆ ਹੈ। ਇਹ ਬਾਬਾ ਸਾਹਿਬ ਹੀ ਹਨ ਜਿਨ੍ਹਾਂ ਨੇ ਦਲਿਤ ਸਮਾਜ ਦਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਉਨ੍ਹਾਂ ਨੂੰ ਸਿੱਖਿਆ ਪ੍ਰਦਾਨ ਕਰਨ ਅਤੇ ਉਸ ਤੋਂ ਬਾਅਦ ਨੌਕਰੀਆਂ ਪ੍ਰਾਪਤ ਕਰਨ ਦਾ ਅਧਿਕਾਰ ਦੁਆਇਆ ਹੈ। ਬਾਬਾ ਸਾਹਿਬ ਨੇ ਹਰ ਵਰਗ ਦਾ ਸਨਮਾਨ ਕਰਨ, ਸਮਾਜ ਅਤੇ ਨਾਰੀ ਸ਼ਕਤੀ ਨੂੰ ਜਾਗਰੂਕ ਕਰਨ ਲਈ ਕਿਹਾ ਹੈ। ਉਨ੍ਹਾਂ ਪਿਛਲੇ ਕਈ ਸਾਲਾਂ ਤੋਂ ਸਿੱਖਿਆ ਤੋਂ ਵਾਂਝੇ ਦਲਿਤ ਭਾਈਚਾਰੇ ਨੂੰ ਸਿੱਖਿਆ ਦਾ ਅਧਿਕਾਰ ਦਿਵਾਉਂਦਿਆਂ ਕਿਹਾ ਕਿ ਦਲਿਤ ਭਾਈਚਾਰੇ ਨੂੰ ਰਾਜਨੀਤੀ ਦੇ ਨਾਲ-ਨਾਲ ਹਰ ਖੇਤਰ ਵਿੱਚ ਭਾਗ ਲੈਣਾ ਚਾਹੀਦਾ ਹੈ। ਬਾਬਾ ਸਾਹਿਬ 64 ਵਿਸ਼ਿਆਂ ਦੇ ਮਾਹਰ ਸਨ ਅਤੇ 9 ਭਾਸ਼ਾਵਾਂ ਦੇ ਜਾਣਕਾਰ ਸਨ। ਉਹਨਾਂ ਦੇ ਕੋਲ 32 ਡਿਗਰੀਆਂ ਸਨ। ਉਹਨਾਂ ਨੇ ਦੁਨੀਆਂ ਦੇ ਸਾਰੇ ਧਰਮਾਂ ਦਾ ਅਧਿਐਨ ਕੀਤਾ ਸੀ। ਉਨ੍ਹਾਂ ਕਿਹਾ ਸੀ ਕਿ ਜ਼ਿੰਦਗੀ ਲੰਬੀ ਹੋਣ ਦੀ ਬਜਾਏ ਮਹਾਨ ਹੋਣੀ ਚਾਹੀਦੀ ਹੈ। ਬਾਬਾ ਸਾਹਿਬ ਦੇ ਪੋਸਟਰ ਆਕਾਸ਼, ਸੁਮਿਤ, ਗੋਲਡੀ, ਸੂਰਜ ਅਤੇ ਅਭਿਸ਼ੇਕ ਸਿੰਘ ਨੇ ਬਣਾਏ ਸਨ। ਅੰਤ 'ਚ ਸਾਰਿਆਂ ਦਾ ਸਨਮਾਨ ਕੀਤਾ ਗਿਆ। ਸਟੇਜ ਦਾ ਸੰਚਾਲਨ ਰੌਣਕ ਕੁਮਾਰ ਅਤੇ ਅਭਿਸ਼ੇਕ ਸਿੰਘ ਨੇ ਕੀਤਾ। ਮੌਕੇ 'ਤੇ ਇੰਜ. ਅਲਕਾ ਭਾਰਦਵਾਜ, ਇੰਜ. ਦਵਿੰਦਰ ਸਿੰਘ, ਇੰਜ. ਸੰਤੋਸ਼ ਕੁਮਾਰ, ਜਤਿੰਦਰ ਕੌਰ, ਕਾਜਲ, ਗੋਪਾਲ ਕ੍ਰਿਸ਼ਨ, ਸੰਜੀਵ ਕੁਮਾਰ, ਜਗਜੀਵਨ ਰਾਮ, ਰਜਿੰਦਰ ਕੁਮਾਰ ਅਤੇ ਵਿਪਨ ਕੁਮਾਰ ਆਦਿ ਹਾਜ਼ਰ ਸਨ।




# ਦੇਸ਼ ਨੂੰ ਇਕਜੁੱਟ ਕਰਨ 'ਚ ਬਾਬਾ ਸਾਹਿਬ ਦੀ ਵਿਸ਼ੇਸ਼ ਭੂਮਿਕਾ - ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਜ਼ਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਵਲੋਂ ਬਹੁਤ ਹੀ ਸ਼ਰਧਾ ਨਾਲ ਭਾਰਤ ਰਤਨ ਡਾ। ਬੀ।ਆਰ। ਅੰਬੇਦਕਰ ਜੀ ਦਾ ਜਨਮ ਦਿਵਸ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮਨਾਇਆ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕੰਪਲੈਕਸ ਵਿਚ ਲੱਗੀ ਡਾ. ਅੰਬੇਦਕਰ ਜੀ ਦੀ ਤਸਵੀਰ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰਕੇ ਉਨ੍ਹਾਂ ਨੂੰ ਸ਼ਰਧਾਂਜ਼ਲੀ ਭੇਟ ਕੀਤੀ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਡਾ. ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਡਾ. ਭੀਮ ਰਾਓ ਅੰਬੇਦਕਰ ਜੀ ਭਾਰਤੀ ਸੰਵਿਧਾਨ ਦੇ ਨਿਰਮਾਤਾ ਸਨ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਇਕਜੁੱਟ ਕਰਨ ਦਾ ਜੋ ਕਾਰਜ ਬਾਬਾ ਸਾਹਿਬ ਨੇ ਕੀਤਾ ਹੈ, ਉਸ ਨੂੰ ਦੇਸ਼ ਕਦੇ ਵੀ ਭੁਲਾ ਨਹੀਂ ਸਕਦਾ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਜੀ ਨੇ ਸਾਰਿਆਂ ਨੂੰ ਬਰਾਬਰ ਅਧਿਕਾਰ ਦੇਣ ਲਈ ਇਕਜੁੱਟਤਾ ਕਾਇਮ ਕਰਨ ਵਿਚ ਮੁੱਖ ਭੂਮਿਕਾ ਨਿਭਾਈ ਅਤੇ ਉਸ ਸਮੇਂ ਦੌਰਾਨ ਸਮਾਜ ਵਿਚ ਫੈਲੀਆਂ ਸਮਾਜਿਕ ਬੁਰਾਈਆਂ ਨੂੰ ਦੂਰ ਕੀਤਾ। ਕੋਮਲ ਮਿੱਤਲ ਨੇ ਕਿਹਾ ਕਿ ਬਾਬਾ ਸਾਹਿਬ ਇਕ ਮਹਾਨ ਸ਼ਖਸੀਅਤ ਸਨ।

ਉਨ੍ਹਾਂ ਕਿਹਾ ਕਿ ਦੇਸ਼ ਅਤੇ ਸਮਾਜ ਲਈ ਦਿੱਤੇ ਉਨ੍ਹਾਂ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਸੰਵਿਧਾਨ ਨਿਰਮਾਤਾ ਡਾ। ਅੰਬੇਦਕਰ ਜੀ ਦੇ ਦਰਸਾਏ ਮਾਰਗ 'ਤੇ ਚੱਲ ਕੇ ਦੇਸ਼ ਅਤੇ ਸਮਾਜ ਦੀ ਸੇਵਾ ਲਈ ਅੱਗੇ ਆਉਣ।

# ਸੈਂਗਰ ਨਿਵਾਸੀ ਜਸਵੀਰ ਸਿੰਘ ਢੰਡਾ ਦੇ ਅਕਾਲ ਚਲਾਣੇ 'ਤੇ ਢੰਡਾ ਪਰਿਵਾਰ ਨੂੰ ਭਾਰੀ ਸਦਮਾ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਬੀਤੇ ਦਿਨੀ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਸੈਂਗਰ ਨਿਵਾਸੀ ਜਸਵੀਰ ਸਿੰਘ ਢੰਡਾ (ਸਪੁੱਤਰ ਸਵ। ਗੁਰਦੇਵ ਸਿੰਘ) ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਚਾਨਕ ਅਕਾਲ ਚਲਾਣਾ ਕਰ ਗਏ। ਇਸ ਸਮੇਂ ਉਨ੍ਹਾਂ ਦੀ ਉਮਰ ਲਗਭਗ 43 ਸਾਲ ਦੇ ਲਗਭਗ ਸੀ। ਜੋ ਪਿਛਲੇ ਲਗਭਗ 24 ਸਾਲਾਂ ਤੋਂ ਕੈਲੇਫੋਰਨੀਆਂ ਆਪਣੇ ਪਰਿਵਾਰ ਸਮੇਤ ਰਹਿ ਰਹੇ ਸਨ। ਉਹ ਇੱਕ ਚੰਗੇ ਕਾਰੋਬਾਰੀ ਅਤੇ ਮਿਲਣਸਾਰ ਇਨਸਾਨ ਸਨ। ਉਨ੍ਹਾਂ ਦਾ ਪੰਜਾਬ ਤੋਂ ਪਿਛਲਾ ਪਿੰਡ ਢੰਡਾ, ਜਿਲ੍ਹਾਂ ਜਲੰਧਰ ਸੀ।



ਉਨ੍ਹਾਂ ਦਾ ਅੰਤਮ ਸੰਸਕਾਰ ਅਤੇ ਸਰਧਾਜ਼ਲੀਆਂ ਦੀ ਰਸਮ "ਸਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ 16 ਅਪ੍ਰੈਲ, 2024, ਦਿਨ ਮੰਗਲਵਾਰ ਨੂੰ ਸਵੇਰੇ 11 ਵਜ਼ੇ ਤੋਂ 1 ਵਜ਼ੇ ਤੱਕ ਹੋਵੇਗੀ। ਜਿਸ ਦਾ ਪਤਾ: 4800 E. Clayton Avenue, Fowler CA 93625 ਹੈ। ਇਸ ਉਪਰੰਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ "ਗੁਰਦੁਆਰਾ ਗੁਰੂ ਕਲਗੀਧਰ ਸਾਹਿਬ, ਸੈਲਮਾਂ ਵਿਖੇ ਹੋਵੇਗੀ। ਜਿਸ ਦਾ ਪਤਾ: 10011 S Golden State Blvd, Selma, CA 93662

ਇਸ ਦੁੱਖ ਦੀ ਘੜੀ ਵਿੱਚ ਦੁੱਖ ਸਾਂਝਾ ਕਰਨ ਜਾਂ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਪਰਿਵਾਰ ਜਾਂ ਵੱਡੇ ਭਰਾ ਅਵਤਾਰ ਸਿੰਘ ਢੰਡਾ (ਬਿੱਲਾ ਡਿਨ੍ਹਬਾ) ਨਾਲ ਫੋਨ ਨੰਬਰ (559) 709-2225 'ਤੇ ਸੰਪਰਕ ਕਰ ਸਕਦੇ ਹੋ। ਪਰਮਾਤਮਾ ਅੱਗੇ ਅਰਦਾਸ ਹੈ ਕਿ ਸਵ। ਜਸਵੀਰ ਸਿੰਘ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਡਾ. ਅੰਬੇਡਕਰ ਜੀ ਦਾ ਜਨਮ ਦਿਹਾੜਾ ਪੁਆਰੀ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

**ਫਿਲੌਰ, ਲਸਾੜਾ, ਅੱਪਰਾ (ਜੱਸੀ)-** ਨਜ਼ਦੀਕੀ ਪਿੰਡ ਪੁਆਰੀ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਡਕਰ ਜੀ ਦਾ ਪ੍ਰਕਾਸ਼ ਦਿਹਾੜਾ ਸਥਾਨਕ ਡਾ. ਬੀ. ਆਰ ਅੰਬੇਡਕਰ ਪਾਰਕ ਵਿਖੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪੂਰਨ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਹਾਜ਼ਰ ਸਮੂਹ ਪਤਵੰਤੇ ਸੱਜਣਾਂ ਨੇ ਬਾਬਾ ਸਾਹਿਬ ਜੀ ਦੇ ਸਟੈਚੂ 'ਤੇ ਨਤਮਸਤਕ ਹੁੰਦੇ ਹੋਏ ਫੁੱਲ ਮਾਲਾਵਾਂ ਦੇ ਹਾਰ ਪਾਕੇ ਕੇ ਉਨਾਂ ਨੂੰ ਸਜਦਾ ਕੀਤਾ। ਇਸ ਮੌਕੇ ਬੋਲਦਿਆਂ ਸਮੂਹ ਪਤਵੰਤੇ ਸੱਜਣਾਂ ਨੇ ਕਿਹਾ ਕਿ ਅੱਜ ਬਾਬਾ ਸਾਹਿਬ ਜੀ ਦੀ ਬਦੌਲਤ ਹੀ ਸਾਨੂੰ ਦੂਸਰਿਆਂ ਵਰਗਾਂ ਦੇ ਬਰਾਬਰ ਅਧਿਕਾਰ ਮਿਲੇ ਹਨ। ਉਨਾਂ ਅੱਗੇ ਕਿਹਾ ਕਿ ਬਾਬਾ ਸਾਹਿਬ ਜੀ ਦੀ ਬਦੌਲਤ ਹੀ ਅੱਜ ਲੜਕੀਆਂ ਤੇ ਔਰਤਾਂ ਹਰ ਖੇਤਰ 'ਚ ਮਰਦਾਂ ਦੇ ਬਰਾਬਰ ਤਰੱਕੀ ਕਰ ਰਹੀਆਂ ਹਨ ਤੇ ਸਮਾਜ ਸੇਵਾ 'ਚ ਨਾਮਣਾ ਖੱਟ ਰਹੀਆਂ ਹਨ।



ਇਸ ਮੌਕੇ ਸਰਪੰਚ ਮੀਨੂੰ, ਵਿਜੈ ਪੁਆਰੀ ਪੰਚ, ਮਾਸਟਰ ਰਾਮ ਕ੍ਰਿਸ਼ਨ, ਮਾਸਟਰ ਸੁਰਿੰਦਰ ਪੁਆਰੀ, ਪ੍ਰਧਾਨ ਦੇਵ ਰਾਜ, ਮਾਸਟਰ ਬਲਵਿੰਦਰ, ਬੀ। ਪੀ। ਓ ਗੁਰਪਾਲ ਸਿੰਘ, ਕਮਲਜੀਤ ਕੌਰ ਪੰਚ, ਮਨਜੀਤ ਕੁਮਾਰੀ ਪੰਚ, ਮਦਨ ਲਾਲ, ਐਡਵੋਕੇਟ ਚਰਨਜੀਤ ਪੁਆਰੀ, ਭੁਪਿੰਦਰ ਸਿੰਘ ਗ੍ਰੰਥੀ, ਨਰਿੰਦਰ ਲੋਚਨ, ਅਮਰਜੀਤ, ਧਰਮਪਾਲ, ਮੈਡਮ ਸੀਮਾ ਰਾਣੀ, ਮੈਡਮ ਗੁਰਦਿਆਲ ਕੌਰ, ਮੈਡਮ ਗੁਰਬਖਸ਼ ਕੌਰ ਵੀ ਹਾਜ਼ਰ ਸਨ।

# ਪਹਿਲੀ ਮਈ ਰਾਤ ਭਰ ਦੇ ਨਾਟਕ ਮੇਲੇ ਦੀਆਂ ਤਿਆਰੀਆਂ ਜ਼ੋਰਾਂ 'ਤੇ

## ਉੱਘੇ ਫ਼ਿਲਮਸਾਜ਼ ਡਾਕਟਰ ਰਾਜੀਵ ਕੁਮਾਰ ਦਾ ਸਨਮਾਨ ਕੀਤਾ ਜਾਵੇਗਾ

**ਲੁਧਿਆਣਾ, (ਦਲਜੀਤ ਕੌਰ)** ਮਜ਼ਦੂਰਾਂ ਦੇ ਕੌਮਾਂਤਰੀ ਮੁਕਤੀ ਦਿਵਸ 1 ਮਈ ਦੀ ਪੂਰੀ ਰਾਤ ਸ਼ਾਮ 7 ਵਜੇ ਤੋਂ ਅਗਲੀ ਸਵੇਰ ਤਕ ਪੰਜਾਬੀ ਭਵਨ ਲੁਧਿਆਣਾ ਵਿਖੇ ਪੰਜਾਬ ਲੋਕ ਸੱਭਿਆਚਾਰ ਮੰਚ ਵਲੋ ਮਨਾਈ ਜਾਂਦੀ ਕਲਾ ਤੇ ਕਿਰਤ ਦੇ ਇਨਕਲਾਬੀ ਜਸ਼ਨ ਦੀ ਰਾਤ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਨਾਟਕਾਂ, ਗੀਤਾਂ, ਕੋਰੀਓਗਰਾਫੀਆਂ, ਕਵਿਤਾਵਾਂ, ਪੁਸਤਕ ਪ੍ਰਦਰਸ਼ਨੀਆਂ ਨਾਲ ਸਰੋਤਿਆਂ ਨੂੰ ਹਨੇਰਿਆਂ ਖ਼ਿਲਾਫ਼ ਡੱਟਣ ਦਾ ਸੱਦਾ ਦਿੰਦੀ ਮਈ ਦੀ ਰਾਤ ਚੇਤਿਆਂ 'ਚ ਪੱਕੇ ਤੋਰ ਤੇ ਵਸੀ ਯਾਦਗਾਰੀ ਰਾਤ ਹੈ।



ਲੁਧਿਆਣਾ ਵਿਖੇ ਪਲਸ ਮੰਚ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਚੱਖ ਵੱਖ ਜਥੇਬੰਦੀਆਂ ਦੇ ਨੁਮ-ਾਇੰਦੇ ਸਾਮਲ ਹੋਏ। ਜਥੇਬੰਦੀਆਂ ਨੇ ਸਮਾਗਮ ਦੀ ਸਫਲਤਾ ਲਈ ਪੂਰਨ ਸਹਿਯੋਗ ਦਾ ਭਰੋਸਾ ਦਿਵਾਇਆ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਸਹਾਇਕ ਸਕਤਰ ਹਰਕੇਸ਼ ਚੋਧਰੀ ਨੇ ਦੱਸਿਆ ਕਿ ਨਾਟਕ ਤੇ ਗੀਤ-ਸੰਗੀਤ ਮੇਲੇ 'ਚ ਨਾਟਕ ਤੇ ਗੀਤ ਸੰਗੀਤ ਟੀਮਾਂ ਫਾਸ਼ੀਵਾਦ, ਸਾਮਰਾਜੀ ਜੰਗਾਂ, ਔਰਤ ਵਰਗ ਦੀ ਹੋਣੀ, ਜਮਹੂਰੀਅਤ ਦਾ ਘਾਣ, ਨੋਜਵਾਨੀ ਦਾ ਦੇਸ਼ਬਦਰ ਹੋਣਾ ਆਦਿ ਵਿਸ਼ਿਆਂ ਤੇ ਪੇਸ਼ਕਾਰੀਆਂ ਹੋਣ-ਗੀਆਂ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਚ ਲੋਕ ਕਲਾ ਵਿਸੇਸ਼ਕਰ ਫਿਲਮਾਂ ਨੂੰ , ਸਮਾਜ ਦੇ ਹਾਸ਼ੀਆਗ੍ਰਸਤ ਤੇ ਵੰਚਿਤ ਲੋਕਾਂ ਦੇ ਦਰਾਂ ਤੇ ਲੈ ਕੇ ਜਾਣ ਵਾਲੇ ਨਾਬਰ ਤੇ ਚੰਮ ਵਰਗੀਆਂ ਚਰਚਿਤ ਫਿਲਮਾਂ ਦੇ ਨਾਮਵਰ ਫ਼ਿਲਮਸਾਜ਼ ਡਾ ਰਾਜੀਵ ਕੁਮਾਰ ਨੂੰ ਉਨਾਂ ਦੀ ਸ਼ਾਨਦਾਰ ਦੇਣ ਲਈ ਸਨਮਾਨਿਤ ਕੀਤਾ ਜਾ ਰਿਹਾ ਹੈ।

ਇਸ ਸਮਾਗਮ ਚ ਨਾਮਵਰ ਨਿਰਦੇਸ਼ਕ ਰਾਜਵਿੰਦਰ ਸਮਰਾਲਾ, ਸੁਰਿੰਦਰ ਸ਼ਰਮਾ, ਜਸਵਿੰਦਰ ਪੱਪੀ, ਡਾ। ਸੋਮਪਾਲ ਹੀਰਾ ਸਤ ਪਾਲ ਬੰਗਾ ਅਪਨੀਆਂ ਸ਼ਾਨਦਾਰ ਨਾਟ ਰਚਨਾਵਾਂ ਦੀ ਪੇਸ਼ਕਾਰੀ ਕਰਨਗੇ। ਰਾਮ ਕੁਮਾਰ ਭਦੌੜ, ਜਗਸੀਰ ਜੀਦਾ, ਧਰਮਿੰਦਰ ਮਸਾਣੀ ਗੀਤ ਸੰਗੀਤ ਰਾਹੀਂ ਲੋਕ ਚੇਤਨਾ ਦਾ ਛੱਟਾ ਦੇਣਗੇ। ਮਰਹੂਮ ਕਲਾਕਾਰਾਂ ਨਾਟਕਕਾਰ ਮਾਸਟਰ ਤਰਲੋਚਨ, ਚਿੰਤਕ ਬਾਰੂ ਸਤਵਰਗ, ਕਹਾਣੀਕਾਰ ਸੁਖਜੀਤ, ਕਵੀਸ਼ਰ ਅਮਰਜੀਤ ਪਰਦੇਸੀ, ਰੰਗਕਰਮੀ ਵਿਕਰਮ ਦੀ ਲੋਕ ਸਾਹਿਤ ਸੱਭਿਆਚਾਰ ਲਈ ਅਮੁੱਲੀ ਦੇਣ ਨੂੰ ਸਿਜਦਾ ਕੀਤਾ ਜਾਵੇਗਾ। ਉੱਘੀ ਚਿੰਤਕ ਡਾ। ਨਵਸ਼ਰਨ ਅਤੇ ਮੰਚ ਪ੍ਰਧਾਨ ਅਮੋਲਕ ਸਿੰਘ ਮੋਜੂਦਾ ਚੁਣੌਤੀਆਂ ਦੀ ਚਰਚਾ ਕਰਨਗੇ। ਉਨਾਂ ਸਮੂਹ ਅਗਾਂਹਵਧੂ ਲੋਕਾਂ ਨੂੰ ਇਸ ਰਾਤ ਭਰ ਦੇ ਸਮਾਗਮ 'ਚ ਪੁੱਜਣ ਦੀ ਜ਼ੋਰਦਾਰ ਅਪੀਲ ਕੀਤੀ ਹੈ।

SUNSHINE AUTO CARE INC.
WE REPAIR ALL MAKES & MODELS. AUTO, DIESEL TRUCK & TRAILERS
✓ DPF Filter Cleaning
✓ Clutch
✓ Transmission
✓ New/Used Tires
✓ Oil Changes
✓ Wheel Balancing
✓ Truck & Trailer Repair
✓ All Major & Minor Repairs
✓ We Do Aluminum Welding
✓ Computer Check
✓ Differential
✓ Inspections
✓ Van/Reefer Work
WE PROVIDE SHUTLE SERVICE FOR ALL CUSTOMERS
hablamos español
We Speak English, Spanish & Punjabi
We Provide Towing & 24/7 Mobile Road Services For All Autos, Trucks & Trailers
Open Monday to Saturday
Com-Check
T-Check
EFS Check
ACCEPTED HERE
VISA MasterCard AMERICAN EXPRESS DISCOVER NETWORK





209-239-1551
1003 MOFFAT BLVD., MANTECA, CA 95336
3575 S ELDORADO ST., STOCTON, CA 95206

# ਬੇਲੋੜੀ ਇਸ਼ਤਿਹਾਰਬਾਜੀ ਵੀ ਚੋਣ ਮੁੱਦਾ ਬਣੇ



ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060

ਅਗਾਂਹਵਧੂ ਦੇਸ਼ਾਂ ਵਿੱਚ ਮੁੱਢਲੀਆਂ ਸੇਵਾਵਾਂ ਜਿਵੇਂ ਸਿਹਤ ਸਿੱਖਿਆ, ਸਮਾਜਿਕ ਸੁਰੱਖਿਆ ਆਦਿ ਦੇਣਾ ਸਰਕਾਰਾਂ ਦੀ ਮੁੱਢਲੀ ਜ਼ੁੰਮੇਵਾਰੀ ਹੈ। ਫਜ਼ੂਲ ਖ਼ਰਚੀ ਨੂੰ ਰੋਕਣ ਲਈ ਕਈ ਤਰ੍ਹਾਂ ਦੀਆਂ ਪਾਬੰਦੀਆਂ ਹਨ ਪਰ ਭਾਰਤ ਵਿੱਚ ਕੇਂਦਰੀ ਤੇ ਸੂਬਾਈ ਸਰਕਾਰਾਂ ਬੇਲੋੜੀ ਇਸ਼ਤਿਹਾਰਬਾਜ਼ੀ ਵਿੱਚ ਅਰਬਾਂ ਖਰਬਾਂ ਰੁਪਏ ਹਰ ਸਾਲ ਖਰਚ ਕਰ ਰਹੀਆਂ ਹਨ। ਅਜਿਹੀ ਬੇਲੋੜੀ ਇਸ਼ਤਿਹਾਰਬਾਜ਼ੀ ਤੁਸੀਂ ਅਮਰੀਕਾ, ਕੈਨੇਡਾ ਤੇ ਹੋਰ ਅਗਾਂਹਵਧੂ ਦੇਸ਼ਾਂ ਵਿੱਚ ਨਹੀਂ ਵੇਖੋਗੇ। 14 ਦਸੰਬਰ 2022 ਨੂੰ ਲੋਕ ਸਭਾ ਵਿੱਚ ਸੂਚਨਾ ਤੇ ਪ੍ਰਸਾਰਨ ਮੰਤਰੀ ਸ੍ਰੀ ਅਨੁਰਾਗ ਠਾਕੁਰ ਨੇ ਦੱਸਿਆ ਕਿ ਭਾਰਤੀ ਜਨਤਾ ਪਾਰਟੀ ਨੇ ਪਿਛਲੇ 8 ਸਾਲਾਂ ਵਿੱਚ ਇਲੈਕਟ੍ਰਾਨਿਕ ਮੀਡੀਆ ਭਾਵ ਟੀ.ਵੀ. ਚੈਨਲਾਂ 'ਤੇ ਇਸ਼ਤਿਹਾਰਬਾਜ਼ੀ 'ਤੇ 3260 ਕਰੋੜ 79 ਲੱਖ ਰੁਪਏ ਤੇ ਪ੍ਰਿੰਟ ਮੀਡਿਆ ਭਾਵ ਅਖ਼ਬਾਰਾਂ ਵਿੱਚ ਇਸ਼ਤਿਹਾਰਬਾਜ਼ੀ ਵਿੱਚ 3230 ਕਰੋੜ 77 ਲੱਖ ਰੁਪਏ ਖਰਚ ਕੀਤੇ। ਇਸ ਤਰ੍ਹਾਂ ਕੁਲ ਖਰਚ ਦੀ ਰਕਮ 6491 ਕਰੋੜ 56 ਲੱਖ ਰੁਪਏ ਬਣਦੀ ਹੈ।

ਮੰਤਰੀ ਨੇ ਇਹ ਜਾਣਕਾਰੀ ਸੀ ਪੀ ਆਈ ਐਮ ਪੀ ਮੁਨੀਆਨ ਸੇਲਵਾਰਾਜ ਵਲੋਂ ਮੰਗੀ ਜਾਣਕਾਰੀ ਦੇ ਜੁਆਬ ਵਿਚ ਦਿਤੀ। ਉਨ੍ਹਾਂ ਇਹ ਵੀ ਜਾਣਕਾਰੀ ਮੰਗੀ ਸੀ ਕਿ ਕੀ ਵਿਦੇਸ਼ੀ ਮੀਡੀਆ ਨੂੰ ਇਸ਼ਤਿਹਾਰ ਦਿੱਤੇ ਗਏ? ਇਸ ਤੋਂ ਪਹਿਲਾਂ 27 ਜੂਨ 2019 ਨੂੰ ਸੂਚਨਾ ਅਧਿਕਾਰ ਅਧੀਨ ਜਾਣਕਾਰੀ ਦਿੱਤੀ ਸੀ ਗਈ ਕਿ ਪਹਿਲੇ ਪੰਜ ਸਾਲਾਂ ਦੇ ਕਾਰਜਕਾਲ ਵਿੱਚ ਮੋਦੀ ਸਰਕਾਰ ਨੇ 5900 ਕਰੋੜ 39 ਲੱਖ 51 ਹਜ਼ਾਰ ਰੁਪਏ ਖ਼ਰਚ ਕੀਤੇ ਗਏ। ਜਿਥੋਂ ਤੀਕ ਭਗਵੰਤ ਮਾਨ ਸਰਕਾਰ ਦਾ ਸੰਬੰਧ ਹੈ 6 ਜੁਲਾਈ 2022 ਦੀ ਇੱਕ ਅਖਬਾਰ ਨੇ ਸੂਚਨਾ ਅਧਿਕਾਰ ਅਧੀਨ ਜਾਣਕਾਰੀ ਦਿੱਤੀ ਕਿ 1 ਮਾਰਚ 2022 ਤੋਂ 10 ਮਈ 2022 ਨਿਊਜ ਚੈਨਲਾਂ ਤੇ ਅਖਬਾਰਾਂ ਨੂੰ 37 ਕਰੋੜ 36 ਲੱਖ 19 ਹਜ਼ਾਰ 938 ਰੁਪਏ ਦੇ ਇਸ਼ਤਿਹਾਰ ਦਿੱਤੇ। ਵਿਰੋਧੀ ਧਿਰ ਦੇ ਨੇਤਾ ਸ. ਪ੍ਰਤਾਪ ਸਿੰਘ ਬਾਜਵਾ ਨੇ 22 ਨਵੰਬਰ 2023 ਨੂੰ ਇਕ ਬਿਆਨ ਵਿਚ ਕਿਹਾ ਕਿ ਮਾਨ ਸਰਕਾਰ ਨੇ ਫ਼ਰਜੀ ਇਸ਼ਤਿਹਾਰਾਂ ਲਈ 750 ਕ੍ਰੋੜ ਰੁਪਏ ਰਖੇ ਹਨ ਜਦ ਕਿ ਕਿਸਾਨਾਂ ਨੂੰ ਪਰਾਲੀ ਸਾਂਭਣ ਲਈ ਕੋਈ ਰਕਮ ਜਾਰੀ ਨਹੀਂ ਕੀਤੀ। ਉਨ੍ਹਾਂ ਮੰਗ ਕੀਤੀ ਕਿ ਬੇਲੋੜੀ ਇਸ਼ਤਿਹਾਰੀ ਦਾ ਕੈਗ਼ ਕੋਲੋਂ ਆਡਿਟ ਕਰਵਾਇਆ ਜਾਵੇ। ਉਨ੍ਹਾਂ ਅਨੁਸਾਰ ਸੂਬੇ ਦੀਆਂ ਸਾਰੀਆਂ ਅਖ਼ਬਾਰਾਂ ਨੂੰ ਇਸ਼ਤਿਹਾਰ ਦੇਣ ਦੀ ਥਾਂ 'ਤੇ ਸਰਕਾਰ ਦੂਜੇ ਸੂਬਿਆਂ ਦੀ ਅਖ਼ਬਾਰਾਂ ਨੂੰ ਇਸ਼ਤਿਹਾਰ ਦੇ ਰਹੀ ਹੈ। ਸਰਕਾਰ ਨੇ ਬਾਹਰਲੇ ਸੂਬਿਆਂ ਨੂੰ ਜਿਹੜੇ ਇਸ਼ਤਿਹਾਰ ਦਿੱਤੇ ਉਸ ਦੀ ਰਕਮ 13 ਕਰੋੜ 34 ਲੱਖ 18 ਹਜ਼ਾਰ 911 ਬਣਦੀ ਹੈ। ਮੁੱਖ ਮੰਤਰੀ ਬਣਨ ਦੇ ਬਾਅਦ ਐਂਟੀ ਕੁਰੱਪਸ਼ਨ ਹੈਪਲ ਲਾਈਨ ਦਾ ਐਲਾਨ ਉਨ੍ਹਾਂ ਨੇ ਸ਼ਹੀਦੀ ਦਿਵਸ 'ਤੇ ਕੀਤਾ ਸੀ। ਉਸ 'ਤੇ ਇੱਕ ਅਪ੍ਰੈਲ 2022 ਤੋਂ 15 ਅਪ੍ਰੈਲ 2022 ਤੀਕ ਇਸ 'ਤੇ ਸਰਕਾਰ ਨੇ 14.5 ਕਰੋੜ ਟੀ ਵੀ ਚੈਨਲਾਂ ਨੂੰ ਦਿੱਤੇ। ਮਜ਼ੇਦਾਰ ਗੱਲ ਹੈ ਕਿ ਪੰਜਾਬ ਸਰਕਾਰ ਨੇ ਬਜਟ ਨੂੰ ਕਾਗਜ ਰਹਿਤ (ਪੇਪਰ ਲੈਸ) ਕਰਕੇ 21 ਲੱਖ ਰੁਪਏ ਬਚਾਏ ਪਰ ਇਸ ਦੇ ਪ੍ਰਚਾਰ ਲਈ 42 ਲੱਖ 70 ਹਜ਼ਾਰ ਰੁਪਏ ਇਸ਼ਤਿਹਾਰ ਉਪਰ ਖਰਚ ਕਰ ਦਿੱਤੇ। ਇਹ ਆਪ ਸਰਕਾਰ ਜੋ ਕਿ ਇਹ ਕਹੇ ਕਿ ਸਤਾ ਵਿਚ ਆਈ ਸੀ ਕਿ ਉਹ ਖਜਾਨੇ ਦਾ ਪੈਸਾ ਸੋਚ ਸਮਝ ਕੇ ਖ਼ਰਚ ਕਰੇਗੀ, ਉਸ ਨੇ 16 ਮਾਰਚ ਨੂੰ ਮੁੱਖ ਮੰਤਰੀ ਦੀ ਸਹੁੰ ਚੁਕ ਸਮਾਗਮ ਵਿੱਚ ਟੀ ਵੀ ਚੈਨਲਾਂ ਅਤੇ ਅਖਬਾਰਾਂ 'ਤੇ ਖ਼ੂਬ ਪੈਸਾ ਖਰਚਿਆ। ਸੂਚਨਾ ਅਧਿਕਾਰ ਅਧੀਨ ਦਿੱਤੀ ਗਈ ਜਾਣਕਾਰੀ ਜੋ ਕਿ ਮਾਨਸਾ ਦੇ ਵਸਨੀਕ ਮਾਨਿਕ ਗੋਇਲ ਨੇ ਦਿੱਤੀ ਹੈ, ਇਸ ਲੇਖ ਵਿੱਚ ਦਿੱਤੀ ਜਾ ਰਹੀ ਹੈ, ਅਨੁਸਾਰ ਕੈਗ (ਕੰਟਰੋਲਰ ਆਫ਼ ਅਕਾਊਂਟਸ ਜਨਰਲ) ਅਗਸਤ 2025 ਤੀਕ ਪੰਜਾਬ ਸਰਕਾਰ ਦਾ ਕਰਜਾ ਵੱਧ ਕੇ 2025 ਤੀਕ 3.73 ਲੱਖ ਕਰੋੜ ਹੋ ਜਾਵੇਗਾ।

ਕੇਜਰੀਵਾਲ ਦੀ ਦਿੱਲੀ ਸਰਕਾਰ ਦੀ ਇਸ਼ਤਿਹਾਰਾਂ ਬਾਰੇ ਪਹੁੰਚ ਬਹੁਤ ਤਰਕ ਰਹਿਤ ਹੈ ਜਿਵੇਂ ਕਿ ਦਿੱਲੀ ਸਰਕਾਰ ਨੇ ਦੋ ਸਾਲ ਵਿੱਚ ਬਾਇਓ ਡੀ ਕੰਮਪੋਜ਼ਰ ਦੇ ਛਿੜਕਾਅ ਲਈ 68 ਲੱਖ ਰੁਪਏ ਖ਼ਰਚੇ ਪਰ ਇਸ਼ਤਿਹਾਰਬਾਜ਼ੀ 'ਤੇ 23 ਕਰੋੜ ਰੁਪਏ ਖ਼ਰਚ ਕਰ ਦਿੱਤੇ। ਅੰਗਰੇਜ਼ੀ ਵਿਚ ਛਪਣ ਵਾਲੇ ਅੰਤਰ-ਰਾਸ਼ਟਰੀ ਮੈਗਜ਼ੀਨ ਰੀਡਰਜ਼ ਡਾਇਜੈਸਟ ਨੇ ਆਪਣੇ 2013 ਦੇ ਸੰਪਾਦਕੀ ਵਿਚ ਇਸ ਵਿਸ਼ੇ ਪ੍ਰਤੀ ਬਹੁਤ ਹੀ ਮਹੱਤਵਪੂਰਨ ਟਿੱਪਣੀਆਂ ਕੀਤੀਆਂ ਹਨ। ਉਸ ਨੇ ਪਾਠਕਾਂ ਨੂੰ ਸੁਆਲ ਕੀਤਾ ਹੈ ਕਿ ਜੇ ਤੁਹਾਡੀ ਸਰਕਾਰੇ ਦਰਬਾਰੇ ਪਹੁੰਚ ਹੋਵੇ ਤੇ ਤੁਹਾਨੂੰ ਹਜ਼ਾਰਾਂ ਕ੍ਰੋੜਾਂ ਰੁਪਏ ਖਰਚ ਕਰਨ ਲਈ ਦਿਤੇ ਜਾਣ ਤਾਂ ਕੀ ਤੁਸੀਂ ਕਦੋਂ ਦੇ ਮਰ ਖਪ ਚੁੱਕੇ ਕੌਮੀ ਲੀਡਰਾਂ ਨੂੰ ਚਮਕਾਉਣ ਲਈ ਇਸ਼ਤਿਹਾਰਾਂ ਉਪਰ ਬੇ-ਲੋੜਾ ਖਰਚਾ ਕਰੋਗੇ ਕਿ ਜਾਂ ਭੁਖਿਆਂ ਲਈ ਅਨਾਜ ਦਾ ਪ੍ਰਬੰਧ ਕਰਨ ਤੋਂ ਇਲਾਵਾ, ਸਕੂਲਾਂ ਅਤੇ ਸਿਹਤ ਕੇਂਦਰਾਂ ਉਪਰ ਖਰਚ ਕਰੋਗੇ?

ਪਰਚੇ ਨੇ ਆਪੇ ਹੀ ਇਸ ਦਾ ਉਤਰ ਦਿੱਤਾ ਹੈ ਕਿ ਸਕੂਲਾਂ, ਸਿਹਤ ਕੇਂਦਰਾਂ ਤੇ ਜ਼ਰੂਰੀ ਸੇਵਾਵਾਂ ਤੇ ਖਰਚਾ ਕਰਨਾ ਤਾਂ ਠੀਕ ਹੈ ਪਰ ਕੇਂਦਰੀ ਸਰਕਾਰ ਵਲੋਂ ਪਿਛਲੇ ਚਾਰ ਸਾਲਾਂ ਵਿਚ ਜਿਹੜੇ ਬੇ-ਲੋੜੀ ਇਸ਼ਤਿਹਾਰਬਾਜ਼ੀ ਉਪਰ 142 ਕ੍ਰੋੜ ਰੁਪਏ ਖਰਚ ਕੀਤੇ ਗਏ, ਉਸ ਦੀ ਆਲੋਚਨਾ ਕਰਦੇ ਹੋਏ ਪਰਚੇ ਨੇ ਇਸ ਨੂੰ ਆਊਟ੍ਰੇਜਸ ਭਾਵ ਮੁਜਰਮਾਨਾ ਜਾਂ ਸ਼ਰਮਨਾਕ ਕਿਹਾ ਹੈ।

ਸਾਦਗੀ ਦਾ ਮੁਜੱਸਮਾ ਮਹਾਤਮਾ ਗਾਂਧੀ ਜੋ ਕਿ ਤੀਜੇ ਦਰਜੇ ਵਿਚ ਸਫ਼ਰ ਕਰਦੇ ਸਨ ਤੇ ਸਾਨੂੰ ਬਚਤ ਕਰਨ ਦਾ ਸੰਦੇਸ਼ ਦਿੰਦੇ ਹਨ ਦੇ ਜਨਮ ਦਿਨ ਅਤੇ ਬਰਸੀ ਦੇ ਮੌਕੇ 'ਤੇ ਅਖ਼ਬਾਰੀ ਇਸ਼ਤਿਹਾਰਾਂ 'ਤੇ 38 ਕ੍ਰੋੜ ਰੁਪਏ ਖਰਚੇ ਗਏ। ਰਾਜੀਵ ਗਾਂਧੀ ਵੀ ਪਿੱਛੇ ਨਹੀਂ ਉਸ ਉਪਰ ਵੀ 25 ਕ੍ਰੋੜ 40 ਲੱਖ ਰੁਪਏ ਖਰਚ ਕੀਤੇ ਗਏ। ਇਸੇ ਤਰ੍ਹਾਂ ਇੰਦਰਾ ਗਾਂਧੀ ਦੇ ਇਸ਼ਤਿਹਾਰ ਉੱਤੇ 16 ਕ੍ਰੋੜ 90 ਲੱਖ, ਜਵਾਹਰ ਲਾਲ ਨਹਿਰੂ ਉੱਤੇ 10 ਕ੍ਰੋੜ 90 ਲੱਖ, ਡਾ. ਬੀ. ਆਰ. ਅੰਬੇਦਕਰ ਉੱਤੇ 17 ਕ੍ਰੋੜ 90 ਲੱਖ ਰੁਪਏ ਖਰਚੇ ਗਏ। ਇਸ ਪਰਚੇ ਅਨੁਸਾਰ ਇਨ੍ਹਾਂ ਇਸ਼ਤਿਹਾਰਾਂ ਨੂੰ ਪੜ੍ਹਦਾ ਜਾਂ ਵੇਖਦਾ ਕੌਣ ਹੈ? ਆਮ ਤੌਰ 'ਤੇ ਪਾਠਕ ਉਸੇ ਸਮੇਂ ਵਰਕਾ ਥਲ ਲੈਂਦਾ ਹੈ ਜਾਂ ਚੈਨਲ ਬਦਲ ਲੈਂਦਾ ਹੈ। ਫਿਰ ਇਸ ਫ਼ਓਮਪ;ਜ਼ੂਲਖਰਚੀ ਦਾ ਮਕਸਦ ਕੀ ਹੈ? ਕੀ ਇੰਨ੍ਹਾਂ ਇਸ਼ਤਿਹਾਰਾਂ ਤੋਂ ਬਗੈਰ ਸਰਕਾਰ ਦੀਆਂ ਪ੍ਰਾਪਤੀਆਂ ਦਾ ਲੋਕਾਂ ਨੂੰ ਪਤਾ ਨਹੀਂ?

ਰੀਡਰਜ਼ ਡਾਈਜੈਸਟ ਲਿਖਦਾ ਹੈ ਕਿ ਕੇਵਲ ਇਨ੍ਹਾਂ ਚਾਰ ਸਾਲਾਂ ਦੀ ਇਕੋ ਕੇਂਦਰੀ ਫਜ਼ੂਲਖਰਚੀ ਬਚਾ ਕੇ ਹੀ ਪਿੰਡਾਂ ਵਿਚ ਘੱਟੋ-ਘੱਟ 280 ਛੋਟੇ ਹਸਪਤਾਲ ਅਤੇ 1000 ਪ੍ਰਾਇਮਰੀ ਸਕੂਲ ਖੁਲ ਸਕਦੇ ਹਨ। ਉਸ ਅਨੁਸਾਰ ਆਉਂਦੀਆਂ ਲੋਕ ਸਭਾ ਚੋਣਾਂ ਲਈ ਕੇਂਦਰ ਸਰਕਾਰ ਨੇ ਇਸ਼ਤਿਹਾਰੀ ਹਨੇਰੀ ਲਿਆਉਣ ਲਈ 500 ਕ੍ਰੋੜ ਰੁਪਏ ਰਖੇ ਹਨ। ਵੈਸੇ ਜੇ ਸਾਰੇ ਭਾਰਤ ਦੀ ਅਜਿਹੀ ਬੇ-ਲੋੜੀ ਇਸ਼ਤਿਹਾਰਬਾਜ਼ੀ ਦੇ ਕੁਲ ਖਰਚੇ ਦਾ ਪਤਾ ਲਾਇਆ ਜਾਵੇ ਤਾਂ ਇਹ ਅਰਬਾਂ ਰੁਪਏ ਬਣਦਾ ਹੈ। ਜਿਸ ਨਾਲ ਹਜਾਰਾਂ ਛੋਟੇ ਹਸਪਤਾਲ ਤੇ ਸਕੂਲ ਖੁਲ ਸਕਦੇ ਹਨ, ਜਿਨ੍ਹਾਂ ਦੀ ਦੇਸ਼ ਨੂੰ ਬਹੁਤ ਜਰੂਰਤ ਹੈ।

ਰੀਡਰਜ਼ ਡਾਈਜੈਸਟ ਨੂੰ ਇਹ ਲੇਖ ਭਾਰਤੀ ਸੰਸਕਰਨ ਲਈ ਲਿਖਣ ਦੀ ਲੋੜ ਕਿਉਂ ਪਈ? ਇਸ ਦਾ ਕਾਰਨ ਇਹ ਹੈ ਕਿ ਵਿਦੇਸ਼ਾਂ ਵਿਚ ਸਰਕਾਰਾਂ ਵਲੋਂ ਅਜਿਹੇ ਇਸ਼ਤਿਹਾਰ ਨਹੀਂ ਦਿੱਤੇ ਜਾਂਦੇ। ਸਰਕਾਰਾਂ ਆਪਣੀਆਂ ਪ੍ਰਾਪਤੀਆਂ ਦੇ ਇਸ਼ਤਿਹਾਰ ਜਾਂ ਆਪਣੇ ਲੀਡਰਾਂ ਨੂੰ ਚਮਕਾਉਣ ਜਾਂ ਤਿਉਹਾਰਾਂ ਅਤੇ ਹੋਰ ਅਵਸਰਾਂ ਦੀਆਂ ਵਧਾਈਆਂ ਵਗੈਰਾ ਦੇ ਇਸ਼ਤਿਹਾਰ ਨਹੀਂ ਛਪਵਾ ਸਕਦੀਆਂ ਅਤੇ ਨਾ ਹੀ 108 ਨੰਬਰ ਐਮਬੂਲੈਂਸਾਂ ਅਤੇ ਸਕੂਲਾਂ ਵਿਚ ਮੁਫ਼ਤ ਵੰਡੇ ਜਾਂਦੇ ਸਾਈਕਲਾਂ ਉਪਰ ਮੁੱਖ ਮੰਤਰੀ ਅਤੇ ਮੰਤਰੀ ਆਪਣੀ ਫੋਟੋ ਲਾ ਸਕਦੇ ਹਨ ਜਿਵੇਂ ਕਿ ਪੰਜਾਬ ਵਿਚ ਹੋ ਰਿਹਾ ਹੈ। ਭਾਰਤ ਵਿਚ ਅਖਬਾਰਾਂ ਨੂੰ ਇਸ਼ਤਿਹਾਰ ਦੇਣ ਸਮੇਂ ਪੱਖਪਾਤ ਤੋਂ ਕੰਮ ਲਿਆ ਜਾਂਦਾ ਹੈ। ਪਿਛਲੇ ਸਾਲ ਦੀਵਾਲੀ ਦੇ ਤਿਉਹਾਰ ਸਮੇਂ ਨਿਊਜ਼ ਲਾਂਡਰੀ ਡਾਟ ਕਾਮ ਦੇ 15 ਨਵੰਬਰ 2023 ਦੀ ਖਬਰ ਅਨੁਸਾਰ ਟਾਇਮਸ ਆਫ ਇੰਡੀਆ ਨੇ 177, ਹਿੰਦੁਸਤਾਨ ਟਾਇਮਜ਼ ਨੇ 157 ਇਸ਼ਤਿਹਾਰ, ਇੰਡੀਅਨ ਐਕਸਪ੍ਰੈਸ ਨੇ 78 ਇਸ਼ਤਿਹਾਰ ਤੇ ਸਭ ਤੋਂ ਘੱਟ ਦਾ ਹਿੰਦੂ ਨੇ 61 ਇਸ਼ਤਿਹਾਰ ਪ੍ਰਕਾਸ਼ਿਤ ਕੀਤੇ। ਨਿਊਜ ਲਾਂਡਰੀ ਵੈਬਸਾਈਟ ਨੇ 5 ਨਵੰਬਰ ਤੋਂ 12 ਨਵੰਬਰ ਦੀਆਂ ਦਿੱਲੀ ਤੋਂ ਪ੍ਰਕਾਸ਼ਿਤ ਹੁੰਦੀਆਂ ਪ੍ਰਮੁੱਖ ਅੰਗਰੇਜ਼ੀ ਦੀਆਂ ਚਾਰ ਅਖਬਾਰਾਂ ਟਾਈਮਜ਼ ਆਫ਼ ਇੰਡੀਆ, ਹਿੰਦੁਸਤਾਨ ਟਾਈਮਜ਼, ਇੰਡੀਅਨ ਐਕਸਪ੍ਰੈਸ ਤੇ ਦਾ ਹਿੰਦੂ ਵਿੱਚ ਛਪੇ ਇਸ਼ਤਿਹਾਰ ਦਾ ਜਦ ਵਿਸ਼ਲੇਸ਼ਣ ਕੀਤਾ ਤਾਂ ਪਤਾ ਲੱਗਾ ਟਾਈਮਜ਼ ਆਫ਼ ਇੰਡੀਆ ਨੇ ਜਿਹੜੇ 177 ਇਸ਼ਤਿਹਾਰ ਛਾਪੇ ਉਨ੍ਹਾਂ ਵਿੱਚ 135 ਪ੍ਰਾਈਵੇਟ ਸਨ, 24 ਰਾਜ ਸਰਕਾਰਾਂ ਦੇ 6 ਕੇਂਦਰੀ ਸਰਕਾਰ ਦੇ ਮੰਤਰਾਲਿਆ ਦੇ ਤੇ 12 ਸਰਕਾਰ ਨਾਲ ਸੰਬੰਧਿਤ ਸੰਸਥਾਵਾਂ ਦੇ ਸਨ। ਜਿੱਥੋਂ ਤੀਕ ਹਿੰਦੁਸਤਾਨ ਟਾਈਮਜ਼ ਦਾ ਸੰਬੰਧ ਹੈ, 157 ਇਸ਼ਤਿਹਾਰਾ ਵਿੱਚੋਂ 108 ਪ੍ਰਾਈਵੇਟ ਕੰਪਨੀਆਂ ਦੇ, ਚਾਰ ਕੇਂਦਰੀ ਸਰਕਾਰ ਦੇ, 31 ਸੂਬਾਈ ਰਾਜ ਸਰਕਾਰਾਂ ਦੇ 31 ਸੂਬਾਈ ਸਰਕਾਰਾਂ ਨਾਲ ਸੰਬੰਧਿਤ ਅਤੇ 14 ਸਰਕਾਰ ਨਾਲ ਸੰਬੰਧਿਤ ਜਥੇਬੰਦੀਆਂ ਦੇ ਸਨ। ਸਭ ਤੋਂ ਜ਼ਿਆਦਾ 10 ਨਵੰਬਰ ਦੀ ਅਖਬਾਰ ਵਿੱਚ ਪ੍ਰਕਾਸ਼ਿਤ ਇਸ਼ਤਿਹਾਰ ਸਨ ਜਿਨ੍ਹਾਂ ਦੀ ਗਿਣਤੀ 29 ਸੀ ਇਨ੍ਹਾਂ ਵਿੱਚ 22 ਪ੍ਰਾਈਵੇਟ ਫਰਮਾਂ ਦੇ, ਚਾਰ ਰਾਜ ਸਰਕਾਰਾਂ ਤੇ ਤਿੰਨ ਸਰਕਾਰ ਨਾਲ ਸੰਬੰਧਿਤ ਜਥੇਬੰਦੀਆਂ ਸਨ। ਇਸ਼ਤਿਹਾਰ ਦੇ ਪੂਰੇ ਸਫੇ ਦੇ ਇਸ਼ਤਿਹਾਰ ਦੀ ਕੀਮਤ 2819480 ਰੁਪਏ, ਅੱਧੇ ਸਫੇ ਦੀ 1506132 ਰੁਪਏ ਤੇ ਸਫੇ ਦੇ ਚੌਥੇ ਹਿੱਸੇ ਦੀ ਕੀਮਤ 803271 ਰੁਪਏ । ਸਭ ਤੋਂ ਪਹਿਲੇ ਪੰਨੇ (ਫਰੰਟ-ਸਾਇਡ ਜੈਕਟ) ਦੀ ਕੀਮਤ ਇੱਕ ਇਸ਼ਤਿਹਾਰ ਦੀ 4117231 ਰੁਪਏ। ਪੂਰੇ ਸਫੇ ਦੇ ਇਸ਼ਤਿਹਾਰ ਦੇਣ ਵਾਲਿਆਂ ਵਿੱਚ ਨਿਪਨ ਇੰਡੀਆ, ਉਤਰ ਪ੍ਰਦੇਸ਼ ਸਰਕਾਰ, ਉਤਰਾਖੰਡ, ਵਿਅਯਨ ਆਈ ਏ ਐਸ, ਵੀਨਾ ਵਰਲਡ, ਗੂਗਲ ਪਿਨਸਲ ਅਤੇ ਹਰਿਆਣਾ ਟੂਰਿਜ਼ਮ ਸ਼ਾਮਲ ਸਨ। ਦਾ ਹਿੰਦੂ ਨੇ ਸਭ ਤੋਂ ਘੱਟ ਇਸ਼ਤਿਹਾਰ ਛਾਪੇ। ਇਸ ਨੂੰ 8 ਦਿਨਾਂ ਲਈ 61 ਇਸ਼ਤਿਹਾਰ ਮਿਲੇ। ਇਸ ਵਿੱਚ 44 ਪ੍ਰਾਈਵੇਟ ਫਰਮਾਂ, 11 ਸੂਬਾਈ ਸਰਕਾਰਾਂ, ਇੱਕ ਕੇਂਦਰੀ ਸਰਕਾਰ ਦਾ 5 ਸਰਕਾਰ ਨਾਲ ਸੰਬੰਧਿਤ ਜਥੇਬੰਦੀਆਂ ਦੇ ਸਨ।


ਪੰਜਾਬ ਸਰਕਾਰ, ਝਾਰਖੰਡ, ਉਤਰਾਖੰਡ ਸਰਕਾਰ ਨੇ ਪੂਰੇ ਸਫੇ ਦੇ ਇਸ਼ਤਿਹਾਰ ਦਿੱਤੇ। ਇਸ ਅਖਬਾਰ ਦੇ ਪਹਿਲੇ ਪੂਰੇ ਸਫੇ ਦੀ ਕੀਮਤ 12,13,466 ਰੁਪਏ, ਵੈਸੇ ਬਾਕੀ ਅਖਬਾਰਾਂ ਦੇ ਪੂਰੇ ਸਫੇ ਦੀ ਕੀਮਤ 776617 ਰੁਪਏ ਹੈ। ਇਸ ਫ਼ਜ਼ੂਲਖ਼ਰਚੀ ਨੂੰ ਰੋਕਣ ਲਈ ਜਨਤਕ ਲਹਿਰ ਉਸਾਰਨ ਦੀ ਲੋੜ ਹੈ। ਵੱਖ ਵੱਖ ਪਾਰਟੀਆਂ ਚੋਣ ਮਨੋਰਥ ਤਿਆਰ ਕਰ ਰਹੀਆਂ।

ਸਮਾਜ ਸੇਵੀ ਸੰਸਥਾਵਾਂ, ਕਿਸਾਨ, ਮਜਦੂਰ ਤੇ ਮੁਲਾਜ਼ਮ ਜਥੇਬੰਦੀਆਂ ਨੂੰ ਇਕ ਜੁਟ ਹੋ ਕੇ ਇਹ ਮੰਗ ਕਰਨੀ ਚਾਹੀਦੀ ਹੈ ਕਿ ਉਹ ਆਪਣੇ ਮਨੋਰਥ ਪੱਤਰ ਵਿਚ ਇਹ ਯਕੀਨੀ ਬਨਾਉਣਗੇ ਕਿ ਜੇ ਉਹ ਤਾਕਤ ਵਿਚ ਆਉਂਦੀਆਂ ਹਨ ਤਾਂ ਉਹ ਅਜਿਹੀ ਬੇਲੋੜੀ ਇਸ਼ਤਹਿਾਰਬਾਜੀ ਨਹੀਂ ਕਰਨਗੀਆਂ। ਜਿਹੜੀਆਂ ਨਹੀਂ ਕਰਦੀਆਂ ਉਨ੍ਹਾਂ ਦੀ ਚੋਣਾਂ ਵਿਚ ਵਿਰੋਧਤਾ ਕਰਨੀ ਚਾਹੀਦੀ ਹੈ।

# ਸਹਿਜ ਮਨੁੱਖੀ ਮਾਨਸਿਕਤਾ ਦੀ ਤਰਜ਼ਮਾਨੀ ਕਰਦਾ ਨਾਵਲ "ਤਬਾਦਲਾ"

**ਪੁਸਤਕ ਰਿਵਿਊ**
**ਪੁਸਤਕ: ਨਾਵਲ ( ਤਬਾਦਲਾ )**
**ਲੇਖਕ : ਬੇਅੰਤ ਕੌਰ ਗਿੱਲ**
**ਮੁੱਲ : 180 / ਰੁਪਏ ਪੰਨੇ 104**
**ਪ੍ਰਕਾਸ਼ਕ : ਬਿਅਬ -ਪ੍ਰਤੀਬਿੰਬ ਪ੍ਰਕਾਸ਼ਨ**

'ਤਬਾਦਲਾ ' ਨਾਵਲ ਬੇਅੰਤ ਕੌਰ ਗਿੱਲ ਵਲੋਂ ਦੂਜੇ ਨਾਵਲ ਵਜੋਂ




ਸ਼ੁਮਾਰ ਹੋਇਆ ਹੈ। ਪਹਿਲਾਂ 'ਮਲਾਹਾਂ ਵਰਗੇ ' ਨਾਵਲ ਨਾਲ ਉਸ ਨੇ ਸਾਹਿਤ ਜਗਤ ਵਿਚ ਹਾਜ਼ਰੀ ਭਰ ਲਈ ਸੀ। 'ਤਬਾਦਲਾ' ਨਾਵਲ ਪੁਲਿਸ ਵਿਭਾਗ ਦੇ ਅਫਸਰਾਂ ਦੀ ਮਨੋਸਥਿਤੀ ਪ੍ਰਤੀਕਰਮ ਤੇ ਸਮਾਜਿਕ ਵਰਤਾਰੇ ਪ੍ਰਤੀ ਸੁਚੇਤਕ ਰੂਪਮਾਨ ਹੁੰਦਾ ਨਜ਼ਰ ਆਉਂਦਾ ਹੈ। ਲੇਖਕਾ ਨੇ ਇਸ ਨਾਵਲ ਰਾਹੀਂ ਪੁਲਿਸ ਵਿਭਾਗ ਵਿਚ ਕੰਮ ਕਰਦੇ ਸਿਪਾਹੀ ਤੋਂ ਲੈਕੇ ਅਫਸਰਾਂ ਤੱਕ ਦੀ ਮਨੋ ਸਥਿਤੀ ਦਾ ਪੁਣਛਾਣ ਵਿਸ਼ਲੇਸ਼ਣ ਕੀਤਾ ਹੈ। ਲੇਖਕਾ ਨੇ ਪੁਲਿਸ ਵਿਭਾਗ ਦਾ ਉਹ ਪੱਖ ਉਜਾਗਰ ਕੀਤਾ ਹੈ ਜੋ ਆਮ ਲੋਕ ਉਸ ਪੱਖ ਤੋਂ ਵਿਰਵੇ ਹਨ। ਆਮ ਲੋਕਾਂ ਦੀ ਧਾਰਨਾ ਪੁਲਿਸ ਮਹਿਕਮੇ ਨੂੰ ਬੇਕਿਰਕ ,ਬੇਬਾਕ ,ਨਿਰਮੋਹੇ ਤੇ ਰਿਸ਼ਵਤਖ਼ੋਰ ਹੁੰਦੀ ਹੈ ਪਰ ਲੇਖਕਾ ਨੇ ਇਸ ਵਿਭਾਗ ਦੇ ਮੁਲਾਜਮਾਂ ਦਾ ਦੂਜਾ ਪੱਖ ਵੀ ਉਜਾਗਰ ਕੀਤਾ ਹੈ ਜਿਸ ਵਿਚ ਪੁਲਿਸ ਅਧਿਕਾਰੀ ਮੋਮ ਦਿਲ ,ਮੁਹੱਬਤੀ ਰੂਹ ,ਇਖਲਾਕੀ ,ਸਮਾਜੀ ਤੇ ਮਨੁੱਖੀ ਸਰੋਕਾਰਾਂ ਦੇ ਪ੍ਰਣਾਏ ਹੋਏ ਹੁੰਦੇ ਹਨ। ਨਾਵਲ ਦਾ ਪਾਤਰ ਬਲਰਾਜ ਸਿਪਾਹੀ ਤੋਂ ਡੀਐਸਪੀ ਬਣਕੇ ਆਪਣੇ ਇਮਾਨਦਾਰੀ ਦਾ ਸਬੂਤ ਦਿੰਦਾ ਹੋਇਆ ਇਖਲਾਕ ਨੂੰ ਕਾਇਮ ਰੱਖਦਾ ਹੈ। ਵਾਰਤਾਲਾਪ ਵਿਚ ਡੀਐਸਪੀ ਬਲਰਾਜ ਆਪਣੇ ਅਰਦਲੀਆਂ ਤੇ ਮਹਤੇਈਆਂ ਨੂੰ ਵੀ ਪਿਆਰ ਨਾਲ ਪੇਸ਼ ਆਉਂਦਾ ਹੈ। ਨਾਵਲ ਵਿਚ ਹਰਮਨ ਤੇ ਐਸਐਸਪੀ ਰਤਨ ਦੇ ਪਿਆਰ ਦਾ ਅਜ਼ਹਾਰ ਵੀ ਇਕ ਵਿਲੱਖਣ ਪ੍ਰੇਮ ਪ੍ਰਸੰਗ ਵਜੋਂ ਉਬਰਿਆ ਹੈ। ਹਰਮਨ ਪ੍ਰੋਫੈਸਰ ਬਣ ਗਈ ਤੇ ਰਤਨ ਦੇ ਪਿਆਰ ਵਿਚ ਬਿਨ ਸ਼ਾਦੀ ਤੋਂ ਰਹਿ ਗਈ। ਆਪਸੀ ਮਿਲਨ ਤੇ ਪੁਲਿਸ ਵਿਭਾਗ ਦੀ ਜ਼ਮੀਨੀ ਹਕੀਕਤ ਨਾਲ ਜੁੜਕੇ ਹਰਮਨ ਵੀ ਵਿਭਾਗੀ ਕਾਰਗੁਜਾਰੀ ਤੇ ਝੂਰਦੀ ਹੈ। ਡੀਐਸਪੀ ਬਲਰਾਜ ਰਾਹੀਂ ਵਿਭਾਗ ਦੀ ਕਾਰਜਸ਼ੈਲੀ ਅਤੇ ਉਸ ਉਤੇ ਰਾਜਨੀਤਕ ਦਬਾਓ ਦਾ ਪਰਦਾਫਾਸ਼ ਕੀਤਾ ਹੈ। ਵਿਭਾਗ ਦੇ ਮੁਲਾਜਮਾਂ ਨੂੰ ਕੋਈ ਛੁੱਟੀ ਜਾ ਪਰਿਵਾਰਕ ਸਮਾਗਮ ਦਾ ਸਮਾਂ ਹੀ ਨੀ ਮਿਲਦਾ ਜਿਸ ਨਾਲ ਉਹ ਮਾਨਸਿਕ ਬਿਮਾਰ ਤੱਕ ਹੋ ਜਾਂਦੇ ਹਨ। ਨਾਵਲ ਵਿਚ ਇਕ ਬਿਰਤਾਂਤ ਚਿਤ੍ਰਤ ਕੀਤਾ ਹੈ ਕਿ ਪ੍ਰਧਾਨ ਮੰਤਰੀ ਦਾ ਉਸ ਇਲਾਕੇ ਵਿਚ ਸਮਾਗਮ ਤੇ ਦੌਰਾ ਹੈ ਲਈ ਸੁਰੱਖਿਆ ਇੰਤਜ਼ਾਮ ਤੇ ਸਫ਼ਲਤਾ ਪੂਰਵਕ ਉਸ ਦੇ ਵਾਪਿਸ ਪਰਤਨ ਤੱਕ ਦੀ ਜਿੰਮੇਵਾਰੀ ਵਿਭਾਗ ਲਾਇ ਸਿਰਦਰਦੀ ਸਾਬਿਤ ਹੁੰਦੀ ਹੈ ਉਸ ਸਮੇਂ ਦੀ ਪ੍ਰਸਥਿਤੀਆਂ ਅਤੇ ਡਿਊਟੀ ਦੀ ਪ੍ਰਤਿਬੱਧਤਾ ਬਾਰੇ ਬਾਖ਼ੂਬ ਵਰਨਣ ਕੀਤਾ ਹੈ। ਰਾਜਨੀਤਕ ਪਾਰਟੀਆਂ ਵਲੋਂ ਕਿਸ ਤਰਾਂ ਅਫਸਰਾਂ ਨੂੰ ਵਰਤਣਾ ਤੇ ਉਨ੍ਹਾਂ ਨੂੰ ਆਪਣੇ ਸਿਕੰਜੇ ਵਿਚ ਅੜਾਉਣਾ ਵੀ ਬਿਰਤਾਂਤ ਕਰਦਾ ਹੈ। ਉਹ ਆਪਣੇ ਮੁਫਾਜ਼ ਲਈ ਅਫਸਰਾਂ ਨੂੰ ਧਮਕਾਉਣਾ ਉਨ੍ਹਾਂ ਨੂੰ ਆਪਣੇ ਫ਼ਰਜ਼ਾਂ ਤੇ ਕਾਰਜ ਨੂੰ ਭੁਲਾਉਣ ਤੇ ਮਜਬੂਰ ਕਰਨਾ ਵੀ ਸ਼ਾਮਿਲ ਹੈ। ਪਰ ਬਲਰਾਜ ਵਰਗੇ ਸਿਰੜੀ ,ਇਮਾਨਦਾਰ ਤੇ ਇੰਟੈਲੀਜੇਂਟ ਅਫ਼ਸਰ ਨੂੰ ਵੀ ਪਰੇਸ਼ਾਨ ਹੋਣਾ ਪੈ ਰਿਹਾ ਹੈ। ਜਾਪਦਾ ਹੈ ਲੇਖਕਾ ਨੇ ਇਹ ਨਾਵਲ ਲਿਖਣ ਲਈ ਜਾਂ ਤਾਂ ਕਿਸੇ ਪੁਲਿਸ ਅਫ਼ਸਰ ਦੀ ਮਦਦ ਲੀਤੀ ਹੈ ਜਾਂ ਕਿਸੀ ਪੁਲਿਸ ਅਫਸਰ ਨੇ ਇਹ ਨਾਵਲ ਦਾ ਪਲਾਟ ਬੜੀ ਨੀਝ ਨਾਲ ਸਾਂਝਾ ਕੀਤਾ ਹੈ ਪੁਲਿਸ ਵਿਭਾਗ ਦੇ ਕਾਰਜ ਦੀ ਬਾਰੀਕੀਆਂ ਇਕ ਆਮ ਲੇਖਕ ਸ਼ਾਇਦ ਹੀ ਇੰਨੀ ਸਮਝ ਰੱਖਦਾ ਹੋਵੇ। ਰੋਚਕਤਾ ਭਰਪੂਰ ਇਸ ਨਾਵਲ ਨੂੰ ਪਾਠਕ ਇਕੋ ਹੱਲੇ ਪੱੜਨ ਲਈ ਲੋਚਦਾ ਹੈ। ਕੁਲ ਮਿਲਾਕੇ ਬੇਅੰਤ ਕੌਰ ਗਿੱਲ ਤੋਂ ਅਸੀਂ ਹੋਰ ਨਾਵਲ ਦੀ ਆਸ ਵੀ ਕਰਦੇ ਹਾਂ।

**ਸਮੀਖਿਆ : ਡਾ ਗੁਰਵਿੰਦਰ ਅਮਨ**
**91-98151-13038**

# ਗਿਆਨ ਦਾ ਸੂਰਜ

ਜੈ ਭੀਮ ਜੈ ਭਾਰਤ ਦੇ ਨਾਅਰਿਆਂ ਨਾਲ
ਗੂੰਜਿਆ ਹੈ ਵਿਸ਼ਵ ਸਾਰਾ॥

ਭਾਰਤ ਰਤਨ ਡਾ ਭੀਮ ਰਾਓ ਅੰਬੇਡਕਰ
ਦਾ ਹੈ ਅੱਜ ਜਨਮ ਦਿਹਾੜਾ॥

ਅੱਜ ਇਸ ਜਨਮ ਦਿਹਾੜੇ ਮੌਕੇ ਆਜੋ ਆਪਾਂ
ਪੜੀਏ ਭਾਰਤੀ ਸੰਵਿਧਾਨ ਸਾਰਾ॥

ਇਸ ਭਾਰਤੀ ਸੰਵਿਧਾਨ ਦਾ ਰਚਨਹਾਰ ਹੈ
ਆਪਣਾ ਬਾਬਾ ਸਾਹਿਬ ਪਿਆਰਾ॥

ਭਾਰਤੀ ਸੰਵਿਧਾਨ ਦੇ ਅੰਦਰ ਹੀ ਲਿਖ ਗਏ
ਰਾਜ-ਭਾਗ ਪਾਉਣ ਦਾ ਭੇਦ ਸਾਰਾ॥

ਤਾਂ ਜੋ ਬਹੁਜਨ ਸਮਾਜ ਨੂੰ ਮਿਲ ਸਕੇ ਗੁਲਾਮੀ
ਦੀਆਂ ਜੰਜੀਰਾਂ ਤੋਂ ਛੁਟਕਾਰਾ॥

ਸੂਦ ਵਿਰਕ ਨੇ ਪੂਰੇ ਜੋਸ਼ ਨਾਲ ਜੈ ਭੀਮ ਜੈ ਭਾਰਤ
ਜੈ ਸੰਵਿਧਾਨ ਦਾ ਲਾਇਆ ਨਾਅਰਾ॥

ਇੰਜ ਮਨਾਇਆ ਸੂਦ ਵਿਰਕ ਨੇ ਗਿਆਨ ਦੇ ਸੂਰਜ
ਬਾਬਾ ਸਾਹਿਬ ਜੀ ਦਾ ਜਨਮ ਦਿਹਾੜਾ॥

**ਮਹਿੰਦਰ ਸੂਦ ਵਿਰਕ 91-98766-66381**

## ਕਾਵਿ ਵਿਅੰਗ

# ਆਮ ਚੋਣਾਂ ਦਾ ਅਰਥ

ਸੱਤਾ ਧਾਰੀਆਂ ਦੇ ਕਾਰੇ ਮਨਮਰਜੀ ਦੇ ਹੁੰਦੇ

ਵੋਟਰ ਵਿਚਾਰੇ ਵਰ੍ਹਿਆਂ ਤੋਂ ਆਏ ਸਹਿੰਦੇ ਨੇ।

'ਭੰਡੀ ਪ੍ਰਚਾਰ' ਜਿਹਦਾ ਕਰ ਕਰ ਜਿੱਤ ਜਾਂਦੇ

ਜਿੱਤੇ ਹੋਏ ਉਹਦੇ ਹੀ ਬਨੇਰੇ ਜਾ ਕੇ ਬਹਿੰਦੇ ਨੇ।

ਇੱਕੋ ਥਾਲ਼ੀ ਵਿੱਚ ਉਂਜ 'ਕੱਠੇ ਬੈਠੇ ਖਾਂਦੇ ਪੀਂਦੇ

ਜਨਤਾ ਦੇ ਸਾਹਵੇਂ ਇੱਕ-ਦੂਜੇ ਨਾਲ਼ ਖਹਿੰਦੇ ਨੇ।

ਡੱਡੂਆਂ ਦੇ ਵਾਂਗ ਜੋ ਟਪੂਸੀਆਂ ਨੇ ਮਾਰੀ ਜਾਂਦੇ

ਹੋ ਕੇ ਬੇ-ਯਕੀਨੇ ਲੋਕ-ਮਨਾਂ ਵਿੱਚੋਂ ਲਹਿੰਦੇ ਨੇ।

ਭੁੱਲ ਕੀਤੀ ਪੋਲੇ ਜਿਹੇ ਮੂੰਹ ਦੇ ਨਾਲ਼ ਆਖ ਦਿੰਦੇ

'ਲੋਕ-ਰੋਹ' ਦੇ ਮਾਰੇ ਜਦੋਂ ਬੁਰੀ ਤਰਾਂ ਢਹਿੰਦੇ ਨੇ।

ਗ਼ਲੇ-ਸੜੇ 'ਆਮ' ਪਏ ਹੋਣ ਇੱਕ ਟੋਕਰੀ 'ਚ

'ਚੰਗਾ ਜਰਾ' ਚੁਣਨੇ ਨੂੰ 'ਆਮ ਚੋਣ' ਕਹਿੰਦੇ ਨੇ!

**ਤਰਲੋਚਨ ਸਿੰਘ**
**'ਦੁਪਾਲ ਪੁਰ'**
**78146-92724**



## ਪ੍ਰਕਾਸ਼ ਦਿਵਸ 'ਤੇ ਵਿਸੇਸ

# ਗੁਰੂ ਤੇਗ ਬਹਾਦਰ ਬੋਲਿਆ

ਰਮੇਸ਼ ਬੱਗਾ ਚੋਹਲਾ
91-94631-32719

ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਨਿਰਮਲ ਪੰਥ ਦੇ ਰੂਪ ਵਿਚ ਚਲਾਇਆ ਗਿਆ ਸਿੱਖ ਧਰਮ ਸੰਸਾਰਿਕ ਅਤੇ ਪਰਿਵਾਰਕ (ਗ੍ਰਹਿਸਥ ਪ੍ਰਧਾਨ) ਧਰਮ ਹੈ। ਜਗਤ ਗੁਰੂ ਨੇ ਆਪਣੀ ਅਣਥੱਕ ਘਾਲਣਾ ਅਤੇ ਸਰਵ-ਹਿੱਤਕਾਰੀ ਸੋਚ ਨਾਲ ਦੁਨੀਆਂ ਨੂੰ ਇੱਕ ਅਜਿਹੀ ਜੀਵਨ-ਜੁਗਤ ਦਿੱਤੀ ਹੈ ਜਿਸ ਨੂੰ ਤਨੋਂ-ਮਨੋਂ ਅਪਨਾਉਣ ਅਤੇ ਕਮਾਉਣ ਨਾਲ ਕੋਈ ਵੀ ਬਸ਼ਰ ਆਪਣੇ ਲੋਕ ਅਤੇ ਪ੍ਰਲੋਕ ਨੂੰ ਸੰਵਾਰ ਸਕਦਾ ਹੈ।ਸਿੱਖ ਧਰਮ ਵਿਚ ਪ੍ਰਲੋਕ ਨੂੰ ਸੰਵਾਰਨ ਤੋਂ ਪਹਿਲਾਂ ਲੋਕ ਨੂੰ ਸੰਵਾਰਨ ਅਤੇ ਲੋਕ ਨੂੰ ਸੰਵਾਰਨ ਤੋਂ ਪਹਿਲਾਂ ਨਿੱਜ ਨੂੰ ਸੰਵਾਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਸਿਧਾਂਤਕ ਅਤੇ ਵਿਵਹਾਰਕ ਰੂਪ ਵਿਚ ਸਰਬਤ ਦਾ ਭਲਾ ਮੰਗਣਾ ਕੇਵਲ ਸਿੱਖ ਧਰਮ ਦੇ ਹਿੱਸੇ ਵਿਚ ਹੀ ਆਇਆ ਹੈ।ਬੇਸ਼ੱਕ ਸੰਸਾਰ ਦੇ ਬਾਕੀ ਧਰਮ ਵੀ ਮਾਨਵ-ਹਿੱਤੂ ਹੋਣ ਦੀ ਹਾਮੀ ਭਰਦੇ ਹਨ ਪਰ ਜਿਹੜਾ ਕਲਾਵਾ ਸਿੱਖ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਿਆਰੇ ਸਿੱਖਾਂ ਨੇ ਸਮੇਂ-ਸਮੇਂ ਭਰਿਆ ਹੈ ਉਸ ਵਿਚ ਗ਼ੈਰ ਸਿੱਖਾਂ ਦੇ ਸਮਾਅ ਜਾਣ ਦੀ ਗੁੰਜ਼ਾਇਸ਼ ਵੀ ਬਰਾਬਰ ਰਹੀ ਹੈ। ਇਸ ਬਰਾਬਰਤਾ ਦਾ ਆਧਾਰ 'ਤੂੰ ਕਿਸੈ ਨ ਦਿਸੈ ਬਾਹਰਾ ਜੀਓ' ਦਾ ਸਿਧਾਂਤ ਹੈ ਜਿਹੜਾ ਪਰਉਪਕਾਰ ਦੀ ਭਾਵਨਾ ਦਾ ਜਨਮਦਾਤਾ ਹੈ ਅਤੇ ਇਹ ਭਾਵਨਾ ਸਿੱਖੀ ਸੋਚ ਦਾ ਕੇਂਦਰੀ ਬਿੰਦੂ ਰਹੀ ਹੈ। ਇਹ ਭਾਵਨਾ ਏਨੀ ਬਲਵਾਨ ਰਹੀ ਹੈ ਕਿ ਇਸ ਦੇ ਪ੍ਰਭਾਵ ਹੇਠ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਸਮੇਂ-ਸਮੇਂ ਸ਼ਹਾਦਤ ਦੇ ਜਾਮ ਵੀ ਪੀਣੇ ਪਏ ਹਨ।

ਸ਼ਹੀਦਾਂ ਦੇ ਸਿਰਤਾਜ ਹੋਣ ਦਾ ਮਾਣ ਭਾਵੇਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਹਾਸਲ ਹੈ ਪਰ ਪਰਉਪਕਾਰ ਦੀ ਭਾਵਨਾ ਤਹਿਤ ਸ਼ਹੀਦ ਹੋਣ ਦਾ ਮਾਣ ਉਨ੍ਹਾਂ ਦੇ ਪੋਤੇ ਸ੍ਰੀ ਗੁਰੂ ਤੇਗ ਬਹਾਦਰ ਨੂੰ ਜਾਂਦਾ ਹੈ।

ਹਿੰਦੋਸਤਾਨ ਦੇ ਹਾਕਮ ਔਰੰਗਜ਼ੇਬ ਦੇ ਹੁਕਮ ਉਪਰ ਕਸ਼ਮੀਰ ਦੇ ਸੂਬੇਦਾਰ ਸ਼ੇਰ ਅਫ਼ਗਾਨ ਨੇ ਜਦੋਂ ਕਸ਼ਮੀਰ ਦੇ ਪੰਡਤਾਂ 'ਤੇ ਅਕਹਿ ਅਤੇ ਅਸਹਿ ਜ਼ੁਲਮ ਕਰਨੇ ਸ਼ੁਰੂ ਕੀਤੇ ਤਾਂ ਕਿਸੇ ਨੇ ਵੀ ਉਨ੍ਹਾਂ ਦੀ ਬਾਂਹ ਨਹੀਂ ਫੜੀ।

ਥੱਕ ਹਾਰ ਕੇ ਉਨ੍ਹਾਂ ਨੇ ਸ੍ਰੀ ਆਨੰਦਪੁਰ ਸਾਹਿਬ ਦਾ ਰਾਹ ਫੜਿਆ ਲਿਆ ਅਤੇ ਨੋਵੇਂ ਨਾਨਕ ਸ੍ਰੀ ਗੁਰੂ ਤੇਗ ਬਹਾਦਰ ਕੋਲ ਆ ਫ਼ਰਿਆਦੀ ਹੋਏ।ਉਨ੍ਹਾਂ ਦੀ ਫ਼ਰਿਆਦ ਸੁਣ ਕੇ ਗੁਰੂ ਸਾਹਿਬ ਅਜੇ ਕੁੱਝ ਸੋਚ ਹੀ ਰਹੇ ਸਨ ਕਿ ਇਸ ਸਮੇਂ ਦੌਰਾਨ ਬਾਲ ਗੋਬਿੰਦ ਰਾਇ ਜੀ ਵੀ ਉਥੇ ਪਹੁੰਚ ਗਏ।ਉਦਾਸ ਬੈਠੇ ਪੰਡਤਾਂ ਨੂੰ ਦੇਖ ਕੇ ਪੁੱਛਣ ਲੱਗੇ- 'ਪਿਤਾ ਜੀ! ਇਹ ਕੌਣ ਲੋਕ ਹਨ ਜੋ ਉਦਾਸ ਬੈਠੇ ਹਨ?'

'ਇਹ ਕਸ਼ਮੀਰ ਦੇ ਵਿਦਵਾਨ ਲੋਕ ਹਨ।'

ਗੁਰੂ ਸਾਹਿਬ ਨੇ ਜਵਾਬ ਦਿੱਤਾ। 'ਇਹ ਇਥੇ ਕਿਉਂ ਆਏ ਹਨ?'

ਬਾਲ ਗੋਬਿੰਦ ਰਾਇ ਨੇ ਸਵਾਲੀਆ ਨਜ਼ਰਾਂ ਨਾਲ ਕਿਹਾ। 'ਪੁੱਤਰ ਜੀ! ਦਿੱਲੀ ਦਾ ਹਾਕਮ ਔਰੰਗਜ਼ੇਬ ਇਨ੍ਹਾਂ ਦੇ ਧਾਰਮਿਕ ਸਥਾਨਾਂ (ਮੰਦਰਾਂ) ਅਤੇ ਧਾਰਮਿਕ ਚਿੰਨ੍ਹਾਂ (ਤਿਲਕ, ਜੰਞੂ ਅਤੇ ਟਿੱਕਾ) ਦੀ ਬੇਅਦਬੀ ਕਰ ਰਿਹਾ ਹੈ, ਇਹ ਇੱਥੇ ਇਸ ਕਰਕੇ ਆਏ ਹਨ ਕਿ ਇਨ੍ਹਾਂ ਦੇ ਧਰਮ ਦੀ ਰਾਖੀ ਕੀਤੀ ਜਾਵੇ।'

ਗੁਰੂ ਸਾਹਿਬ ਨੇ ਕਸ਼ਮੀਰੀ ਪੰਡਤਾਂ ਦੀ ਆਮਦ ਦਾ ਸਬੱਬ ਬਿਆਨਦੇ ਹੋਏ ਕਿਹਾ।

'ਪਿਤਾ ਜੀ ਫਿਰ ਰਾਖੀ ਹੋਵੇਗੀ ਕਿ ਨਹੀਂ?'

'ਪੁੱਤਰ ਜੀ! ਇਨ੍ਹਾਂ ਦੇ ਧਰਮ ਦੀ ਰਾਖੀ ਲਈ ਕਿਸੇ ਮਹਾਨ-ਪੁਰਖ ਦੀ ਕੁਰਬਾਨੀ ਦੀ ਲੋੜ ਹੈ ਜੋ ਆਪਣਾ ਬਲੀਦਾਨ ਦੇ ਕੇ ਔਰੰਗਜ਼ੇਬ ਦੇ ਜ਼ੁਲਮਾਂ ਨੂੰ ਠੱਲ੍ਹ ਪਾ ਸਕੇ।' 'ਪਿਤਾ ਜੀ ! ਉਹ ਮਹਾਨ-ਪੁਰਖ ਤੁਹਾਡੀ ਨਜ਼ਰ ਵਿਚ ਹੈ ਕਿ ਜਾਂ ਫਿਰ ਮੈਂ ਦੱਸ ਦਿਆਂ।'

'ਪੁੱਤਰ ਚੱਲ ਫਿਰ ਤੂੰ ਹੀ ਦੱਸ ਦੇ।'

'ਪਿਤਾ ਜੀ! ਉਹ ਮਹਾਨ-ਪੁਰਖ ਤੁਹਾਡੇ ਤੋਂ ਵੱਧ ਕੇ ਭਲਾ ਹੋਰ ਕੌਣ ਹੋ ਸਕਦਾ ਹੈ।' 'ਬੱਚਾ ! ਦੇਖ ਲੈ ਤੂੰ ਅਨਾਥ ਹੋ ਜਾਵੇਂਗਾ।' 'ਪਿਤਾ ਜੀ! ਜੇਕਰ ਹਿੰਦੋਸਤਾਨ ਦੇ ਹਜ਼ਾਰਾਂ ਬੱਚੇ ਅਨਾਥ ਹੋਣ ਤੋਂ ਬਚ ਜਾਣ ਤਾਂ ਮੇਰੇ ਇੱਕ ਦੇ ਅਨਾਥ ਹੋਣ ਨਾਲ ਕੋਈ ਫਰਕ ਨਹੀਂ ਪੈਂਦਾ।'ਇੱਕ ਪੌਣੇ ਕੁ ਨੌਂ ਸਾਲ ਦੇ ਬਾਲ ਦੇ ਮੁਖ਼ਾਰਬਿੰਦ 'ਚੋਂ ਨਿਕਲੇ ਇਹ ਵਾਕ ਸਿੱਖੀ ਸੋਚ ਵਿਚਲੀ ਪਰਉਪਕਾਰੀ ਭਾਵਨਾ ਦੀ ਸਿਖਰ ਸਨ ਜਿਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਨੌਵੇਂ ਪਾਤਸ਼ਾਹ ਨੂੰ ਆਪਣਾ ਬਲੀਦਾਨ ਦੇਣਾ ਪਿਆ। ਇਹ ਬਲੀਦਾਨ ਗੁਰੂ ਘਰ ਦੀ ਉਸ ਵਚਨਬੱਧਤਾ ਨੂੰ ਵੀ ਸਾਰਥਿਕ ਕਰਦਾ ਹੈ ਜਿਸ ਕਿਹਾ ਗਿਆ ਹੈ:-

ਗੁਰੂ ਤੇਗ ਬੋਲਿਆ ਧਰ ਪਾਈਏ ਧਰਮ ਨਾ ਛੋੜੀਐ।'
'ਬਾਹਿ ਜਿਨਾ ਦੀ ਪਕੜੀਐ ਸਿਰ ਦੀਜੈ ਬਾਹਿ ਨ ਛੋੜੀਐ।'



# ਸ਼੍ਰੀ ਖੁਰਾਲਗੜ੍ਹ ਸਾਹਿਬ ਨਤਮਸਤਕ ਹੋਣ ਵਾਲੀਆਂ ਸੰਗਤਾਂ ਲਈ ਛਬੀਲ ਦੀ ਸੇਵਾ ਕੀਤੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ ਵਿਸਾਖੀ ਦੇ ਤਿਉਹਾਰ ਨੂੰ ਮਨਾਉਣ ਲਈ ਦੂਰ ਦੂਰ ਤੋਂ ਆ ਰਹੀਆਂ ਸੰਗਤਾਂ ਲਈ ਜਗ੍ਹਾ ਜਗ੍ਹਾ ਤੇ ਲੰਗਰ ਲਗਾਏ ਗਏ। ਜਿੰਨਾ ਵਿੱਚ ਚਾਹ ਪਕੌੜੇ, ਦਾਲ ਰੋਟੀ, ਜਲੇਬੀ, ਠੰਡੇ ਮਿੱਠੇ ਜਲ ਦੀ ਛਬੀਲ ਅਤੇ ਦੇਸੀ ਘਿਓ ਤੋਂ ਤਿਆਰ ਲੰਗਰ ਲਗਾਏ ਗਏ।



ਜਿਨ੍ਹਾਂ ਵਿੱਚ ਪਿੰਡ ਟਿੱਬਾ ਦੀ ਸੇਵਾ ਚੱਲੀ ਸ਼੍ਰੀ ਖੁਰਾਲਗੜ੍ਹ ਸਾਹਿਬ ਚ ਨੌਜਵਾਨਾਂ ਨੇ ਵਾਰਡ ਨੰਬਰ ਇੱਕ ਸ਼੍ਰੀ ਗੁਰੂ ਰਵਿਦਾਸ ਮੁਹੱਲਾ ਨਿਵਾਸੀਆਂ ਅਤੇ ਨੌਜਵਾਨ ਵੀਰਾਂ ਵੱਲੋ ਇਕੱਠੇ ਹੋ ਕੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਗੁਰਮੇਜ ਪੇਂਟਰ ਨੇ ਦੱਸਿਆ ਕਿ ਇਹ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਪਹਿਲੀ ਵਾਰੀ ਲਗਾਈ ਗਈ ਹੈ। ਜੋ ਕਿ ਆਉਣ ਵਾਲੇ ਸਾਲਾਂ ਵਿੱਚ ਵੀ ਲਗਾਈ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਧਰਮਪਾਲ ਸੂਦ, ਰਤਨ ਲਾਲ, ਗੁਰਦੀਪ ਦੀਪਾ, ਜਸਵੀਰ ਰਿੰਕੂ, ਗਗਨਦੀਪ, ਅਮਰਜੀਤ, ਅਜੇ, ਸੰਜੂ, ਅਵਤਾਰ, ਜਸਕਰਨ, ਸਿੰਦਾ, ਸਾਹਿਲ, ਰੋਹਿਤ, ਜੱਸੀ ਸੂਦ, ਪਰਮਿੰਦਰ, ਅਵਤਾਰ, ਹੈਪੀ, ਰਣਜੀਤ ਸੂਦ, ਸੂਰਜ ਸੂਦ, ਜਗਦੇਵ, ਸਤਵਿੰਦਰ ਕੌਰ, ਕੁਲਵਿੰਦਰ ਕੌਰ, ਗੀਤਾ, ਗੁਰਮੇਜ ਪੇਂਟਰ ਸ਼੍ਰੀ ਖੁਰਾਲਗੜ੍ਹ ਸਾਹਿਬ ਆਦਿ ਹਾਜ਼ਰ ਸਨ।




KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਪੇਂਡੂ ਬੱਚਿਆਂ ਦੀ ਪ੍ਰਾਇਮਰੀ ਸਕੂਲ ਸਿੱਖਿਆ ਵਿੱਚ ਆਂਗਣਵਾੜੀਆਂ ਦੀ ਭੂਮਿਕਾ



**ਵਿਜੈ ਗਰਗ (ਪੀ.ਈ.ਐਸ.)**
**ਸਾਬਕਾ ਪ੍ਰਿੰਸੀਪਲ**

ਆਂਗਣਵਾੜੀ ਭਾਰਤ ਵਿੱਚ ਪੇਂਡੂ ਪੱਧਰ 'ਤੇ ਇੱਕ ਸਰਕਾਰੀ ਸਪਾਂਸਰਡ ਬਾਲ-ਸੰਭਾਲ ਅਤੇ ਮਾਵਾਂ-ਸੰਭਾਲ ਵਿਕਾਸ ਪ੍ਰੋਗਰਾਮ ਹੈ। ਇਹ 0-6 ਸਾਲ ਦੀ ਉਮਰ ਦੇ ਬੱਚਿਆਂ ਨੂੰ ਪੂਰਾ ਕਰਦਾ ਹੈ। ਇਹ ਭਾਰਤ ਸਰਕਾਰ ਦੁਆਰਾ 1975 ਵਿੱਚ ਬੱਚਿਆਂ ਦੀ ਭੁੱਖ ਅਤੇ ਕੁਪੋਸ਼ਣ ਦਾ ਮੁਕਾਬਲਾ ਕਰਨ ਲਈ ਏਕੀਕ੍ਰਿਤ ਬਾਲ ਵਿਕਾਸ ਸੇਵਾਵਾਂ ਪ੍ਰੋਗਰਾਮ ਦੇ ਹਿੱਸੇ ਵਜੋਂ ਸ਼ੁਰੂ ਕੀਤੇ ਗਏ ਸਨ। ਇੱਕ ਆਂਗਣਵਾੜੀ ਕੇਂਦਰ ਭਾਰਤੀ ਪਿੰਡਾਂ ਵਿੱਚ ਮੁੱਢਲੀਆਂ ਸਿਹਤ ਸੰਭਾਲ ਸਹੂਲਤਾਂ ਪ੍ਰਦਾਨ ਕਰਦਾ ਹੈ। ਇਹ ਭਾਰਤੀ ਜਨਤਕ ਸਿਹਤ ਦੇਖਭਾਲ ਪ੍ਰਣਾਲੀ ਦਾ ਹਿੱਸਾ ਹੈ। ਬੁਨਿਆਦੀ ਸਿਹਤ ਦੇਖ-ਰੇਖ ਦੀਆਂ ਗਤੀਵਿਧੀਆਂ ਵਿੱਚ ਗਰਭ ਨਿਰੋਧਕ ਸਲਾਹ ਅਤੇ ਸਪਲਾਈ, ਪੋਸ਼ਣ ਸਿੱਖਿਆ ਅਤੇ ਪੂਰਕ, ਅਤੇ ਨਾਲ ਹੀ ਪ੍ਰੀ-ਸਕੂਲ ਗਤੀਵਿਧੀਆਂ ਸ਼ਾਮਲ ਹਨ। ਕੇਂਦਰਾਂ ਨੂੰ ਓਰਲ ਰੀਹਾਈਡਰੇਸ਼ਨ ਲੂਣ, ਬੁਨਿਆਦੀ ਦਵਾਈਆਂ, ਗਰਭ ਨਿਰੋਧਕ ਅਤੇ ਬੱਚਿਆਂ ਦੀ ਦੇਖਭਾਲ ਲਈ ਡਿਪੂ ਵਜੋਂ ਵੀ ਵਰਤਿਆ ਜਾ ਸਕਦਾ ਹੈ। ਅੰਗਰੇਜ਼ੀ ਵਿੱਚ 'ਆਂਗਨਵਾੜੀ' ਸ਼ਬਦ ਦਾ ਅਰਥ ਹੈ "ਵਿਹੜੇ ਦਾ ਆਸਰਾ"। ਆਂਗਨਵਾੜੀ ਸ਼ਬਦ ਹਿੰਦੀ ਦੇ ਸ਼ਬਦ "ਆਂਗਨ" ਤੋਂ ਲਿਆ ਗਿਆ ਹੈ, ਜਿਸਦਾ ਅਰਥ ਹੈ ਘਰ ਦਾ ਵਿਹੜਾ। ਆਂਗਨ ਇੱਕ ਪੇਂਡੂ ਭਾਰਤੀ ਸ਼ਬਦ ਹੈ ਜਿਸਦਾ ਅਰਥ ਹੈ "ਸਥਾਨ" ਜਿੱਥੇ ਲੋਕ ਆਪਣੇ ਮਾਮਲਿਆਂ 'ਤੇ ਚਰਚਾ ਕਰਨ, ਨਮਸਕਾਰ ਕਰਨ ਅਤੇ ਸਮਾਜਿਕਤਾ ਲਈ ਇਕੱਠੇ ਹੁੰਦੇ ਹਨ" ਵਿਹੜੇ ਨੂੰ ਕਈ ਵਾਰ ਖਾਣਾ ਪਕਾਉਣ ਲਈ ਜਾਂ ਘਰ ਦੇ ਮੈਂਬਰਾਂ ਲਈ ਖੁੱਲ੍ਹੀ ਹਵਾ ਵਿੱਚ ਸੌਣ ਲਈ ਵਰਤਿਆ ਜਾਂਦਾ ਹੈ ਅਤੇ ਘਰ ਦੇ ਇਸ ਹਿੱਸੇ ਨੂੰ ਪਵਿੱਤਰ ਮੰਨਿਆ ਜਾਂਦਾ ਹੈ ਸਥਾਨ, ਘਰ ਦੇ ਇਸ ਹਿੱਸੇ ਦੀ ਮਹੱਤਤਾ ਇਸ ਗੱਲ ਤੋਂ ਝਲਕਦੀ ਹੈ ਕਿ ਕਿਵੇਂ ਇੱਕ ਕਰਮਚਾਰੀ ਵਿਹੜੇ ਵਿੱਚ ਕੰਮ ਕਰਦਾ ਹੈ ਅਤੇ ਸਿਹਤ ਦੇਖ-ਰੇਖ ਦੇ ਮੁੱਦਿਆਂ ਵਿੱਚ ਮਦਦ ਕਰਨ ਲਈ ਲਾਜ਼ਮੀ ਹੈ, ਆਖ਼ਰਕਾਰ, ਉਹ ਆਪਣੀ ਡਿਊਟੀ ਨਿਭਾਉਣ ਲਈ ਦੂਜੇ ਵਿਹੜਿਆਂ ਵਿੱਚ ਜਾਂਦਾ ਹੈ।ਉਹ ਪੇਂਡੂ ਗਰੀਬਾਂ ਅਤੇ ਚੰਗੀ ਸਿਹਤ ਸੰਭਾਲ ਵਿਚਕਾਰ ਸਭ ਤੋਂ ਮਹੱਤਵਪੂਰਨ ਕੜੀ ਹਨ। ਆਂਗਣਵਾੜੀ ਪ੍ਰੋਗਰਾਮ ਏਕੀਕ੍ਰਿਤ ਬਾਲ ਵਿਕਾਸ ਸੇਵਾਵਾਂ (ICDS) ਇੱਕੋ ਇੱਕ ਪ੍ਰਮੁੱਖ ਰਾਸ਼ਟਰੀ ਪ੍ਰੋਗਰਾਮ ਹੈ ਜੋ ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ। ਇਸ ਦਾ ਉਦੇਸ਼ ਛੋਟੇ ਬੱਚਿਆਂ ਨੂੰ ਪੂਰਕ ਪੋਸ਼ਣ, ਸਿਹਤ ਸੰਭਾਲ ਅਤੇ ਪ੍ਰੀ-ਸਕੂਲ ਸਿੱਖਿਆ ਵਰਗੀਆਂ ਸੇਵਾਵਾਂ ਦਾ ਏਕੀਕ੍ਰਿਤ ਪੈਕੇਜ ਪ੍ਰਦਾਨ ਕਰਨਾ ਹੈ। ਕਿਉਂਕਿ ਇੱਕ ਬੱਚੇ ਦੀ ਸਿਹਤ ਅਤੇ ਪੋਸ਼ਣ ਸੰਬੰਧੀ ਲੋੜਾਂ ਨੂੰ ਉਸਦੀ ਮਾਂ ਤੋਂ ਵੱਖ ਕਰਕੇ ਪੂਰਾ ਨਹੀਂ ਕੀਤਾ ਜਾ ਸਕਦਾ। ਇਹ ਪ੍ਰੋਗਰਾਮ ਕਿਸ਼ੋਰ ਲੜਕੀਆਂ ਅਤੇ ਗਰਭਵਤੀ ਔਰਤਾਂ ਲਈ ਹੈ ਅਤੇ ਇਹ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਤੱਕ ਵੀ ਫੈਲਦਾ ਹੈ।

ICDS ਦੇ ਦੱਸੇ ਗਏ ਉਦੇਸ਼ ਹੇਠਾਂ ਦਿੱਤੇ ਗਏ ਹਨ: ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਪੋਸ਼ਣ ਅਤੇ ਸਿਹਤ ਸਥਿਤੀ ਵਿੱਚ ਸੁਧਾਰ ਕਰਨਾ। ਬੱਚੇ ਦੇ ਸਹੀ ਮਨੋਵਿਗਿਆਨਕ, ਸਰੀਰਕ ਅਤੇ ਸਮਾਜਿਕ ਵਿਕਾਸ ਦੀ ਨੀਂਹ ਰੱਖਣ ਲਈ। ਮੌਤ ਦਰ, ਰੋਗ, ਕੁਪੋਸ਼ਣ ਅਤੇ ਸਕੂਲ ਛੱਡਣ ਦੀਆਂ ਘਟਨਾਵਾਂ ਨੂੰ ਘਟਾਉਣ ਲਈ। ਬਾਲ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਵਿਭਾਗਾਂ ਵਿਚਕਾਰ ਨੀਤੀ ਅਤੇ ਲਾਗੂ ਕਰਨ ਦਾ ਪ੍ਰਭਾਵਸ਼ਾਲੀ ਤਾਲਮੇਲ ਪ੍ਰਾਪਤ ਕਰਨਾ। ਢੁਕਵੀਂ ਭਾਈਚਾਰਕ ਸਿੱਖਿਆ ਦੁਆਰਾ ਬੱਚੇ ਦਾ ਆਮ ਸਿਹਤ, ਪੋਸ਼ਣ ਅਤੇ ਵਿਕਾਸ ਸੰਬੰਧੀ ਵਿਕਾਸਲੋੜਾਂ ਦੀ ਦੇਖਭਾਲ ਕਰਨ ਲਈ ਮਾਂ ਦੀ ਯੋਗਤਾ ਨੂੰ ਵਧਾਉਣ ਲਈ। ਆਂਗਣਵਾੜੀ ਵਰਕਰ ਦੀ ਭੂਮਿਕਾ ਇੱਕ ਆਂਗਣਵਾੜੀ ਵਰਕਰ ਨੂੰ ਸਰਕਾਰ ਦੁਆਰਾ ਸਿਫ਼ਾਰਸ਼ ਕੀਤੇ ਅਨੁਸਾਰ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਅਤੇ ਕਰਤੱਵਾਂ ਨਿਭਾਉਣੀਆਂ ਪੈਂਦੀਆਂ ਹਨ। ਉਨ੍ਹਾਂ ਵਿੱਚੋਂ ਕੁਝ ਹਨ: ਇਸ ਪ੍ਰੋਗਰਾਮ ਨੂੰ ਲਾਗੂ ਕਰਨ ਵਿੱਚ ਭਾਈਚਾਰਕ ਸਹਿਯੋਗ ਅਤੇ ਸਰਗਰਮ ਭਾਗੀਦਾਰੀ ਦਿਖਾਉਣਾ, ਸਾਰੇ ਪਰਿਵਾਰਾਂ ਦਾ ਨਿਯਮਤ ਤੌਰ 'ਤੇ ਤੁਰੰਤ ਸਰਵੇਖਣ ਕਰਨਾ, ਪ੍ਰੀ-ਸਕੂਲ ਗਤੀਵਿਧੀਆਂ ਦਾ ਆਯੋਜਨ ਕਰਨਾ, ਪਰਿਵਾਰਾਂ ਨੂੰ ਖਾਸ ਤੌਰ 'ਤੇ ਗਰਭਵਤੀ ਔਰਤਾਂ ਨੂੰ ਦੁੱਧ ਚੁੰਘਾਉਣ ਬਾਰੇ ਸਿੱਖਿਅਤ ਕਰਨਾ ਆਦਿ ਵਿੱਚ ਸਿਹਤ ਅਤੇ ਪੋਸ਼ਣ ਸੰਬੰਧੀ ਸਿੱਖਿਆ ਪ੍ਰਦਾਨ ਕਰਨਾ। ਪਰਿਵਾਰਾਂ ਨੂੰ ਪਰਿਵਾਰ ਨਿਯੋਜਨ ਨੂੰ ਅਪਣਾਉਣ ਲਈ ਪ੍ਰੇਰਿਤ ਕਰਨਾ, ਮਾਪਿਆਂ ਨੂੰ ਬਾਲ ਵਿਕਾਸ ਅਤੇ ਵਿਕਾਸ ਬਾਰੇ ਸਿੱਖਿਅਤ ਕਰਨਾ, ਕਿਸ਼ੋਰ ਲੜਕੀਆਂ ਅਤੇ ਮਾਪਿਆਂ ਨੂੰ ਸਿੱਖਿਅਤ ਕਰਨ ਲਈ ਸਮਾਜਿਕ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕਰਨਾ, ਬੱਚਿਆਂ ਵਿੱਚ ਅਸਮਰਥਤਾਵਾਂ ਦੀ ਪਛਾਣ ਕਰਨਾ ਆਦਿ ਸ਼ਕਤੀ ਯੋਜਨਾ (ਕੇਐਸਵਾਈ) ਨੂੰ ਲਾਗੂ ਕਰਨ ਅਤੇ ਲਾਗੂ ਕਰਨ ਵਿੱਚ ਸਹਾਇਤਾ ਕਰਨ ਲਈ।

ਆਂਗਣਵਾੜੀ ਪ੍ਰੋਗਰਾਮ ਦੀਆਂ ਬੁਨਿਆਦੀ ਗੱਲਾਂ (ICDS) ICDS ਦੇ ਅਧੀਨ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਬੁਨਿਆਦੀ ਸੇਵਾਵਾਂ ਜਿਵੇਂ ਕਿ ਪੋਸ਼ਣ, ਸਿਹਤ ਅਤੇ ਪ੍ਰੀ-ਸਕੂਲ ਸਿੱਖਿਆ ਦਾ ਹੇਠਾਂ ਜ਼ਿਕਰ ਕੀਤਾ ਗਿਆ ਹੈ।

**ਵਿਸ਼ਾ:** ਪੋਸ਼ਣ ਸੇਵਾਵਾਂ ਵਿੱਚ ਖੁਰਾਕ ਪੂਰਕ, ਵਿਕਾਸ ਦੀ ਨਿਗਰਾਨੀ, ਅਤੇ ਪੋਸ਼ਣ ਅਤੇ ਸਿਹਤ ਸਲਾਹ ਸ਼ਾਮਲ ਹੁੰਦੀ ਹੈ। ਸਿਹਤ ਸੇਵਾਵਾਂ ਵਿੱਚ ਟੀਕਾਕਰਨ, ਮੁੱਢਲੀ ਸਿਹਤ ਸੰਭਾਲ ਅਤੇ ਰੈਫ਼ਰਲ ਸੇਵਾਵਾਂ ਸ਼ਾਮਲ ਹਨ। ਪ੍ਰੀ-ਸਕੂਲ ਸਿੱਖਿਆ ਵਿੱਚ ਆਂਗਣਵਾੜੀ ਵਿੱਚ ਵੱਖ-ਵੱਖ ਪ੍ਰੋਤਸਾਹਨ ਅਤੇ ਸਿੱਖਣ ਦੀਆਂ ਗਤੀਵਿਧੀਆਂ ਸ਼ਾਮਲ ਹਨ। ਪੋਸ਼ਣ ਪੂਰਕ ਪੋਸ਼ਣ: ਪੋਸ਼ਣ ਦਾ ਹਿਸਾ ਰਾਜ ਤੋਂ ਰਾਜ ਵਿੱਚ ਵੱਖ-ਵੱਖ ਹੁੰਦਾ ਹੈ, ਪਰ ਆਮ ਤੌਰ 'ਤੇ ਆਂਗਣਵਾੜੀ ਵਿੱਚ ਪਕਾਇਆ ਗਿਆ ਗਰਮ ਭੋਜਨ ਸ਼ਾਮਲ ਹੁੰਦਾ ਹੈ। ਇਹ ਦਾਲਾਂ, ਅਨਾਜ, ਤੇਲ, ਸਬਜ਼ੀਆਂ, ਚੀਨੀ, ਆਇਓਡੀਨਾਈਜ਼ਡ ਨਮਕ ਆਦਿ ਦੇ ਮਿਸ਼ਰਣ 'ਤੇ ਆਧਾਰਿਤ ਹੈ। ਕਈ ਵਾਰ ਤਿੰਨ ਸਾਲਨਾਬਾਲਗ ਬੱਚਿਆਂ ਲਈ "ਘਰ ਲੈ ਜਾਣ ਵਾਲਾ ਰਾਸ਼ਨ" ਦਿੱਤਾ ਜਾਂਦਾ ਹੈ। ਵਿਕਾਸ ਦੀ ਨਿਗਰਾਨੀ ਅਤੇ ਤਰੱਕੀ: ਤਿੰਨ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਸਿਹਤ ਅਤੇ ਪੋਸ਼ਣ ਸਥਿਤੀ ਦੀ ਨਿਗਰਾਨੀ ਕਰਨ ਲਈ ਮਹੀਨੇ ਵਿੱਚ ਇੱਕ ਵਾਰ ਤੋਲਿਆ ਜਾਂਦਾ ਹੈ। ਵੱਡੀ ਉਮਰ ਦੇ ਬੱਚਿਆਂ ਨੂੰ ਇੱਕ ਤਿਮਾਹੀ ਵਿੱਚ ਇੱਕ ਵਾਰ ਤੋਲਿਆ ਜਾਂਦਾ ਹੈ। ਸਮੇਂ ਦੇ ਨਾਲ ਵਿਕਾਸ ਦਰ ਦਾ ਪਤਾ ਲਗਾਉਣ ਲਈ ਵਿਕਾਸ ਚਾਰਟ ਰੱਖੇ ਜਾਂਦੇ ਹਨ। ਪੋਸ਼ਣ ਅਤੇ ਸਿਹਤ ਸਿੱਖਿਆ: NHE ਦਾ ਉਦੇਸ਼ 15-45 ਸਾਲ ਦੀ ਉਮਰ ਦੀਆਂ ਔਰਤਾਂ ਨੂੰ ਉਹਨਾਂ ਦੀ ਸਿਹਤ ਅਤੇ ਪੋਸ਼ਣ ਸੰਬੰਧੀ ਲੋੜਾਂ ਦੇ ਨਾਲ-ਨਾਲ ਉਹਨਾਂ ਦੇ ਬੱਚਿਆਂ ਅਤੇ ਪਰਿਵਾਰਾਂ ਦੀ ਦੇਖਭਾਲ ਕਿਵੇਂ ਕਰਨੀ ਹੈ ਬਾਰੇ ਸਿੱਖਿਅਤ ਕਰਨਾ ਹੈ।ਕਰਨ ਵਿੱਚ ਮਦਦ ਕਰਨ ਲਈ। NHE ਨੂੰ ਕਾਉਂਸਲਿੰਗ ਸੈਸ਼ਨਾਂ, ਘਰੇਲੂ ਮੁਲਾਕਾਤਾਂ ਅਤੇ ਪ੍ਰਦਰਸ਼ਨਾਂ ਰਾਹੀਂ ਦਿੱਤਾ ਜਾਂਦਾ ਹੈ। ਇਸ ਵਿੱਚ ਬੱਚੇ ਦਾ ਦੁੱਧ ਪਿਲਾਉਣ, ਪਰਿਵਾਰ ਨਿਯੋਜਨ, ਸਵੱਛਤਾ, ਸਿਹਤ ਸੇਵਾਵਾਂ ਤੱਕ ਪਹੁੰਚ ਆਦਿ ਵਰਗੇ ਮੁੱਦੇ ਸ਼ਾਮਲ ਹਨ। ਸਿਹਤ ਟੀਕੇ: ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪੋਲੀਓ, ਡੀਪੀਟੀ (ਡਿਪਥੀਰੀਆ, ਪਰਟੂਸਿਸ, ਟੈਟਨਸ), ਖਸਰਾ ਅਤੇ ਤਪਦਿਕ ਦੇ ਵਿਰੁੱਧ ਟੀਕਾਕਰਨ ਕੀਤਾ ਜਾਂਦਾ ਹੈ, ਜਦੋਂ ਕਿ ਗਰਭਵਤੀ ਔਰਤਾਂ ਨੂੰ ਟੈਟਨਸ ਦੇ ਵਿਰੁੱਧ ਟੀਕਾ ਲਗਾਇਆ ਜਾਂਦਾ ਹੈ। ਇਹ ICDS ਅਤੇ ਸਿਹਤ ਵਿਭਾਗ ਦੀ ਸਾਂਝੀ ਜ਼ਿੰਮੇਵਾਰੀ ਹੈ। ਆਂਗਣਵਾੜੀ ਵਰਕਰ ਦੀ ਮੁੱਖ ਭੂਮਿਕਾ ਇਸ ਦਾ ਉਦੇਸ਼ ਰਿਕਾਰਡਾਂ ਨੂੰ ਕਾਇਮ ਰੱਖਣ, ਮਾਪਿਆਂ ਨੂੰ ਪ੍ਰੇਰਿਤ ਕਰਨ ਅਤੇ ਟੀਕਾਕਰਨ ਸੈਸ਼ਨ ਆਯੋਜਿਤ ਕਰਨ ਵਿੱਚ ਸਿਹਤ ਕਰਮਚਾਰੀਆਂ (ਜਿਵੇਂ ANMs) ਦੀ ਸਹਾਇਤਾ ਕਰਨਾ ਹੈ। ਸਿਹਤ ਸੇਵਾਵਾਂ: ਆਂਗਣਵਾੜੀ ਵਰਕਰਾਂ ਦੁਆਰਾ ਕਈ ਤਰ੍ਹਾਂ ਦੀਆਂ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜਿਸ ਵਿੱਚ ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਸਿਹਤ ਜਾਂਚ, ਗਰਭਵਤੀ ਮਾਵਾਂ ਦੀ ਜਣੇਪੇ ਤੋਂ ਪਹਿਲਾਂ ਦੇਖਭਾਲ, ਦੁੱਧ ਚੁੰਘਾਉਣ ਵਾਲੀਆਂ ਮਾਵਾਂ ਦੀ ਜਨਮ ਤੋਂ ਬਾਅਦ ਦੀ ਦੇਖਭਾਲ, ਭਾਰ ਰਿਕਾਰਡਿੰਗ, ਕੁਪੋਸ਼ਣ ਦਾ ਪ੍ਰਬੰਧਨ ਅਤੇ ਛੋਟੀਆਂ ਬਿਮਾਰੀਆਂ ਦਾ ਇਲਾਜ ਸ਼ਾਮਲ ਹੈ। ਸ਼ਾਮਲ ਹੈ। ਰੈਫਰਲ ਸੇਵਾਵਾਂ: ਇਹ ਸੇਵਾ ਬਿਮਾਰ ਜਾਂ ਕੁਪੋਸ਼ਿਤ ਬੱਚਿਆਂ ਨੂੰ ਰੈਫਰਲ ਸੇਵਾਵਾਂ ਪ੍ਰਦਾਨ ਕਰਦੀ ਹੈ। ਜਤਨ ਕਰਦਾ ਹੈ। ਅਪਾਹਜ ਲੋਕ ਅਤੇ ਹੋਰ ਬੱਚੇ ਜਿਨ੍ਹਾਂ ਨੂੰ ਜਨਤਕ ਸਿਹਤ ਸੰਭਾਲ ਪ੍ਰਣਾਲੀ ਨਾਲ ਡਾਕਟਰੀ ਦੇਖਭਾਲ ਦੀ ਲੋੜ ਹੁੰਦੀ ਹੈ, ਨੂੰ ਵੀ ਕਵਰ ਕੀਤਾ ਜਾਂਦਾ ਹੈ। ਅਤੇ ਇਹ ਕੇਸ ਆਂਗਣਵਾੜੀ ਵਰਕਰ ਵੱਲੋਂ ਪ੍ਰਾਇਮਰੀ ਹੈਲਥ ਸੈਂਟਰਾਂ (ਪੀ.ਐਚ.ਸੀ.) ਦੇ ਮੈਡੀਕਲ ਅਫਸਰਾਂ ਨੂੰ ਭੇਜੇ ਜਾਂਦੇ ਹਨ। ਪ੍ਰੀ-ਸਕੂਲ ਐਜੂਕੇਸ਼ਨ ਪ੍ਰੀ-ਸਕੂਲ ਐਜੂਕੇਸ਼ਨ (PSE): PSE ਦਾ ਉਦੇਸ਼ 3-6 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸਿੱਖਣ ਦਾ ਮਾਹੌਲ ਪ੍ਰਦਾਨ ਕਰਨਾ ਅਤੇ ਤਿੰਨ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸ਼ੁਰੂਆਤੀ ਦੇਖਭਾਲ ਅਤੇ ਉਤੇਜਨਾ ਪ੍ਰਦਾਨ ਕਰਨਾ ਹੈ। ਬੱਚੇ ਦੇ ਸਮਾਜਿਕ PSE ਭਾਵਨਾਤਮਕ, ਬੋਧਾਤਮਕ, ਸਰੀਰਕ ਅਤੇ ਸੁਹਜ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਉਸ ਨੂੰ ਪ੍ਰਾਇਮਰੀ ਸਕੂਲਿੰਗ ਲਈ ਤਿਆਰ ਕਰਨ ਲਈ "ਖੇਡ" ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ। ਆਂਗਣਵਾੜੀ ਪ੍ਰੋਗਰਾਮ ਦਾ ਮਹੱਤਵ ਆਂਗਣਵਾੜੀ ਪ੍ਰੋਗਰਾਮ ਇਸ ਦੀਆਂ ਬਹੁਤ ਸਾਰੀਆਂ ਬਾਲ ਵਿਕਾਸ ਗਤੀਵਿਧੀਆਂ ਕਾਰਨ ਮਹੱਤਵਪੂਰਨ ਹੈ। ਪ੍ਰੋਗਰਾਮ ਦੀ ਮਹੱਤਤਾ ਦੇ ਪਿੱਛੇ ਕਾਰਨ ਹਨ: ਬੱਚਿਆਂ ਦੇ ਸ਼ੁਰੂਆਤੀ ਸਾਲ ਸੰਵੇਦਨਸ਼ੀਲ ਹੁੰਦੇ ਹਨ: ਕਿਉਂਕਿ ਪਹਿਲੇ ਛੇ ਸਾਲ ਮਨੁੱਖੀ ਜੀਵਨ ਦਾ ਸਭ ਤੋਂ ਸੰਵੇਦਨਸ਼ੀਲ ਸਮਾਂ ਹੁੰਦਾ ਹੈ ਜਦੋਂ ਬੱਚੇ ਦਾ ਬਚਾਅ ਕਰਨਾ ਇੱਕ ਚੁਣੌਤੀ ਹੁੰਦਾ ਹੈ। ਮਨੁੱਖੀ ਵਿਕਾਸ ਦੀ ਤੇਜ਼ ਮਿਆਦ: ਕਿਉਂਕਿ ਇਹ ਇਹ ਮਨੁੱਖੀ ਵਿਕਾਸ ਦਾ ਸਭ ਤੋਂ ਤੇਜ਼ ਦੌਰ ਵੀ ਹੈ: ਇੱਕ ਬੱਚੇ ਤੋਂ ਲੈ ਕੇ ਆਪਣਾ ਸਿਰ ਚੁੱਕਣ ਵਿੱਚ ਅਸਮਰੱਥ, ਇੱਕ ਬਕਬਕ ਬੱਚੇ ਤੱਕ, ਆਲੇ-ਦੁਆਲੇ ਦੌੜਨਾ, ਸੈਂਕੜੇ ਸਵਾਲ ਪੁੱਛਣਾ, ਸਕੂਲ ਲਈ ਤਿਆਰ ਹੋਣਾ - ਇਹ ਉਹ ਸਫ਼ਰ ਹੈ ਜਿਸ ਵਿੱਚੋਂ ਇੱਕ ਬੱਚਾ ਸਿਰਫ਼ ਛੇ ਵਿੱਚ ਹੀ ਲੰਘਦਾ ਹੈ। ਸਾਲ ਦਾ ਫੈਸਲਾ ਕਰਦਾ ਹੈ। ਸਭ ਤੋਂ ਪਹਿਲਾਂ, ਵਿਗਿਆਨਕ ਖੋਜਾਂ ਅਨੁਸਾਰ ਜੀਵਨ ਦੇ ਛੇ ਸਾਲ ਸਿੱਖਣ ਲਈ ਸਭ ਤੋਂ ਮਹੱਤਵਪੂਰਨ ਹਨ: ਕਿਉਂਕਿ ਵਿਗਿਆਨ ਨੇ ਇਹ ਸਥਾਪਿਤ ਕੀਤਾ ਹੈ ਕਿ ਮਨੁੱਖੀ ਸਿਹਤ, ਭਾਸ਼ਾ, ਸਿੱਖਣ ਦੀ ਯੋਗਤਾ, ਸਵੈ-ਵਿਸ਼ਵਾਸ ਅਤੇ ਸ਼ਖਸੀਅਤ ਦੀ ਨੀਂਹ ਜੀਵਨ ਦੇ ਪਹਿਲੇ ਛੇ ਸਾਲਾਂ ਵਿੱਚ ਰੱਖੀ ਜਾਂਦੀ ਹੈ। ਉਦਾਹਰਨ ਲਈ, ਦਿਮਾਗ ਦਾ 80% ਵਿਕਾਸ ਇਹਨਾਂ ਛੇ ਸਾਲਾਂ ਵਿੱਚ ਹੁੰਦਾ ਹੈ। ਪੋਸ਼ਣ, ਸਿਹਤ ਅਤੇ ਸਿੱਖਿਆ ਮੌਲਿਕ ਅਧਿਕਾਰ ਹਨ: ਕਿਉਂਕਿ ਹਰ ਬੱਚੇ ਦਾ ਪੋਸ਼ਣ, ਸਿਹਤ ਅਤੇ ਸਿੱਖਿਆ ਦਾ ਇੱਕ ਮੌਲਿਕ ਅਧਿਕਾਰ ਹੈ - ਵਿਕਾਸ ਅਤੇ ਵਿਕਾਸ ਲਈ ਜ਼ਰੂਰੀ ਹੈ। ਸਾਰੇ ਬੱਚਿਆਂ ਨੂੰ ਚੰਗੀ ਗੁਣਵੱਤਾ ਵਾਲੀਆਂ ICDS ਸੇਵਾਵਾਂ ਪ੍ਰਦਾਨ ਕਰਨਾ ਇਸ ਅਧਿਕਾਰ ਨੂੰ ਹਕੀਕਤ ਬਣਾਉਣ ਵੱਲ ਇੱਕ ਕਦਮ ਹੈ। ਸਕੂਲੀ ਪੜ੍ਹਾਈ ਦੇ ਨੀਵੇਂ ਪੱਧਰ ਦੇ ਪ੍ਰਭਾਵ: ਸਕੂਲੀ ਪੜ੍ਹਾਈ ਤੋਂ ਬਿਨਾਂ, ਲੱਖਾਂ ਬੱਚੇ ਬਾਲ ਮਜ਼ਦੂਰੀ ਲਈ ਮਜਬੂਰ ਹੁੰਦੇ ਹਨ ਅਤੇ ਜੀਵਨ ਭਰ ਸਮਾਜਿਕ ਬੇਦਖਲੀ, ਘੱਟ ਕਮਾਈ ਅਤੇ ਸ਼ੋਸ਼ਣ ਦਾ ਸਾਹਮਣਾ ਕਰਦੇ ਹਨ, ਦਾ ਸ਼ਿਕਾਰ ਹੋਣਾ ਪੈਂਦਾ ਹੈ। ਉਨ੍ਹਾਂ ਵਿੱਚੋਂ ਕੁਝ ਘਰੇਲੂ ਸਹਾਇਕਾਂ ਜਾਂ ਢਾਬਿਆਂ ਵਿੱਚ ਲੰਬੇ ਸਮੇਂ ਤੱਕ ਕੰਮ ਕਰਦੇ ਹਨ, ਅਤੇ ਬਾਕੀਆਂ ਨੂੰ ਭੀਖ ਮੰਗਣ ਜਾਂ ਵੇਸਵਾਗਮਨੀ ਲਈ ਮਜਬੂਰ ਕੀਤਾ ਜਾਂਦਾ ਹੈ, ਜਾਂ ਰੈਗਪਿਕਰ ਵਜੋਂ ਕੰਮ ਕੀਤਾ ਜਾਂਦਾ ਹੈ। ਜਦੋਂ ਉਹ ਵੱਡੇ ਹੁੰਦੇ ਹਨ, ਤਾਂ ਉਹ ਸਾਡੇ ਸਮਾਜ ਦੇ ਸਭ ਤੋਂ ਹੇਠਲੇ ਪੱਧਰ 'ਤੇ ਗੈਰ-ਹੁਨਰਮੰਦ ਕਾਮਿਆਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ ਅਤੇ ਉਨ੍ਹਾਂ ਨੂੰ ਬਰਾਬਰ ਦੇ ਮੌਕੇ ਅਤੇ ਵਿਕਲਪਾਂ ਤੋਂ ਇਨਕਾਰ ਕੀਤਾ ਜਾਂਦਾ ਹੈ। ਇਹ ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ ਿਛਧਾਂ ਨਾਲ ਕਿਵੇਂ ਸੰਬੰਧਿਤ ਹੈ? ਸਿੱਖਣਾ ਜਨਮ ਤੋਂ ਸ਼ੁਰੂ ਹੁੰਦਾ ਹੈ ਅਤੇ ਇਹ ਚੰਗੀ ਤਰ੍ਹਾਂ ਸ਼ੁਰੂ ਹੁੰਦਾ ਹੈ। ਇਹ ਸਥਾਪਿਤ ਕੀਤਾ ਗਿਆ ਹੈ ਕਿ ਬੱਚਿਆਂ ਨੂੰ ਰਸਮੀ ਸਕੂਲੀ ਸਿੱਖਿਆ ਲਈ ਤਿਆਰ ਕਰਨ ਵਿੱਚ ਮਦਦ ਕਰਨ ਲਈ ਪ੍ਰੀ-ਸਕੂਲ ਸਿੱਖਿਆ ਬਹੁਤ ਮਹੱਤਵਪੂਰਨ ਹੈ। ਪ੍ਰੀ-ਸਕੂਲ ਸਿੱਖਿਆ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਹੋਣ ਅਤੇ ਸਿਸਟਮ ਦੇ ਅੰਦਰ ਰਹਿਣ ਵਿੱਚ ਮਦਦ ਕਰਦੀ ਹੈ। ਇੱਕ ਬੱਚਾ ਉਦੋਂ ਤੱਕ ਸਿੱਖਿਆ ਦੇ ਆਪਣੇ ਅਧਿਕਾਰ ਨੂੰ ਪੂਰੀ ਤਰ੍ਹਾਂ ਮਹਿਸੂਸ ਨਹੀਂ ਕਰ ਸਕਦਾ ਜਦੋਂ ਤੱਕ ਉਸ ਕੋਲ ਮਿਆਰੀ ਬਚਪਨ ਦੀ ਦੇਖਭਾਲ ਅਤੇ ਸਿੱਖਿਆ ਤੱਕ ਪਹੁੰਚ ਨਹੀਂ ਹੁੰਦੀ। ਭਾਰਤ ਵਿੱਚ ਬੱਚਿਆਂ ਵਿੱਚ ਕੁਪੋਸ਼ਣ ਬਾਰੇ ਕੁਝ ਤੱਥ ਕੁਪੋਸ਼ਣ ਜਨਮ ਤੋਂ ਪਹਿਲਾਂ ਜਾਂ ਇਸ ਤੋਂ ਵੀ ਪਹਿਲਾਂ, ਗਰਭ ਅਵਸਥਾ ਦੌਰਾਨ ਸ਼ੁਰੂ ਹੁੰਦਾ ਹੈ। ਹਾਲਾਂਕਿ, ਇਸ 6 ਮਹੀਨੇ 1 ਤੋਂ 3 ਸਾਲ ਦੀ ਉਮਰ ਵਿੱਚ ਤੇਜ਼ੀ ਨਾਲ ਵਧਦਾ ਹੈ। ਛੇ ਮਹੀਨਿਆਂ ਦੀ ਉਮਰ ਤੱਕ ਦੇ ਬੱਚਿਆਂ ਦੀ ਚੰਗੀ ਸਿਹਤ ਲਈ ਵਿਸ਼ੇਸ਼ ਛਾਤੀ ਦਾ ਦੁੱਧ ਚੁੰਘਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਇਸ ਮਿਆਦ ਦੇ ਬਾਅਦ, ਇਕੱਲੇ ਮਾਂ ਦਾ ਦੁੱਧ ਵਧ ਰਹੇ ਬੱਚੇ ਲਈ ਕਾਫੀ ਨਹੀਂ ਹੁੰਦਾ। ਬੱਚਾ ਵੀ ਬੇਵੱਸ ਹੈ; ਉਹ ਆਪਣੇ ਆਪ ਨੂੰ ਭੋਜਨ ਨਹੀਂ ਦੇ ਸਕਦਾ ਜਾਂ ਹੋਰ ਮੰਗ ਨਹੀਂ ਸਕਦਾ। ਇਸ ਦੌਰਾਨ ਉਸ ਨੂੰ ਇਨਫੈਕਸ਼ਨ ਦਾ ਵੀ ਜ਼ਿਆਦਾ ਖ਼ਤਰਾ ਰਹਿੰਦਾ ਹੈ। ਇਸ ਉਮਰ ਵਿੱਚ ਇੱਕ ਬੱਚੇ ਨੂੰ ਅਕਸਰ ਦੁੱਧ ਚੁੰਘਾਉਣ ਦੇ ਨਾਲ-ਨਾਲ ਨਰਮ ਭੋਜਨ ਦੀ ਲੋੜ ਹੁੰਦੀ ਹੈ ਜੋ ਸਿਰਫ਼ ਇੱਕ ਬਾਲਗ ਹੀ ਉਸਨੂੰ ਦੇ ਸਕਦਾ ਹੈ। ਬਹੁਤ ਸਾਰੇ ਬੱਚੇ ਇਹਨਾਂ ਸਿਹਤਮੰਦ ਖੁਰਾਕ ਅਭਿਆਸਾਂ ਤੋਂ ਵਾਂਝੇ ਹਨ।ਅਤੇ ਨਤੀਜੇ ਵਜੋਂ, ਉਹਨਾਂ ਦੀ ਪੋਸ਼ਣ ਸਥਿਤੀ ਵਿਗੜ ਜਾਂਦੀ ਹੈ। ਪਰ ICDS ਇਸ ਵਿੱਚ ਇੱਕ ਫਰਕ ਲਿਆ ਸਕਦਾ ਹੈ। ਕਿਉਂਕਿ ਇਹ ਪ੍ਰੋਗਰਾਮ ਬੱਚਿਆਂ ਨੂੰ ਕੁਪੋਸ਼ਣ ਅਤੇ ਗਰੀਬੀ ਦੇ ਦੁਸ਼ਟ ਚੱਕਰ ਤੋਂ ਬਚਾ ਰਿਹਾ ਹੈ, ਇਸ ਲਈ ਇਸ ਲਈ ਬਹੁਤ ਸਾਰੀਆਂ ਪੂਰਕ ਕਾਰਵਾਈਆਂ ਦੀ ਲੋੜ ਹੈ ਜਿਵੇਂ ਕਿ ਪਿਆਰ ਭਰੀ ਦੇਖਭਾਲ, ਪੂਰਕ ਪੋਸ਼ਣ, ਟੀਕਾਕਰਨ, ਸਿਹਤ ਸੇਵਾਵਾਂ ਅਤੇ ਉਤੇਜਨਾ ਅਤੇ ਸਿੱਖਣ ਲਈ ਮਾਹੌਲ। ICDS ਦਾ ਉਦੇਸ਼ ਇਹ ਮੁਫਤ ਸੇਵਾਵਾਂ ਨੂੰ ਏਕੀਕ੍ਰਿਤ ਤਰੀਕੇ ਨਾਲ ਪ੍ਰਦਾਨ ਕਰਨਾ ਹੈ। ਇਹ ਸੇਵਾਵਾਂ ਪ੍ਰਦਾਨ ਕਰਨ ਦਾ ਇੰਚਾਰਜ ਕੌਣ ਹੈ? ਿਛਧਾਂ ਇੱਕ ਗੁੰਝਲਦਾਰ ਪ੍ਰੋਗਰਾਮ ਹੈ ਜਿਸ ਵਿੱਚ ਬਹੁਤ ਸਾਰੇ ਕਲਾਕਾਰ ਆਪਣੀਆਂ ਭੂਮਿਕਾਵਾਂ ਨਿਭਾਉਂਦੇ ਹਨ। ਪ੍ਰੋਗਰਾਮ ਨੂੰ ਲਾਗੂ ਕਰਨ ਦੀ ਮੁੱਢਲੀ ਜ਼ਿੰਮੇਵਾਰੀ ਰਾਜ ਸਰਕਾਰ ਦੀ ਹੈ। ਰਾਜ ਪੱਧਰ 'ਤੇ ICDS ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਨੋਡਲ ਵਿਭਾਗ ਆਮ ਤੌਰ 'ਤੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ, ਜਾਂ ਕਈ ਵਾਰ ਸਬੰਧਤ ਵਿਭਾਗ (ਜਿਵੇਂ ਕਿ ਸਮਾਜ ਭਲਾਈ ਵਿਭਾਗ) ਹੁੰਦਾ ਹੈ। ਜ਼ਮੀਨੀ ਪੱਧਰ 'ਤੇ, ਮੁੱਖ ਭੂਮਿਕਾ ਆਂਗਣਵਾੜੀ ਵਰਕਰ ਦੁਆਰਾ ਨਿਭਾਈ ਜਾਂਦੀ ਹੈ ਜੋ ਆਂਗਣਵਾੜੀਆਂ ਦੇ ਇਕੱਲੇ ਪ੍ਰਬੰਧਕ ਵਜੋਂ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਂਦੀ ਹੈ। ਸਰਗਰਮ ਆਂਗਣਵਾੜੀ ਵਰਕਰ ਸੱਚੇ ਯੋਧੇ ਹਨ। ਇਹਨਾਂ ਦੀ ਪ੍ਰਭਾਵਸ਼ੀਲਤਾ ਕਈ ਹੋਰਾਂ ਦੁਆਰਾ ਪ੍ਰਦਰਸ਼ਿਤ ਕੀਤੀ ਗਈ ਹੈ ਜਿਵੇਂ ਕਿ ਆਂਗਣਵਾੜੀ ਸਹਾਇਕਾ, ਸਹਾਇਕ ਨਰਸ ਮਿਡਵਾਈਫ (ANM), ਸੁਪਰਵਾਈਜ਼ਰ, ਬਾਲ ਵਿਕਾਸ ਪ੍ਰੋਜੈਕਟ ਅਫਸਰ (CDPO) ਅਤੇ ਬੇਸ਼ੱਕ ਪਿੰਡ ਦੇ ਭਾਈਚਾਰੇ ਦੇ ਸਮਰਥਨ ਅਤੇ ਸਹਿਯੋਗ 'ਤੇ ਨਿਰਭਰ ਕਰਦਾ ਹੈ। ਆਂਗਣਵਾੜੀ ਵਰਕਰ (AWW): ਉਹ ਪ੍ਰੋਗਰਾਮ ਦਾ ਥੰਮ੍ਹ ਹੈ। ਉਸਦਾ ਕੰਮ ਆਂਗਣਵਾੜੀ ਚਲਾਉਣਾ, ਆਸ-ਪਾਸ ਦੇ ਸਾਰੇ ਪਰਿਵਾਰਾਂ ਦਾ ਸਰਵੇਖਣ ਕਰਨਾ, ਯੋਗ ਬੱਚਿਆਂ ਨੂੰ ਦਾਖਲ ਕਰਨਾ, ਇਹ ਯਕੀਨੀ ਬਣਾਉਣਾ ਕਿ ਹਰ ਰੋਜ਼ ਸਮੇਂ 'ਤੇ ਭੋਜਨ ਪਰੋਸਿਆ ਜਾਵੇ, ਪ੍ਰੀ-ਸਕੂਲ ਸਿੱਖਿਆ ਗਤੀਵਿਧੀਆਂ ਦਾ ਸੰਚਾਲਨ ਕਰਨਾ, ਉਸ ਦੇ ਨਾਲ ਟੀਕਾਕਰਨ ਸੈਸ਼ਨ ਆਯੋਜਿਤ ਕਰਨਾ, ਗਰਭਵਤੀ ਮਾਵਾਂ ਦੇ ਘਰਾਂ ਦਾ ਦੌਰਾ ਕਰਨਾ ਆਦਿ।



ਸਾਰੀ ਸੂਚੀ ਬਹੁਤ ਲੰਬੀ ਹੈ! ਆਂਗਣਵਾੜੀ ਹੈਲਪਰ (AWH): AWH ICDS ਨੂੰ ਲਾਗੂ ਕਰਨ ਲਈ ਵੀ ਕੇਂਦਰੀ ਹੈ। ਉਸ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਂਗਣਵਾੜੀ ਵਰਕਰ ਨੂੰ ਉਸ ਦੇ ਕੰਮ ਵਿਚ ਸਹਾਇਤਾ ਕਰੇਗਾ। ਉਹਨਾਂ ਦੇ ਮੁੱਖ ਫਰਜ਼ ਬੱਚਿਆਂ ਨੂੰ ਆਂਗਣਵਾੜੀ ਵਿੱਚ ਲਿਆਉਣਾ, ਉਹਨਾਂ ਲਈ ਖਾਣਾ ਪਕਾਉਣਾ ਅਤੇ ਆਂਗਣਵਾੜੀ ਕੇਂਦਰ (ਆਂਗਣਵਾੜੀ ਕੇਂਦਰ) ਦੇ ਰੱਖ-ਰਖਾਅ ਵਿੱਚ ਮਦਦ ਕਰਨਾ ਹੈ। CDPO: ICDS ਪ੍ਰੋਗਰਾਮ "ਪ੍ਰੋਜੈਕਟਾਂ" ਦੇ ਸੰਗ੍ਰਹਿ ਵਜੋਂ ਆਯੋਜਿਤ ਕੀਤਾ ਜਾਂਦਾ ਹੈ। ਆਮ ਤੌਰ 'ਤੇ, ਇੱਕ ICDS ਪ੍ਰੋਜੈਕਟ ਲਗਭਗ 100,000 ਦੀ ਆਬਾਦੀ ਨੂੰ ਕਵਰ ਕਰਦਾ ਹੈ ਅਤੇ ਲਗਭਗ 100 ਆਂਗਣਵਾੜੀਆਂ ਚਲਾਉਂਦਾ ਹੈ। ਹਰੇਕ ਪ੍ਰੋਜੈਕਟ ਦਾ ਪ੍ਰਬੰਧਨ ਇੱਕ ਬਾਲ ਵਿਕਾਸ ਪ੍ਰੋਜੈਕਟ ਅਫਸਰ (ਛਧਫੌ) ਦੁਆਰਾ ਕੀਤਾ ਜਾਂਦਾ ਹੈ। CDPO ਦਾ ਦਫ਼ਤਰ ICDS ਪ੍ਰੋਜੈਕਟ ਲਈ ਇੱਕ ਕਿਸਮ ਦਾ "ਹੈੱਡਕੁਆਰਟਰ" ਹੈ। ਸੁਪਰਵਾਈਜ਼ਰ: ਸੀਡੀਪੀਓਜ਼ ਨੂੰ "ਨਿਗਰਾਨਾਂ" ਦੁਆਰਾ ਸਹਾਇਤਾ ਦਿੱਤੀ ਜਾਂਦੀ ਹੈ ਜੋ ਆਂਗਣਵਾੜੀਆਂ ਦੇ ਨਿਯਮਤ ਦੌਰੇ ਕਰਦੇ ਹਨ। ਸੁਪਰਵਾਈਜ਼ਰਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਰਜਿਸਟਰਾਂ ਦੀ ਜਾਂਚ ਕਰਨਗੇ, ਅਹਾਤੇ ਦਾ ਮੁਆਇਨਾ ਕਰਨਗੇ, ਆਂਗਣਵਾੜੀ ਵਰਕਰ ਨੂੰ ਸਲਾਹ ਦੇਣਗੇ, ਉਸ ਨੂੰ ਦਰਪੇਸ਼ ਕਿਸੇ ਵੀ ਸਮੱਸਿਆ ਬਾਰੇ ਪੁੱਛਣਗੇ, ਆਦਿ। ਸਹਾਇਕ ਨਰਸ ਮਿਡਵਾਈਫ਼ (ANM):ANM ICDS ਅਤੇ ਸਿਹਤ ਵਿਭਾਗ ਵਿਚਕਾਰ ਇੱਕ ਮਹੱਤਵਪੂਰਨ ਕੜੀ ਵਜੋਂ ਕੰਮ ਕਰਦਾ ਹੈ। ICDS ਦੇ ਸੰਦਰਭ ਵਿੱਚ ਉਹਨਾਂ ਦਾ ਮੁੱਖ ਕੰਮ ਆਂਗਣਵਾੜੀ ਵਰਕਰ ਦੇ ਨਾਲ ਟੀਕਾਕਰਨ ਸੈਸ਼ਨਾਂ ਦਾ ਆਯੋਜਨ ਕਰਨਾ ਹੈ। ਉਹ ਆਂਗਣਵਾੜੀ ਵਿੱਚ ਮੁੱਢਲੀਆਂ ਸਿਹਤ ਸੰਭਾਲ ਸੇਵਾਵਾਂ ਵੀ ਪ੍ਰਦਾਨ ਕਰਦੀ ਹੈ। ਮਾਨਤਾ ਪ੍ਰਾਪਤ ਸੋਸ਼ਲ ਹੈਲਥ ਐਕਟੀਵਿਸਟ (ਆਸ਼ਾ) : ਨੈਸ਼ਨਲ ਰੂਰਲ ਹੈਲਥ ਮਿਸ਼ਨ ਪਿੰਡ ਪੱਧਰ 'ਤੇ ਮਹਿਲਾ ਸਵੈ-ਇੱਛੁਕ ਸਿਹਤ ਕਾਰਕੁੰਨਾਂ (ਆਸ਼ਾ) ਦਾ ਇੱਕ ਕਾਡਰ ਬਣਾਉਣ ਲਈ ਤਿਆਰ ਹੈ, ਜੋ ਪੋਸ਼ਣ ਅਤੇ ਸਿਹਤ ਨੂੰ ਬਿਹਤਰ ਬਣਾਉਣ ਲਈ ਓਂ ਅਤੇ ਆਂਗਨਵਾੜੀਆਂ ਦੁਆਰਾ ਸਹਿਯੋਗੀ ਹੋਣਗੇ।ਇੱਕ ਵਰਕਰ ਨਾਲ ਕੰਮ ਕਰਨ ਦੀ ਵੀ ਉਮੀਦ ਹੈ। ਔਰਤਾਂ ਅਤੇ ਬੱਚੇ। NGO: ਕੁਝ ਖੇਤਰਾਂ ਵਿੱਚ, NGOs ICDS ਨੂੰ ਲਾਗੂ ਕਰਨ ਵਿੱਚ ਇੱਕ ਸਰਗਰਮ ਭੂਮਿਕਾ ਨਿਭਾਉਂਦੀਆਂ ਹਨ। ਵਾਸਤਵ ਵਿੱਚ, ਕਈ ਵਾਰ ਪੂਰੇ ICDS "ਪ੍ਰੋਜੈਕਟਾਂ" ਦਾ ਪ੍ਰਬੰਧਨ ਇੱਕ ਇੱਕ NGO ਦੁਆਰਾ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ, ਕੇਅਰ ਅਤੇ ਯੂਨੀਸੇਫ ਵਰਗੀਆਂ ਅੰਤਰਰਾਸ਼ਟਰੀ ਸੰਸਥਾਵਾਂ ਅਕਸਰ ICDS ਨੂੰ ਖਾਸ ਸਹਾਇਤਾ ਪ੍ਰਦਾਨ ਕਰਦੀਆਂ ਹਨ। ਉਦਾਹਰਨ ਲਈ, CARE ਨੇ ਸਪਲੀਮੈਂਟਲ ਨਿਊਟ੍ਰੀਸ਼ਨ ਪ੍ਰੋਗਰਾਮ ਲਈ ਭੋਜਨ ਸਪਲਾਈ ਕੀਤਾ, ਅਤੇ UNICEF ਮੈਡੀਕਲ ਕਿੱਟਾਂ ਦੀ ਸਪਲਾਈ ਕਰਨ ਵਿੱਚ ਮਦਦ ਕਰ ਰਿਹਾ ਹੈ।

**ਭਾਈਚਾਰਾ:** ਆਈ.ਸੀ.ਡੀ.ਐਸ. ਦੇ ਡਿਜ਼ਾਈਨ ਵਿੱਚ ਭਾਈਚਾਰਕ ਭਾਗੀਦਾਰੀ ਇੱਕ ਮਹੱਤਵਪੂਰਨ ਤੱਤ ਹੈ। ਇਸ ਨਾਲ ਆਂਗਣਵਾੜੀਆਂ ਦੇ ਪ੍ਰਭਾਵਸ਼ਾਲੀ ਕੰਮਕਾਜ ਵਿੱਚ ਬਹੁਤ ਮਦਦ ਮਿਲ ਸਕਦੀ ਹੈ। ਉਦਾਹਰਨ ਲਈ, ਆਂਗਣਵਾੜੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਲਈ, ਇਹ ਯਕੀਨੀ ਬਣਾਉਣ ਲਈ ਕਿ ਉਹ ਹਰ ਰੋਜ਼ ਸਮੇਂ 'ਤੇ ਖੁੱਲ੍ਹਣ ਜਾਂ ਮਾਵਾਂ ਨੂੰ ਕਾਉਂਸਲਿੰਗ ਸੈਸ਼ਨਾਂ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰਨ ਲਈ ਕਮਿਊਨਿਟੀ ਨੂੰ ਸੰਗਠਿਤ ਕੀਤਾ ਜਾ ਸਕਦਾ ਹੈ।


ਭਾਈਚਾਰਕ ਭਾਗੀਦਾਰੀ ਗ੍ਰਾਮ ਪੰਚਾਇਤਾਂ, ਮਹਿਲਾ ਮੰਡਲਾਂ, ਸਵੈ-ਸਹਾਇਤਾ ਸਮੂਹਾਂ, ਯੁਵਾ ਸਮੂਹਾਂ ਜਾਂ ਸਿਰਫ਼ ਸਵੈ-ਸਹਿਤ ਸਹਿਯੋਗ ਦੁਆਰਾ ਹੋ ਸਕਦੀ ਹੈ। ਬਦਕਿਸਮਤੀ ਨਾਲ, ਮੌਜੂਦਾ ਸਥਿਤੀ ਦੇ ਅਨੁਸਾਰ, ICDS ਵਿੱਚ ਭਾਈਚਾਰੇ ਦੀ ਭਾਗੀਦਾਰੀ ਕਾਫ਼ੀ ਸੀਮਤ ਹੈ। ਇਸ ਤਰ੍ਹਾਂ, ਆਂਗਣਵਾੜੀ ਜਾਂ (ICDS) ਪ੍ਰਣਾਲੀ ਕਈ ਉਤਰਾਅ-ਚੜ੍ਹਾਅ ਵਿੱਚੋਂ ਲੰਘ ਰਹੀ ਹੈ। ਇਸਦਾ ਮਤਲਬ ਇਹ ਨਹੀਂ ਹੈ ਕਿ ਇਹ ਇੱਕ ਬੇਕਾਰ ਪ੍ਰੋਗਰਾਮ ਹੈ; ਪਰ ਦੂਜੇ ਪਾਸੇ, ਇਸ ਨੇ ਬਹੁਤ ਸਾਰੇ ਪੇਂਡੂ ਬੱਚਿਆਂ ਨੂੰ ਪ੍ਰਾਇਮਰੀ ਸਿੱਖਿਆ ਪ੍ਰਦਾਨ ਕਰਕੇ ਮਦਦ ਕੀਤੀ। ਇਸ ਲਈ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਇਸ ਪਵਿੱਤਰ ਸਮਾਜਿਕ ਕਾਰਜ ਵਿੱਚ ਇੱਕ ਦੂਜੇ ਦਾ ਸਾਥ ਦੇਣਾ ਸਾਡਾ ਸਮੂਹਿਕ ਫਰਜ਼ ਬਣਦਾ ਹੈ।

# ਸੋਲਰ ਵੇਸਟ ਕਾਰਨ ਵਧ ਰਹੀਆਂ ਸਮੱਸਿਆਵਾਂ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਬਿਜਲੀ ਦੀ ਕਿੱਲਤ ਨੂੰ ਦੂਰ ਕਰਨ ਲਈ ਅਪਣਾਏ ਜਾ ਰਹੇ ਮੌਜੂਦਾ ਸੋਲਰ ਪੈਨਲਾਂ ਨੂੰ ਪੱਚੀ ਤੋਂ ਤੀਹ ਸਾਲ ਤੱਕ ਚੱਲਣ ਲਈ ਤਿਆਰ ਕੀਤਾ ਗਿਆ ਹੈ, ਪਰ ਮੌਸਮ ਦੀ ਸਥਿਤੀ, ਦੁਰਘਟਨਾਵਾਂ ਜਾਂ ਹੋਰ ਕਾਰਨਾਂ ਕਰਕੇ, ਇਹ ਉਮੀਦ ਕੀਤੇ ਸਮੇਂ ਤੋਂ ਪਹਿਲਾਂ ਹੀ ਫੇਲ ਹੋ ਸਕਦੇ ਹਨ। ਖਰਾਬ ਸੋਲਰ ਪੈਨਲ ਕੰਮ ਕਰਨਾ ਬੰਦ ਕਰਦੇ ਹੀ ਵਾਤਾਵਰਣ ਪ੍ਰਦੂਸ਼ਣ ਦਾ ਕਾਰਨ ਬਣ ਜਾਂਦੇ ਹਨ। ਪਲਾਸਟਿਕ, ਵਾਹਨਾਂ, ਫੈਕਟਰੀਆਂ ਅਤੇ ਈ-ਕੂੜੇ ਤੋਂ ਬਾਅਦ ਸੋਲਰ ਪੈਨਲਾਂ ਨੂੰ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਵਿੱਚ ਅਹਿਮ ਭੂਮਿਕਾ ਮੰਨਿਆ ਜਾਂਦਾ ਹੈ। ਧਿਆਨਯੋਗ ਹੈ ਕਿ ਸੋਲਰ ਪੈਨਲਾਂ ਵਿੱਚ ਸਿਲੀਕਾਨ, ਗਲਾਸ, ਐਲੂਮੀਨੀਅਮ, ਇਹ ਸੀਸੇ, ਤਾਂਬੇ ਅਤੇ ਕੈਡਮੀਅਮ ਦਾ ਮਿਸ਼ਰਣ ਹੈ, ਜਿਸ ਨੂੰ ਆਸਾਨੀ ਨਾਲ ਰੀਸਾਈਕਲ ਨਹੀਂ ਕੀਤਾ ਜਾਂਦਾ। ਇਸ ਲਈ ਹੁਣ ਤੋਂ ਇਸ ਬਾਰੇ ਡੂੰਘੀ ਖੋਜ ਅਤੇ ਸਮਝ ਵਧਾਉਣ ਦੀ ਲੋੜ ਹੈ। ਇੰਟਰਨੈਸ਼ਨਲ ਰੀਨਿਊਏਬਲ ਐਨਰਜੀ ਏਜੰਸੀ ਮੁਤਾਬਕ ਵੱਡੀ ਮਾਤਰਾ 'ਚ ਸੋਲਰ ਪੈਨਲਾਂ ਦੇ ਉਤਪਾਦਨ ਅਤੇ ਇੰਸਟਾਲੇਸ਼ਨ ਕਾਰਨ 2030 ਤੱਕ ਇਸ ਤੋਂ ਪੈਦਾ ਹੋਣ ਵਾਲੇ ਕੂੜੇ 'ਚ ਕਾਫੀ ਵਾਧਾ ਹੋਵੇਗਾ, ਜਿਸ ਨਾਲ ਵਾਤਾਵਰਣ ਦੀਆਂ ਸਮੱਸਿਆਵਾਂ ਪੈਦਾ ਹੋਣ ਦੀ ਸੰਭਾਵਨਾ ਹੈ। ਇਸ ਲਈ ਅਜਿਹੇ ਪੈਨਲ ਬਣਾਉਣ ਦੀ ਜ਼ਰੂਰਤ ਹੈ ਜੋ ਲੰਬੇ ਸਮੇਂ ਤੱਕ ਚੱਲ ਸਕਣ ਭਾਵ ਕੂੜਾ ਪੈਦਾ ਕਰਨ ਦੀ ਪ੍ਰਕਿਰਿਆ ਬਹੁਤ ਹੌਲੀ ਹੈ। ਖੋਜ ਮੁਤਾਬਕ ਭਾਰਤ ਦੇ ਸੌਕੂੜੇ ਦੀ ਮਾਤਰਾ 2030 ਤੱਕ ਛੇ ਸੌ ਕਿਲੋਟਨ ਹੋਣ ਦੀ ਉਮੀਦ ਹੈ। ਇਹ ਮਾਤਰਾ 2050 ਤੱਕ ਤੀਹ ਗੁਣਾ ਵਧ ਜਾਵੇਗੀ, ਜਿਸ ਕਾਰਨ ਲਗਭਗ 19 ਹਜ਼ਾਰ ਕਿਲੋਟਨ ਸੰਚਤ ਰਹਿੰਦ-ਖੂੰਹਦ ਪੈਦਾ ਹੋਵੇਗਾ। ਇਹ ਹਿੱਸਾ 2040 ਤੱਕ ਵਧ ਕੇ 74 ਪ੍ਰਤੀਸ਼ਤ ਹੋ ਜਾਵੇਗਾ, ਕਿਉਂਕਿ ਮੌਜੂਦਾ ਸੋਲਰ ਪੈਨਲ ਆਪਣੇ ਜੀਵਨ ਦੇ ਅੰਤ ਤੱਕ ਪਹੁੰਚ ਜਾਂਦੇ ਹਨ। ਇਸੇ ਤਰ੍ਹਾਂ, 2050 ਤੱਕ ਪੈਦਾ ਹੋਣ ਵਾਲੇ ਸੰਚਤ ਰਹਿੰਦ-ਖੂੰਹਦ ਦਾ 77 ਪ੍ਰਤੀਸ਼ਤ ਨਵੀਂ ਸਮਰੱਥਾ ਦੇ ਕਾਰਨ ਹੋਵੇਗਾ। ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰਾਲੇ ਅਤੇ ਊਰਜਾ, ਵਾਤਾਵਰਣ ਅਤੇ ਪਾਣੀ 'ਤੇ ਸੁਤੰਤਰ ਖੋਜ ਸੰਸਥਾਨ ਕੌਂਸਲ (ਸੀਈਈ ਡਬਲਯੂ) ਦੁਆਰਾ ਕਰਵਾਏ ਗਏ ਅਧਿਐਨ ਅਨੁਸਾਰ ਇਹ ਓਲੰਪਿਕ ਆਕਾਰ ਦਾ ਪਾਣੀ ਹੈ। 720 ਇੱਕ ਸਵੀਮਿੰਗ ਪੂਲ ਨੂੰ ਭਰਨ ਦੇ ਬਰਾਬਰ ਹੈ। ਖੋਜ ਰਿਪੋਰਟ ਮੁਤਾਬਕ 67 ਫੀਸਦੀ ਕੂੜਾ ਪੰਜ ਰਾਜਾਂ ਰਾਜਸਥਾਨ, ਗੁਜਰਾਤ, ਆਂਧਰਾ ਪ੍ਰਦੇਸ਼, ਕਰਨਾਟਕ ਅਤੇ ਤਾਮਿਲਨਾਡੂ ਤੋਂ ਪੈਦਾ ਹੋਵੇਗਾ। 2030 ਤੱਕ, ਪੈਦਾ ਹੋਣ ਵਾਲੇ ਕੂੜੇ ਵਿੱਚ ਰਾਜਸਥਾਨ ਦਾ ਹਿੱਸਾ 24 ਪ੍ਰਤੀਸ਼ਤ, ਗੁਜਰਾਤ ਦਾ 16 ਪ੍ਰਤੀਸ਼ਤ ਅਤੇ ਕਰਨਾਟਕ ਦਾ 12 ਪ੍ਰਤੀਸ਼ਤ ਹੋਵੇਗਾ। 'ਭਾਰਤ ਦੇ ਸੂਰਜੀ ਉਦਯੋਗ ਵਿੱਚ ਸਰਕੂਲਰ ਆਰਥਿਕਤਾ ਨੂੰ ਸਮਰੱਥ ਬਣਾਉਣਾ: ਸੂਰਜੀ ਕੂੜੇ ਦੀ ਮਾਤਰਾ ਦਾ ਅਨੁਮਾਨ' ਸਿਰਲੇਖ ਵਾਲੇ ਅਧਿਐਨ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ 66.7 ਗੀਗਾਵਾਟ ਦੀ ਮੌਜੂਦਾ ਸਥਾਪਿਤ ਸਮਰੱਥਾ ਪਹਿਲਾਂ ਹੀ 100 ਕਿਲੋਟਨ ਕੂੜਾ ਪੈਦਾ ਕਰ ਰਹੀ ਹੈ, ਜਿਸ ਦੇ 2030 ਤੱਕ ਵਧਣ ਦੀ ਉਮੀਦ ਹੈ। ਰੁਪਏ 340 ਕਿੱਲੋ ਟਨ ਹੋਵੇਗਾ। ਇਸ ਵਿੱਚ ਲਗਭਗ ਦਸ ਕਿੱਲੋ ਟਨ ਸਿਲੀਕਾਨ, 12 ਤੋਂ 18 ਕਿੱਲੋ ਟਨ ਚਾਂਦੀ ਅਤੇ 16 ਟਨ ਕੈਡਮੀਅਮ ਅਤੇ ਟੇਲੂਰੀਅਮ ਹੋਵੇਗਾ। ਇਨ੍ਹਾਂ ਤੱਤਾਂ ਨੂੰ ਮੁੜ ਪ੍ਰਾਪਤ ਕਰਨ ਲਈ ਸੂਰਜੀ ਰਹਿੰਦ-ਖੂੰਹਦ ਨੂੰ ਰੀਸਾਈਕਲ ਕਰਨ ਨਾਲ ਆਯਾਤ ਨਿਰਭਰਤਾ ਘਟੇਗੀ ਅਤੇ ਭਾਰਤ ਦੀ ਖਣਿਜ ਸੁਰੱਖਿਆ ਵਧੇਗੀ। ਖੋਜ ਵਿੱਚ ਪਾਇਆ ਗਿਆ ਕਿ ਬਾਕੀ ਬਚਿਆ 260 ਕਿਲੋਗ੍ਰਾਮ ਰਹਿੰਦ-ਖੂੰਹਦ 2024 ਅਤੇ 2030 ਦੇ ਵਿਚਕਾਰ ਸਥਾਪਤ ਕੀਤੀ ਜਾਣ ਵਾਲੀ ਨਵੀਂ ਸਮਰੱਥਾ ਤੋਂ ਪੈਦਾ ਹੋਵੇਗਾ। ਅਧਿਐਨ ਮੁਤਾਬਕ 2050 ਤੱਕ ਸੂਰਜੀ ਰਹਿੰਦ-ਖੂੰਹਦ 19,000 ਕਿਲੋਟਨ ਤੱਕ ਵਧ ਜਾਵੇਗਾ, ਜਿਸ ਵਿੱਚੋਂ 77 ਫੀਸਦੀ ਨਵੀਂ ਸਮਰੱਥਾ ਤੋਂ ਪੈਦਾ ਹੋਵੇਗਾ। CEEW ਨੇ ਕਿਹਾ ਹੈ ਕਿ ਭਾਰਤ ਵਿੱਚ ਸੋਲਰਉਦਯੋਗ ਲਈ ਇੱਕ ਸਰਕੂਲਰ ਅਰਥਵਿਵਸਥਾ ਮੋਹਰੀ ਅਤੇ ਗਤੀਸ਼ੀਲ ਸੂਰਜੀ ਸਪਲਾਈ ਲੜੀ ਨੂੰ ਯਕੀਨੀ ਬਣਾਉਣ ਦਾ ਇੱਕ ਮੌਕਾ ਹੈ। ਵਿਗਿਆਨੀ 25 ਸਾਲਾਂ ਵਿੱਚ 78 ਮਿਲੀਅਨ ਟਨ ਸੋਲਰ ਫੋਟੋਵੋਲਟੇਇਕ ਰਹਿੰਦ-ਖੂੰਹਦ ਦੇ ਪੈਦਾ ਹੋਣ ਦੀ ਸੰਭਾਵਨਾ ਦਾ ਅੰਦਾਜ਼ਾ ਲਗਾ ਰਹੇ ਹਨ, ਜਿਸ ਨੂੰ 2050 ਤੱਕ ਦੁਬਾਰਾ ਵਰਤਿਆ ਜਾਂ ਰੀਸਾਈਕਲ ਕੀਤਾ ਜਾ ਸਕਦਾ ਹੈ, ਹਾਲਾਂਕਿ, ਇਹ ਇੱਕ ਵੱਡੀ ਚੁਣੌਤੀ ਹੋਵੇਗੀ, ਕਿਉਂਕਿ ਸੋਲਰ ਪੈਨਲਾਂ ਦੀ ਵਿਆਪਕ ਰੀਸਾਈਕਲਿੰਗ ਅਜੇ ਵੀ ਲਾਗੂ ਨਹੀਂ ਕੀਤੀ ਗਈ ਹੈ। ਵਿਸ਼ਵ ਪੱਧਰ 'ਤੇ ਕੀਤਾ ਜਾ ਸਕਦਾ ਹੈ। ਇਸ ਦਾ ਕਾਰਨ ਵਿਸ਼ਵ ਬਾਜ਼ਾਰਾਂ ਵਿੱਚ ਢੁਕਵੇਂ ਬੁਨਿਆਦੀ ਢਾਂਚੇ ਅਤੇ ਰਾਸ਼ਟਰੀ ਨਿਯਮਾਂ ਦੀ ਘਾਟ ਹੈ। ਸਪੱਸ਼ਟ ਹੈ, ਸੂਰਜੀ ਰਹਿੰਦ ਭਵਿੱਖ ਵਿੱਚ ਇਹ ਵਾਤਾਵਰਨ ਪ੍ਰਦੂਸ਼ਣ ਨੂੰ ਵਧਾਉਣ ਵਿੱਚ ਵੱਡੀ ਭੂਮਿਕਾ ਨਿਭਾਏਗਾ। ਬਿਜਲੀ ਦੀ ਸਮੱਸਿਆ ਨੂੰ ਦੂਰ ਕਰਨ ਲਈ ਭਾਰਤ ਸਮੇਤ ਦੁਨੀਆ ਭਰ ਵਿੱਚ ਵੱਡੀ ਮਾਤਰਾ ਵਿੱਚ ਸੋਲਰ ਪੈਨਲ ਲਗਾਏ ਜਾ ਰਹੇ ਹਨ। ਇਸ ਲਈ ਸੋਲਰ ਪੈਨਲ ਦੇ ਰਹਿੰਦ-ਖੂੰਹਦ ਦੇ ਨਿਪਟਾਰੇ ਬਾਰੇ ਹੁਣ ਸੋਚਣਾ ਜ਼ਰੂਰੀ ਹੈ। ਸੂਰਜੀ ਪ੍ਰਣਾਲੀਆਂ ਦੇ ਸਹੀ ਪ੍ਰਬੰਧਨ, ਰੀਸਾਈਕਲਿੰਗ ਅਤੇ ਨਿਪਟਾਰੇ ਨੂੰ ਦੁਨੀਆ ਭਰ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਸਰਕਾਰੀ ਨੀਤੀਆਂ ਅਤੇ ਕਾਨੂੰਨਾਂ ਦੁਆਰਾ ਸੇਧ ਦਿੱਤੀ ਜਾਂਦੀ ਹੈ। ਸੰਯੁਕਤ ਰਾਜ, ਯੂਰਪੀਅਨ ਯੂਨੀਅਨ, ਜਾਪਾਨ ਅਤੇ ਆਸਟ੍ਰੇਲੀਆ ਕੋਲ ਸੋਲਰ ਪੈਨਲ ਰੀਸਾਈਕਲਿੰਗ ਲਈ ਨਿੱਜੀ ਜਾਂ ਲਾਜ਼ਮੀ ਪ੍ਰੋਗਰਾਮ ਹਨ। ਭਾਰਤ ਵਿਚ ਵੀ ਇਸ ਦੇਬਿਹਤਰ ਨੀਤੀਆਂ ਅਤੇ ਨਿਯਮ ਬਣਾਉਣ ਅਤੇ ਉਨ੍ਹਾਂ ਨੂੰ ਲਾਗੂ ਕਰਨ ਦੀ ਲੋੜ ਹੈ। ਇਹ ਧਿਆਨ ਦੇਣ ਯੋਗ ਹੈ ਕਿ ਭਾਰਤ ਨੇ 2030 ਤੱਕ ਲਗਭਗ 292 ਗੀਗਾਵਾਟ ਸੂਰਜੀ ਸਮਰੱਥਾ ਪ੍ਰਾਪਤ ਕਰਨ ਦੀ ਯੋਜਨਾ ਬਣਾਈ ਹੈ, ਜਿਸ ਵਿੱਚ ਸੋਲਰ ਪੀਵੀ ਵੇਸਟ ਪ੍ਰਬੰਧਨ ਵਾਤਾਵਰਣ, ਆਰਥਿਕ ਅਤੇ ਸਮਾਜਿਕ ਕਾਰਨਾਂ ਲਈ ਮਹੱਤਵਪੂਰਨ ਹੈ। ਈਕੋ-ਅਨੁਕੂਲ ਰਹਿੰਦ-ਖੂੰਹਦ ਪ੍ਰਬੰਧਨ ਦੇ ਵਿਕਾਸ ਨੇ ਈਪੀਆਰ (ਐਕਸਟੇਂਡਡ ਪ੍ਰੋਡਿਊਸਰ ਰਿਸਪੌਂਸੀਬਿਲਟੀ) ਪ੍ਰੋਗਰਾਮਾਂ ਦੇ ਵਿਸਤਾਰ ਦੀ ਅਗਵਾਈ ਕੀਤੀ ਹੈ, ਜੋ ਉਤਪਾਦਕਾਂ ਨੂੰ ਉਨ੍ਹਾਂ ਦੇ ਜੀਵਨ ਦੇ ਅੰਤ ਦੇ ਉਤਪਾਦਾਂ ਦੇ ਪ੍ਰਬੰਧਨ ਲਈ ਜ਼ਿੰਮੇਵਾਰ ਠਹਿਰਾਉਂਦੇ ਹਨ। ਵਿਗਿਆਨੀਆਂ ਦੇ ਅਨੁਸਾਰ, ਸੂਰਜੀ ਰਹਿੰਦ-ਖੂੰਹਦ ਦੇ ਵਾਤਾਵਰਣ ਪ੍ਰਭਾਵਆਰ ਨੂੰ ਘਟਾਉਣ ਲਈ ਇੱਕ ਬਿਹਤਰ ਹੱਲ ਬੰਦ ਲੂਪ ਪ੍ਰਣਾਲੀ ਵਿਕਸਿਤ ਕਰਨ ਦੀ ਲੋੜ ਹੈ। ਸੁਰੱਖਿਅਤ ਸੋਲਰ ਸਿਸਟਮ ਵਿਕਸਿਤ ਕਰਕੇ ਇਸ ਤੋਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਨੂੰ ਘੱਟ ਕੀਤਾ ਜਾ ਸਕਦਾ ਹੈ। ਸੋਲਰ ਪੈਨਲ ਲਗਾਉਣ ਵਾਲੇ ਵਿਅਕਤੀ ਲਈ ਆਪਣੇ ਸੋਲਰ ਪੈਨਲ ਦੀ ਉਮਰ ਅਤੇ ਇਸ ਵਿੱਚ ਵਰਤੇ ਜਾਣ ਵਾਲੇ ਤੱਤਾਂ ਦੀ ਗੁਣਵੱਤਾ ਨੂੰ ਜਾਣਨਾ ਵੀ ਮਹੱਤਵਪੂਰਨ ਹੈ। ਜਦੋਂ ਉਹ ਖਰਾਬ ਹੋ ਜਾਂਦੇ ਹਨ ਤਾਂ ਉਹਨਾਂ ਦਾ ਨਿਪਟਾਰਾ ਕਿਵੇਂ ਅਤੇ ਕਿੱਥੇ ਕੀਤਾ ਜਾਣਾ ਚਾਹੀਦਾ ਹੈ। ਇਹ ਜਾਣਨਾ ਮਹੱਤਵਪੂਰਨ ਹੈ ਕਿ ਸੂਰਜੀ ਰਹਿੰਦ-ਖੂੰਹਦ ਦੇ ਨਿਪਟਾਰੇ ਲਈ ਬਿਹਤਰ ਹੱਲ ਕੀ ਹੈ। ਬਿਹਤਰ ਸਾਂਭ-ਸੰਭਾਲ ਵੱਲ ਧਿਆਨ ਦੇਣ ਦੀ ਲੋੜ ਹੈ। ਇਹ ਸੋਲਰ ਪੈਨਲਾਂ ਦੀ ਉਮਰ ਵਧਾਉਂਦਾ ਹੈ। ਇਸ ਦੇਸੋਲਰ ਸਿਸਟਮ ਵੇਸਟ ਮੈਨੇਜਮੈਂਟ ਦੇ ਨਾਲ ਆਸਾਨੀ ਨਾਲ ਰੀਸਾਈਕਲ ਕੀਤੇ ਜਾਣ ਵਾਲੇ ਸੋਲਰ ਪੈਨਲਾਂ 'ਤੇ ਲਗਾਤਾਰ ਖੋਜ ਅਤੇ ਵਿਕਾਸ ਹੋਣਾ ਚਾਹੀਦਾ ਹੈ। ਸੋਲਰ ਪੈਨਲਾਂ ਦੇ ਆਧੁਨਿਕ ਅਤੇ ਟਿਕਾਊ ਮਾਡਲਾਂ ਨੂੰ ਹੀ ਬਾਜ਼ਾਰ ਵਿੱਚ ਵੇਚਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਸੋਲਰ ਪੈਨਲ ਦੇ ਦੋ ਬਿਹਤਰ ਤਰੀਕੇ ਅਪਣਾਏ ਜਾ ਸਕਦੇ ਹਨ। ਇਸ ਵਿੱਚ ਰਵਾਇਤੀ ਬਲਕ ਸਮੱਗਰੀ ਰੀਸਾਈਕਲਿੰਗ ਸ਼ਾਮਲ ਹੁੰਦੀ ਹੈ, ਜਿਸ ਵਿੱਚ ਕੂੜੇ ਨੂੰ ਕੁਚਲਣਾ, ਛਾਂਟਣਾ ਅਤੇ ਕੱਟਣਾ ਸ਼ਾਮਲ ਹੁੰਦਾ ਹੈ। ਪਰ ਜੇਕਰ ਪੈਨਲ ਕੱਚ, ਤਾਂਬਾ, ਐਲੂਮੀਨੀਅਮ, ਚਾਂਦੀ ਅਤੇ ਸਿਲੀਕਾਨ ਦੇ ਮਿਸ਼ਰਣ ਨਾਲ ਬਣਿਆ ਹੈ, ਤਾਂ ਇਸ ਨੂੰ ਇਸ ਤਰੀਕੇ ਨਾਲ ਰੀਸਾਈਕਲ ਨਹੀਂ ਕੀਤਾ ਜਾ ਸਕਦਾ। ਇੱਕ ਹੋਰ ਤਰੀਕਾ ਹੈ ਉੱਚ ਮੁੱਲ ਦੀ ਰੀਸਾਈਕਲਿੰਗ, ਇਸ ਵਿੱਚ ਥਰਮਲ, ਕੈਮੀਕਲ ਅਤੇ ਮਕੈਨੀਕਲ ਤਰੀਕੇ ਅਪਣਾਏ ਜਾਂਦੇ ਹਨ। ਇਹ ਵਿਧੀ ਹਰ ਪੱਖੋਂ ਬਿਹਤਰ ਹੈ, ਇਸ ਵਿਚ ਸਿਲਵਰ ਅਤੇ ਸਿਲੀਕਾਨ ਨੂੰ ਰਸਾਇਣਕ ਵਿਧੀ ਰਾਹੀਂ ਵੀ ਰੀਸਾਈਕਲ ਕੀਤਾ ਜਾ ਸਕਦਾ ਹੈ।




ਭਾਰਤ ਵਿੱਚ ਸਰਕਾਰੀ ਅਤੇ ਗੈਰ-ਸਰਕਾਰੀ ਉੱਦਮਾਂ ਨੂੰ ਚਲਾਉਣ ਵਿੱਚ ਸੋਲਰ ਪੈਨਲਾਂ ਨੂੰ ਬਿਜਲੀ ਦੇ ਬਿਹਤਰ ਵਿਕਲਪ ਵਜੋਂ ਅਪਣਾਇਆ ਗਿਆ ਹੈ। ਇਸ ਨਾਲ ਬਿਜਲੀ ਦਾ ਖਰਚ ਘਟ ਰਿਹਾ ਹੈ। ਘਰੇਲੂ ਪੱਧਰ 'ਤੇ ਆਮ ਅਤੇ ਵਿਸ਼ੇਸ਼ ਦੋਵਾਂ ਦੀ ਸਹੂਲਤ ਮਿਲ ਰਹੀ ਹੈ, ਪਰ ਜਦੋਂ ਤੱਕ ਪੈਨਲ ਰਹਿੰਦ-ਖੂੰਹਦ ਦੇ ਨਿਪਟਾਰੇ ਨੂੰ ਅਸਾਨੀ ਨਾਲ ਯਕੀਨੀ ਨਹੀਂ ਬਣਾਇਆ ਜਾਂਦਾ, ਵਾਤਾਵਰਣ ਨੂੰ ਪ੍ਰਭਾਵਤ ਕੀਤੇ ਬਿਨਾਂ, ਇਸਦੀ ਵਰਤੋਂ ਸੁਰੱਖਿਅਤ ਹੈ। ਇਹ ਨਹੀਂ ਕਿਹਾ ਜਾ ਸਕਦਾ ਕਿ ਅਜਿਹਾ ਕਰਨਾ ਚੰਗਾ ਹੈ। ਇਸ ਲਈ ਸਰਕਾਰ ਨੂੰ ਸੋਲਰ ਪੈਨਲਾਂ ਦੇ ਵਧੀਆ ਡਿਜ਼ਾਈਨ ਦੀ ਵਰਤੋਂ ਕਰਨ ਲਈ ਜਨ ਜਾਗਰੂਕਤਾ ਮੁਹਿੰਮ ਚਲਾਉਣੀ ਚਾਹੀਦੀ ਹੈ। ਸਰਕਾਰੀ ਸਕੀਮਾਂ ਤਹਿਤ ਘਰਾਂ 'ਤੇ ਲਗਾਏ ਗਏ ਸੋਲਰ ਪੈਨਲ ਵੀ ਵਾਤਾਵਰਨ ਦੇ ਨਜ਼ਰੀਏ ਤੋਂ ਬਿਹਤਰ ਹੋਣੇ ਚਾਹੀਦੇ ਹਨ।

### 22 ਅਪ੍ਰੈਲ ਨੂੰ ਬਰਸੀ ਤੇ ਵਿਸ਼ੇਸ਼

# ਪੰਜਾਬੀ ਨਾਟਕਾਂ ਦਾ ਸ਼ਾਹ ਅਸਵਾਰ- ਬਲਵੰਤ ਗਾਰਗੀ

ਪੰਜਾਬੀ ਸਾਹਿਤ ਦੇ ਖੇਤਰ ਚ ਬਲਵੰਤ ਗਾਰਗੀ ਕਿਸੇ ਜਾਣ ਪਛਾਣ ਦੇ ਮੁਥਾਜ ਨਹੀਂ।ਉਹ ਇੱਕ ਸੁਤੰਤਰ, ਨਿਧੜਕ ਲੇਖਕ, ਨਾਟਕਕਾਰ, ਪੱਤਰਕਾਰ, ਨਾਟਕ ਨਿਰਦੇਸ਼ਕ, ਯੂਨੀਵਰਸਿਟੀ ਆਫ ਵਾਸ਼ਿੰਗਟਨ (ਅਮਰੀਕਾ) 'ਚ ਭਾਰਤੀ ਨਾਟਕ ਲਈ ਪ੍ਰੋਫੈਸਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਰੰਗ ਮੰਚ ਅਧਿਆਪਕ ਰਹੇ ਹਨ। ਬਲਵੰਤ ਗਾਰਗੀ ਦਾ ਜਨਮ ਅਣਵੰਡੇ ਪੰਜਾਬ ਮਾਲਵੇ ਦੀ ਧਰਤੀ ਜਿਲ੍ਹਾ ਬਠਿੰਡਾ ਦੇ ਪਿੰਡ ਸ਼ਹਿਣਾ ਵਿੱਚ 4 ਦਸੰਬਰ 1916 ਨੀਤਾ ਖਾਨਦਾਨ ਵਿੱਚ ਪਿਤਾ ਸ੍ਰੀ ਸ਼ਿਵਦਿਆਲ ਦੇ ਘਰ ਹੋਇਆ ਸੀ। ਉਹਨਾਂ ਦਾ ਮੁੱਢ ਤੋਂ ਹੀ ਪੜਾਈ ਅਤੇ ਕੁਝ ਨਵਾਂ ਕਰਨ ਦੀ ਰੁਚੀ ਸੀ। ਉੱਚ ਪੜ੍ਹਾਈ ਲਈ ਉਹਨਾਂ ਮਹਿੰਦਰਾ ਕਾਲਜ ਪਟਿਆਲਾ ਤੋਂ ਐਫ.ਏ. ਪਾਸ ਕੀਤੀ ਸੀ। ਉਹਨਾਂ ਐਫ.ਸੀ. ਕਾਲਜ ਲਾਹੌਰ ਤੋਂ ਐਮ. ਏ. ਪੁਲੀਟੀਕਲ ਸਾਇੰਸ ਅਤੇ ਡੀ.ਏ.ਵੀ. ਕਾਲਜ ਲਾਹੌਰ ਤੋਂ ਐਮ.ਏ. ਅੰਗਰੇਜ਼ੀ ਦੀ ਤਾਲੀਮ ਹਾਸਲ ਕੀਤੀ।



ਉਹਨਾਂ ਦੀ ਰੁਚੀ ਨਾਟਕ ਵਿੱਚ ਹੋਣ ਕਰਕੇ ਉਹ ਪ੍ਰਤਿਭਾਵਾਨ ਨਾਟਕਕਾਰ ਦੇ ਰੂਪ 'ਚ ਉੱਭਰੇ ਸਨ। ਨਾਟਕ ਸਿਰਜਣਾਤਕ ਰੁਚੀਆਂ ਨੂੰ ਵਧੇਰੇ ਪ੍ਰਫੁੱਲਿਤ ਕਰਕੇ ਪ੍ਰਭਾਵਸ਼ਾਲੀ ਅਤੇ ਗੁਣਾਤਮਕ ਬਣਾਉਣ ਲਈ ਉਹਨਾਂ ਪੋਲੈਂਡ, ਫਰਾਂਸ, ਅਮਰੀਕਾ ਅਤੇ ਇੰਗਲੈਂਡ ਵਿਚ ਜਾਕੇ ਉੱਥੋਂ ਦੀਆਂ ਨਾਟਕ ਸ਼ੈਲੀਆਂ ਅਤੇ ਨਾਟਕ ਕਲਾ ਦਾ ਵਿਸ਼ੇਸ਼ ਅਧਿਐਨ ਕੀਤਾ। ਸਾਲ 1944 'ਚ ਉਹਨਾਂ ਦਾ ਪਹਿਲਾਂ ਨਾਟਕ "ਲੋਹਾ ਕੁੱਟ" ਛਪਿਆ ਸੀ,ਜੋ ਬੇਹੱਦ ਮਕਬੂਲ ਹੋਇਆ ਅਤੇ ਸਾਹਿਤਕ ਹਸਤੀਆਂ ਚ ਉਹਨਾਂ ਦੇ ਨਾਟਕ ਦੀ ਅਥਾਹ ਚਰਚਾ ਹੋਈ। ਰੰਗ ਮੰਚ ਦੀ ਕਲਾ ਅਨੁਭਵ ਨਾਲ ਲਿਖੇ ਉਹਨਾਂ ਦੇ ਨਾਟਕ 'ਕੇਸਰੋ' ਅਤੇ 'ਸੋਹਣੀ ਮਹੀਵਾਲ' ਮਹੀਨਿਆਂ ਬੱਧੀ ਪੱਛਮੀ ਰੰਗ ਮੰਚ ਤੇ ਖੇਡੇ ਜਾਂਦੇ ਰਹੇ ਹਨ। ਉਹਨਾਂ ਦੇ ਲਿਖੇ ਨਾਟਕਾਂ ਦੀ ਸੂਚੀ ਬਹੁਤ ਲੰਮੇਰੀ ਹੈ, ਪਰ ਕੁੱਝ ਦਾ ਜ਼ਿਕਰ ਕੀਤੇ ਬਿਨਾਂ ਉਹਨਾਂ ਪ੍ਰਤੀ ਜਾਣਕਾਰੀ ਅਧੂਰੀ ਰਹਿ ਜਾਵੇਗੀ।

ਲੋਹਾ ਕੁੱਟ, ਸੈਲ ਪੱਥਰ, ਕੇਸਰੋ, ਨਵਾਂ ਮੁੱਢ, ਕਣਕ ਦੀ ਬੱਲੀ, ਘੁੱਗੀ, ਗਗਨ ਮੈ ਥਾਲ, ਧੂਣੀ ਦੀ ਅੱਗ, ਸੌਂਕਣ, ਅਭਿਸਾਰਕ, ਸੋਹਣੀ ਮਹੀਂਵਾਲ, ਮਿਰਜਾ ਸਾਹਿਬਾ, ਸੁਲਤਾਨ ਰਜੀਆ ਆਦਿ ਉਹਨਾਂ ਦੇ ਲਿਖੇ ਪ੍ਰਮੁੱਖ ਨਾਟਕ ਹਨ।

ਉਹ ਸਿਰਫ ਨਾਟਕਕਾਰ ਹੀ ਨਹੀਂ, ਕਹਾਣੀਕਾਰ, ਇਕਾਂਗੀਕਾਰ, ਨਾਵਲਕਾਰ ਵੀ ਸਨ। ਦਸਵੰਧ, ਕੁਆਰੀ ਟੀਸੀ, ਬੇਬੇ, ਪੱਤਣ ਦੀ ਬੇੜੀ, ਦੁੱਧ ਦੀ ਧਾਰਾ, ਚਾਕੂ, ਕੀੜਿਆਂ ਵਾਲਾ ਸੱਪ ਆਦਿ ਉਹਨਾਂ ਦੇ ਵਿਸ਼ੇਸ਼ ਇਕਾਂਗੀ ਸੰਗ੍ਰਹਿ ਹਨ।ਉਹਨਾਂ ਕੱਕਾ ਰੇਤ ਨਾਵਲ ਵੀ ਲਿਖਿਆ। ਇਸ ਤੋਂ ਇਲਾਵਾ ਉਹਨਾਂ ਰੰਗ-ਮੰਚ, ਨਿੰਮ ਦੇ ਪੱਤੇ, ਕਾਸ਼ਣੀ ਵਿਹੜਾ, ਸੁਰਮੇ ਵਾਲੀ ਅੱਖ ਆਦਿ ਵਾਰਤਕ ਸੰਗ੍ਰਹਿ ਪੰਜਾਬੀ ਪਾਠਕਾਂ ਦੀ ਝੋਲੀ ਪਾਏ। ਪਾਤਾਲ ਦੀ ਧਰਤੀ ਸਫਰਨਾਮਾ ਅਤੇ ਨੰਗੀ ਧੁੱਪ ਪੁਸਤਕ ਲਿਖੀ। ਉਹਨਾਂ ਦਾ ਪਿਛੋਕੜ ਪੇਂਡੂ ਹੋਣ ਕਰਕੇ ਉਹਨਾਂ ਦੀਆਂ ਰਚਨਾਵਾਂ ਚ ਪੇਂਡੂ ਜਨਜੀਵਨ ਦਾ ਪ੍ਰਭਾਵ ਅਤੇ ਸਮੱਸਿਆਵਾਂ ਦਾ ਝਲਕਾਰਾ ਖੂਬ ਝਲਕਦਾ ਹੈ।ਮਨੁੱਖ ਅਤੇ ਸਮਾਜ ਦੇ ਸੰਘਰਸ਼ ਨੂੰ ਉਹਨਾਂ ਨਾਟਕਾਂ ਦਾ ਵਿਸ਼ਾ ਬਣਾਇਆ। ਰੁਮਾਂਸਵਾਦ, ਵਿਆਕਤੀਗਤ ਅਤੇ ਚਿੰਨਵਾਦ ਉਹਨਾਂ ਦੇ ਨਾਟਕਾਂ ਦਾ ਵਿਸ਼ੇਸ਼ ਲੱਛਣ ਹੈ।

ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਰੰਗ ਮੰਚ ਵਿਭਾਗ ਦੇ ਬਾਨੀ ਡਾਇਰੈਕਟਰ ਸਨ। ਵਿਭਾਗ ਦੇ ਓਪਨ ਏਅਰ ਥੀਏਟਰ ਦਾ ਨਾਮ ਵੀ ਉਹਨਾਂ ਦੇ ਨਾਮ ਤੇ ਰੱਖਿਆ ਗਿਆ। ਉਹਨਾਂ ਦੇ ਵਿੱਦਿਆਰਥੀਆਂ 'ਚ ਅਨੁਪਮ ਖੇਰ, ਕਿਰਨ ਖੇਰ, ਪੂਨਮ ਢਿੱਲੋਂ, ਸਤੀਸ਼ ਕੌਸ਼ਿਸ਼ ਸਮੇਤ ਕਈ ਬਾਲੀਵੁੱਡ ਐਕਟਰ ਸ਼ਾਮਿਲ ਹਨ।

ਉਹਨਾਂ ਦੀ ਸਾਹਿਤਕ ਪ੍ਰਾਪਤੀਆਂ ਨੂੰ ਦੇਖਦੇ ਹੋਏ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਾਲ 1958-59 ਚ ਸਨਮਾਨਿਤ ਕੀਤਾ ਗਿਆ। ਭਾਰਤੀ ਸਾਹਿਤ ਅਕਾਦਮੀ ਵੱਲੋਂ ਸਾਲ 1972 ਚ ਉਹਨਾਂ ਨੂੰ ਰੰਗ ਮੰਚ ਪੁਸਤਕ ਬਦਲੇ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਸੀ। ਪੰਜਾਬ ਦਾ ਇਹ ਮਹਾਨ ਸਪੂਤ ਲੰਮੀ ਬਿਮਾਰੀ ਪਿੱਛੋਂ 22 ਅਪ੍ਰੈਲ 2003 ਨੂੰ ਬੰਬਈ ਵਿਖੇ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਿਆ।ਸਾਰਾ ਪੰਜਾਬੀ ਜਗਤ ਉਹਨਾਂ ਨੂੰ ਉਹਨਾਂ ਦੀਆਂ ਮਹਾਨ ਪ੍ਰਾਪਤੀਆਂ ਸਦਕਾ ਹਮੇਸ਼ਾ ਯਾਦ ਰੱਖੇਗਾ ਅਤੇ ਉਹਨਾਂ ਦੀ ਸਲਾਨਾ ਬਰਸੀ ਤੇ ਸਰਧਾ ਦੇ ਫੁੱਲ ਭੇਂਟ ਕਰਦਾ ਹੈ।

ਇੰਜੀ. ਸਤਨਾਮ ਸਿੰਘ ਮੱਟੂ 91-97797-08257

# ਗੁਰੂ ਹਰਗੋਬਿੰਦ ਸਾਹਿਬ ਦੀ ਚਰਨਛੋਹ ਪ੍ਰਾਪਤ ਗੁਰਦੁਆਰਾ, ਪਿੰਡ ਈਸੜੂ (ਲੁਧਿਆਣਾ)

ਲੁਧਿਆਣਾ ਜਿਲ੍ਹੇ ਦੀ ਧਰਤੀ ਨੂੰ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਚਰਨਛੋਹ ਪ੍ਰਾਪਤ ਹੋਣ ਦਾ ਮਾਣ ਹੈ। ਖੰਨਾ-ਮਲੇਰਕੋਟਲਾ ਮਾਰਗ ’ਤੇ ਖੰਨਾ ਤੋਂ ਤਕਰੀਬਨ 8 ਕਿਲੋਮੀਟਰ ਦੂਰ ਤੇ ਮਲੇਰਕੋਟਲਾ ਤੋਂ 32 ਕਿਲੋਮੀਟਰ ਦੂਰ ਘੁੱਗ ਵਸਦਾ ਪਿੰਡ ਈਸੜੂ ਹੈ। ਇਸ ਪਿੰਡ ਦੇ ਜ਼ਿਆਦਾਤਰ ਲੋਕ ਖੇਤੀਬਾੜੀ ਦਾ ਕਿੱਤਾ ਕਰਦੇ ਹਨ। ਇਸ ਨਗਰ ਨੇ ਉਹ ਮਹਾਨ ਯੋਧੇ ਵੀ ਪੈਦਾ ਕੀਤੇ ਹਨ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣਾ ਬਲੀਦਾਨ ਦੇ ਕੇ ਯੋਗਦਾਨ ਪਾਇਆ। ਗੋਆ ਦੇ ਮਹਾਨ ਸ਼ਹੀਦ ਮਾਸਟਰ ਕਰਨੈਲ ਸਿੰਘ ਅਤੇ ਸ਼ਹੀਦ ਭਾਈ ਭੁਪਿੰਦਰ ਸਿੰਘ ਇਸੇ ਨਗਰ ਦੇ ਜੰਮਪਲ ਸਨ। ਗੁਰੂ ਹਰਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ’ਚੋਂ 52 ਰਾਜਿਆਂ ਨੂੰ ਰਿਹਾਅ ਕਰਵਾਉਣ ਤੋਂ ਬਾਅਦ ਵੱਖ-ਵੱਖ ਪਿੰਡਾਂ-ਸ਼ਹਿਰਾਂ ਵਿੱਚੋਂ ਦੀ ਹੁੰਦੇ ਹੋਏ ਇਸ ਪਿੰਡ ਈਸੜੂ ਦੀ ਧਰਤੀ ’ਤੇ ਪਹੁੰਚੇ ਸਨ ਤੇ ਇਸ ਧਰਤੀ ਨੂੰ ਸਦਾ ਲਈ ਪਵਿੱਤਰ ਕਰ ਦਿੱਤਾ। ਗੁਰੂ ਹਰਗੋਬਿੰਦ ਸਾਹਿਬ ਨੇ ਇੱਥੇ ਕੁੱਝ ਸਮਾਂ ਵਿਸ਼ਰਾਮ ਕੀਤਾ ਸੀ। ਗੁਰੂ ਹਰਗੋਬਿੰਦ ਸਾਹਿਬ ਨੇ ਇਸ ਧਰਤੀ ’ਤੇ ਵਿਸ਼ਰਾਮ ਕਰਨ ਮਗਰੋਂ ਇਥੋਂ ਪਿੰਡ ਚਕੋਹੀ, ਜੋ ਕਿ ਇਸ ਪਿੰਡ ਤੋਂ 4-5 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ, ਨੂੰ ਚਾਲੇ ਪਾਏ ਸਨ। ਪਿੰਡ ਚਕੋਹੀ ਤੋਂ ਬਾਅਦ ਪਿੰਡ ਭੁਮੱਦੀ, ਪਿੰਡ ਘੁਡਾਣੀ ਆਦਿ ਪਿੰਡਾਂ ’ਚੋਂ ਦੀ ਹੁੰਦੇ ਹੋਏ ਗੁਰੂ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ ਸਨ। ਪਿੰਡ ਈਸੜੂ ਦੀ ਜਿਸ ਜਗ੍ਹਾ ਨੂੰ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਚਰਨਾਂ ਨਾਲ ਪਵਿੱਤਰ ਕੀਤਾ ਸੀ, ਉਸ ਅਸਥਾਨ ’ਤੇ ਹੁਣ ਬਹੁਤ ਹੀ ਖੂਬਸੂਰਤ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਮੇਨ ਰੋਡ ’ਤੇ ਬਣੇ ਇਸ ਗੁਰਦੁਆਰਾ ਸਾਹਿਬ ਦਾ ਦ੍ਰਿਸ਼ ਬਹੁਤ ਹੀ ਦਿਲਚਸਪ ਨਜ਼ਾਰਾ ਪੇਸ਼ ਕਰਦਾ ਪ੍ਰਤੀਤ ਹੁੰਦਾ ਹੈ। ਇਸ ਰਮਣੀਕ ਅਸਥਾਨ ਵੱਲ੍ਹ ਹਰ ਕਿਸੇ ਦਾ ਮਨ ਮੱਲੋ-ਮੱਲੀ ਖਿੱਚਿਆ ਜਾਂਦਾ ਹੈ। ਇਸ ਇਤਿਹਾਸਕ ਗੁਰਦੁਆਰੇ ਦੀ ਕਾਰ ਸੇਵਾ ਬਾਬਾ ਹਰਬੰਸ ਸਿੰਘ ਜੀ ਕਾਰ ਸੇਵਾ ਦਿੱਲੀ ਵਾਲਿਆਂ ਨੇ ਸ਼ੁਰੂ ਕਰਵਾਈ ਸੀ। ਇਥੇ ਅਕਸਰ ਹੀ ਧਾਰਮਿਕ ਤੇ ਹੋਰ ਸਮਾਜਿਕ ਸਮਾਗਮ ਹੁੰਦੇ ਰਹਿੰਦੇ ਹਨ। ਹਰ ਸਾਲ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ’ਚ ਭਾਰੀ ਜੋੜ ਮੇਲਾ ਵੀ ਮਨਾਇਆ ਜਾਂਦਾ ਹੈ। ਜੋੜ ਮੇਲੇ ਸਮੇਂ ਖੂਨਦਾਨ ਕੈਂਪ ਤੇ ਮੁਫਤ ਮੈਡੀਕਲ ਚੈੱਕਅੱਪ ਕੈਂਪ ਲਗਾਏ ਜਾਂਦੇ ਹਨ। ਗੁਰਬਾਣੀ ਕੰਠ ਮੁਕਾਬਲੇ, ਦਸਤਾਰ ਮੁਕਾਬਲੇ ਅਤੇ ਦੁਮਾਲਾ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਜੋੜ ਮੇਲੇ ਮੌਕੇ ਇੱਥੇ ਵੱਡੀ ਤਾਦਾਦ ਵਿੱਚ ਸੰਗਤ ਇੱਥੇ ਨਤਮਸਤਕ ਹੋਣ ਲਈ ਪੁੱਜਦੀ ਹੈ।





ਤਸਵਿੰਦਰ ਸਿੰਘ
ਬੜੈਚ
7527931887

# ਪੁਰਾਤਨ ਸੱਭਿਅਤਾ ਨੂੰ ਸਮੋਈ ਬੈਠਾ 'ਉੱਚਾ ਪਿੰਡ ਸੰਘੋਲ'



ਤਸਵਿੰਦਰ ਸਿੰਘ ਬੜੈਚ
91-98763-22677

ਉੱਚਾ ਪਿੰਡ ਸੰਘੋਲ ਇੱਕ ਪ੍ਰਚੀਨ ਅਸਥਾਨ ਹੈ। ਇਥੇ ਕੀਤੀ ਪੁਰਾਤਤਵੀ ਖੁਦਾਈ ਦੌਰਾਨ ਦੋ ਬੋਧੀ-ਮੱਠਾਂ ਦਾ ਪਤਾ ਲੱਗਾ ਹੈ। ਸਰਕਾਰੀ ਰਿਕਾਰਡ ਅਨੁਸਾਰ ਇਕ ਮੱਠ ਨੂੰ 5 ਨੰਬਰ ਅਤੇ ਦੂਸਰੇ ਮੱਠ ਨੂੰ 11 ਨੰਬਰ ਦੇ ਤੌਰ 'ਤੇ ਦਰਜ ਕੀਤਾ ਗਿਆ ਹੈ। ਮੌਜੂਦਾ ਸਮੇਂ ਇਹ ਪਿੰਡ ਇਸ ਅਸਥਾਨ ਉੱਤੇ ਹੀ ਵਸਿਆ ਹੋਇਆ ਹੈ। ਇਸ ਪਿੰਡ ਦੀ ਆਬਾਦੀ ਦਸ ਹਜ਼ਾਰ ਦੇ ਕਰੀਬ ਹੈ ਤੇ ਵੋਟ ਬੈਂਕ 3700 ਦੇ ਕਰੀਬ ਹੈ। ਇਹ ਪਿੰਡ ਜਿਲ੍ਹਾ ਸ੍ਰੀ ਫਤਹਿਗੜ੍ਹ ਸਾਹਿਬ ਦੀ ਤਹਿਸੀਲ ਖਮਾਣੋਂ ਦਾ ਕਸਬਾ ਹੈ, ਜੋ ਚੰਡੀਗੜ੍ਹ-ਲੁਧਿਆਣਾ ਸੜਕ ਤੋਂ ਥੋੜ੍ਹਾਂ ਪਿੱਛੇ ਹਟ ਕੇ ਵਸਿਆ ਹੋਇਆ ਹੈ। ਥੇਹ ਦੇ ਉੱਤੇ ਵਸਿਆ ਹੋਣ ਕਰਕੇ ਇਸ ਨੂੰ ਉੱਚੇ ਪਿੰਡ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਮੱਠ ਨੰਬਰ 11 ਇਸ ਪਿੰਡ ਤੋਂ ਉੱਤਰ-ਪੂਰਬ ਵਾਲੇ ਪਾਸੇ ਹੈ ਅਤੇ ਸੰਘੋਲ ਦੇ ਮੱਠ ਨੰਬਰ 5 ਤੋਂ 220 ਮੀਟਰ ਦੀ ਦੂਰੀ 'ਤੇ ਸਥਿਤ ਹੈ। ਪੁਰਾਤਨ ਪੁਰਾਤਤਵੀ ਖੁਦਾਈਆਂ 'ਚੋਂ ਨਿਕਲੇ ਅਵਿਸ਼ੇਸ਼ਾਂ ਨੂੰ ਜਾਂਚ ਕੇ ਪਤਾ ਲੱਗਦਾ ਹੈ ਕਿ ਇਹ ਜਗ੍ਹਾਂ ਕਿਸੇ ਵੇਲੇ ਬੋਧੀ ਵਿਹਾਰ ਨਾਲ ਜਾਣੀ ਜਾਂਦੀ ਸੀ। ਪੁਰਾਤਤਵ ਵਿਭਾਗ ਲਈ ਸੰਘੋਲ ਦੇ ਇਹ ਬੁੱਧ ਸਤੂਪ ਇਕ ਰੌਚਕ ਅਤੇ ਮਹੱਤਵਪੂਰਨ ਖੋਜ ਹੈ। ਇਹ ਸਤੂਪ ਕੁਸ਼ਾਨ ਸ਼ਾਸਨ ਦੇ ਸਮੇਂ ਪਹਿਲੀ ਅਤੇ ਦੂਜੀ ਸ਼ਤਾਬਦੀ ਏ, ਡੀ, 'ਚ ਬਣਾਏ ਗਏ ਸਨ। 5 ਨੰਬਰ ਮੱਠ ਵਿਹਾਰ ਦਾ ਖੇਤਰਫਲ 39×36 ਮੀਟਰ ਹੈ। ਇਸ ਜਗ੍ਹਾ ਦੇ ਵਿਚਕਾਰ ਇਕ ਪਲੇਟਫਾਰਮ ਉੱਤੇ ਮੱਠ ਉਸਰਿਆ ਹੋਇਆ ਹੈ। ਇਸ ਮੱਠ ਵਿਹਾਰ ਦੇ ਦੱਖਣ ਵਾਲੇ ਪਾਸੇ 24 ਮੀਟਰ ਚੌੜਾ ਰਸਤਾ ਹੈ, ਜੋ ਕੀ ਵਰਗਾਕਾਰ ਢਾਂਚੇ ਦਾ ਹੈ। ਜਿਸ ਦੀ ਇਕ ਭੁਜਾ 8.5 ਮੀਟਰ ਹੈ ਅਤੇ ਇਹ ਰਸਤਾ ਇਸ ਢਾਂਚੇ ਨੂੰ ਲਗਦਾ ਹੈ। ਇਸ ਢਾਂਚੇ ਉੱਤੇ ਹੀ ਮੱਠ ਦਾ ਨਿਰਮਾਣ ਕੀਤਾ ਹੋਇਆ ਹੈ। ਮੱਠ ਦੇ ਹੇਠਾਂ 2 ਸ਼ਮ-ਕੇਂਦਰੀ ਚੱਕਰ-ਨੁਮਾਂ ਦੀਵਾਰਾਂ ਬਣੀਆਂ ਹੋਈਆਂ ਹਨ। ਅੰਦਰਲੇ ਚੱਕਰ ਦਾ ਵਿਆਸ 1.45 ਮੀਟਰ ਹੈ ਅਤੇ ਇਸ ਵਿਚ ਚਾਰ-ਅਰਧ ਵਿਆਸੀ ਗਜ਼ ਬਣੇ ਹੋਏ ਹਨ। ਬਾਹਰ ਵਾਲੇ ਚੱਕਰ ਦਾ ਵਿਆਸ 3.70 ਮੀਟਰ ਹੈ ਅਤੇ ਇਸ ਵਿਚ 8 ਅਰਧਵਿਆਸੀ ਗਜ਼ ਬਣੇ ਹੋਏ ਹਨ। ਇੱਟਾਂ ਨਾਲ ਬਣੇ ਰਸਤੇ ਦੇ ਉੱਤਰ ਵੱਲ੍ਹ ਦੋ ਕਤਾਰਾਂ ਵਿੱਚ ਕੋਠੜੀਆਂ (ਛੋਟੇ ਕਮਰੇ) ਬਣੀਆਂ ਹੋਈਆਂ ਹਨ। ਇਥੇ ਸ਼ਰਧਾਲੂਆਂ ਲਈ ਮੱਠ ਦੀ ਪ੍ਰਕਰਮਾ ਕਰਨ ਵਾਸਤੇ ਦੋ ਰਸਤੇ ਬਣੇ ਹੋਏ ਹਨ। ਅੰਦਰ ਵਾਲਾ ਰਸਤਾ ਇਕ ਮੀਟਰ ਚੌੜਾ ਹੈ ਅਤੇ ਮੱਠ ਦੀ ਇਕ ਬਾਰੀ ਨੂੰ ਲੱਗਦਾ ਹੈ। ਜਦੋਂ ਕਿ ਬਾਹਰਲੀ ਪ੍ਰਕਰਮਾ ਵਾਲੇ ਰਸਤੇ ਦਾ ਵਿਆਸ 1.5 ਮੀਟਰ ਹੈ। ਬਾਹਰਲੀ ਪ੍ਰਕਰਮਾ ਵਾਲਾ ਰਸਤਾ ਕੇਵਲ ਤਿੰਨ ਪਾਸਿਆਂ ਤੋਂ ਨਜ਼ਰ ਆਉਂਦਾ ਹੈ ਅਤੇ ਦੱਖਣ ਵਾਲਾ ਪਾਸਾ ਕੋਠੜੀਆਂ ਨੇ ਢੱਕ ਲਿਆ ਹੈ। ਮੱਠ-ਵਿਹਾਰ (ਸਤੂਪ) ਦੇ ਉੱਤਰ-ਪੱਛਮ ਵਾਲੀ ਦਿਸ਼ਾ ਵਿਚ ਇਕ ਇੱਟਾਂ ਦੀ ਕੰਧ ਉਸਾਰੀ ਹੋਈ ਹੈ ਤਾਂ ਕਿ ਉਸ ਸਮੇਂ ਆਉਣ ਵਾਲੇ ਹੜ੍ਹਾਂ ਤੋਂ ਇਸ ਦਾ ਬਚਾਅ ਕੀਤਾ ਜਾਵੇ। 11 ਨੰਬਰ ਮੱਠ ਵਿਹਾਰ ਦਾ ਘੇਰਾ 16 ਮੀਟਰ ਹੈ ਅਤੇ ਇਸ ਦਾ ਨਿਰਮਾਣ ਇਕ ਚਬੂਤਰੇ ਉੱਤੇ ਕੀਤਾ ਹੋਇਆ ਹੈ। ਬੇਲਨ ਆਕਾਰ ਦਾ ਇਹ ਸਤੂਪ ਚੱਕਰ ਦੇ ਤਿੰਨ ਘੇਰਿਆਂ 'ਚ ਵੰਡਿਆ ਹੋਇਆ ਹੈ, ਜਿਸ ਵਿਚ ਪਹਿਲੇ ਵਿਚ 32, ਦੂਜੇ 'ਚ 24 ਤੇ ਤੀਜੇ 'ਚ 12 ਖਾਨੇ ਬਣੇ ਹੋਏ ਹਨ, ਜਿਨ੍ਹਾਂ ਦੇ ਬਿਲਕੁਲ ਵਿਚਾਲੇ ਉੱਚਾ ਕੇਂਦਰੀ ਸਥਾਨ ਬਣਿਆ ਸੀ ਜੋ ਚੂਨੇ ਦੇ ਪਲਸਤਰ ਵਾਲਾ ਥੜ੍ਹਾ ਹੈ, ਜਿਨ੍ਹਾਂ ਦੇ ਬਿਲਕੁਲ ਵਿਚਕਾਰ ਭਗਵਾਨ ਬੁੱਧ ਦੇ ਉਪਾਸ਼ਕ ਭਧਰਸ ਦੀ ਰਾਖ ਅਤੇ ਅਸਥੀਆਂ ਸਨ। ਜਿਸ ਨੂੰ ਸੋਪ ਸਟੋਨ (ਇਕ ਤਰ੍ਹਾਂ ਦਾ ਪੱਥਰ) ਦੇ ਬਰਤਨ 'ਚ ਰੱਖਿਆ ਹੋਇਆ ਸੀ, ਜਿਸ 'ਤੇ ਖਰੋਸਥੀ ਲਿਪੀ 'ਚ ਕੁਝ ਲਿਖਿਆ ਵੀ ਸੀ। ਪੂਰਾ ਸਤੂਪ ਪੁਰਾਣੀਆਂ 32.21.5 ਅਤੇ 35.24.5 ਸੈਟੀਮੀਟਰ ਇੱਟਾਂ ਦਾ ਬਣਿਆ ਹੋਇਆ ਹੈ। ਇਥੇ ਹੋਈ ਪੁਰਾਤਤਵੀ ਖੁਦਾਈ ਵਿਚੋਂ ਮਿਲੀਆਂ ਸਮਕਾਲੀ ਵਸਤਾਂ ਵਿੱਚ ਕੁਨਿੰਦ, ਕੁਸ਼ਾਨ, ਕਿਦਾਰਾ, ਇੰਡੋਸ਼ਸਨੀਅਨ, ਵਰਸਨੀ, ਕੋਟਾ, ਪੰਚ, ਮਾਰਕਡ, ਕਾਪਰ ਕਾਸਟ, ਇੰਡੋ ਪਰਥੀਅਨ, ਗੁਪਤਾ, ਸ਼ਾਹੀ ਸਮੇਂ ਦੇ ਸਿੱਕੇ ਮਿਲੇ ਹਨ। ਹੂਣ ਰਾਜਿਆਂ ਦੇ 3 ਪ੍ਰਕਾਰ ਦੇ ਸਿੱਕੇ ਵੀ ਇਥੋਂ ਮਿਲੇ ਹਨ, ਜਿਨ੍ਹਾਂ ਉੱਪਰ ਸੀਖਲ, ਸ੍ਰੀ ਗੁਪਤ, ਤੋਰਮਾਣ, ਮਿਹਰਕੁਲ, ਸ੍ਰੀ ਬਲਮ ਅਤੇ ਸ੍ਰੀ ਭੀਮ ਸੈਨ ਆਦਿ ਨਾਂਅ ਉਕਰੇ ਹੋਏ ਹਨ, ਹੂਣਾਂ ਦੇ ਸਿੱਕਿਆਂ 'ਤੇ ਨੰਦੀ ਦਾ ਚਿੱਤਰ ਬਣਿਆ ਹੋਟਿਆ ਹੈ। ਇਥੋਂ ਸਮੁੰਦਰ ਗੁਪਤ ਦੇ ਸਟੈਂਡਰਡ ਟਾਈਪ ਦੇ ਸੋਨੇ ਦੇ ਸਿੱਕੇ ਵੀ ਮਿਲੇ ਹਨ। ਖੁਦਾਈ ਦੌਰਾਨ ਇਥੋਂ ਚੰਦਰ ਗੁਪਤ ਦਾ ਤਾਂਬੇ ਦਾ ਸਿੱਕਾ ਵੀ ਮਿਲਿਆ ਹੈ ਜੋ ਹੋਰ ਕਿਤੋਂ ਵੀ ਨਹੀਂ ਮਿਲਿਆ। ਕੇਤ ਕੁਲ ਦੇ ਸਿੱਕੇ ਥੇਹ ਦੀਆਂ ਉਪਰਲੀਆਂ ਤਹਿਆਂ 'ਚੋ ਮਿਲੇ ਹਲ। ਉਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਇਹ ਸਮਾਂ ਦੂਜੀ ਪੰਜਵੀਂ ਈਸਵੀ ਸਦੀ ਦੇ ਵਿਚਕਾਰ ਵਾਲਾ ਹੈ। ਇਸ ਤੋਂ ਇਲਾਵਾ ਖੁਦਾਈ ਦੌਰਾਨ ਅਲੱਗ-ਅਲੱਗ ਕਾਲ ਦੇ ਰਾਜੇ-ਰਾਣੀਆਂ ਅਤੇ ਸਰਕਾਰੀ ਅਫਸਰਾਂ, ਦਫਤਰਾਂ ਨਾਲ ਸੰਬੰਧਿਤ ਮੋਹਰਾਂ ਤੇ ਸੀਲਾਂ ਵੀ ਮਿਲੀਆਂ ਹਨ, ਜੋ ਪਾਰਸਲਾਂ ਅਤੇ ਚਿੱਠੀ-ਪੱਤਰਾਂ ਨੂੰ ਸੀਲ ਕਰਨ ਅਤੇ ਹਸਤਾਖਰਾਂ ਵਾਸਤੇ ਵਰਤੀਆਂ ਜਾਂਦੀਆਂ ਸਨ। ਪ੍ਰਾਪਤ ਹੋਈਆਂ ਮੋਹਰਾਂ ਅਤੇ ਸੀਲਾਂ ਬ੍ਰਹਮੀ ਤੇ ਖਰੋਸ਼ਟੀ ਲਿਪੀ ਵਿਚ ਹਨ ਜੋ ਸੱਜੇ ਤੋਂ ਖੱਬੇ ਪੜ੍ਹੀ ਜਾਂਦੀ ਹੈ। ਉਸ ਵੇਲੇ ਦਾ 'ਮੁਦਰਾ ਰਾਕਸ਼ਸ਼' ਗ੍ਰੰਥ ਇਸ ਗੱਲ ਨੂੰ ਤਸਦੀਕ ਕਰਦਾ ਹੈ ਕਿ ਕੁੱਝ ਮੋਹਰਾਂ ਪਾਸਪੋਰਟ ਤੌਰ 'ਤੇ ਵੀ ਵਰਤੀਆਂ ਜਾਂਦੀਆਂ ਸਨ। ਇਥੋਂ ਚੌਥੀ ਸਦੀ ਦੇ 'ਕਪਿਲਾ ਨਿਯੁਕਤ ਸਿਆਸੀ ਕਾਰਨਾਮਯ' ਨਾਂਅ ਦੀਆਂ ਮੋਹਰਾਂ ਵੀ ਪ੍ਰਾਪਤ ਹੋਈਆਂ ਹਨ। ਗੁਪਤਕਾਲ ਸਮੇਂ ਦੀ ਇਕ ਮੁਦਰਾ ਵੀ ਮਿਲੀ ਹੈ। ਥੇਹ ਵਿਚੋਂ ਮੋਹਰਾਂ ਅਤੇ ਸਿੱਕੇ ਬਣਾਉਣ ਦੇ ਸਾਂਚੇ ਵੀ ਮਿਲੇ ਹਨ। ਇਥੇ ਮੋਹਰਾਂ ਅਤੇ ਸਿੱਕੇ ਬਣਾਉਣ ਦਾ ਕਾਰਖਾਨਾ ਵੀ ਸੀ। ਇਥੋਂ 117 ਸ਼ਿਲਪਕਲਾਵਾਂ ਵੀ ਮਿਲੀਆਂ ਹਨ। ਇਹ ਮੁੱਖ ਤੌਰ 'ਤੇ ਲਾਲ ਪੱਥਰ ਦੀਆਂ ਬਣੀਆਂ ਹੋਈਆਂ ਹਨ ਅਤੇ ਇਨ੍ਹਾਂ 'ਚ 69 ਪਿੱਲਰ ਜਾਂ ਖੰਭੇ, 13 ਕੋਪਿੰਗ ਪੱਥਰ ਅਤੇ 35 ਸਤੂਪ ਕਰਾਸ ਬਾਰ ਵੀ ਸਨ। ਸ਼ਿਲਾਲੇਖਾਂ 'ਤੇ ਲਿਖੀਆਂ ਜਾਤਕ ਕਥਾਵਾਂ, ਪੰਛੀਆਂ ਅਤੇ ਹੱਥਾਂ 'ਚ ਟਾਹਣੀਆਂ ਫੜੀਆਂ ਸੁੰਦਰੀਆਂ, ਕਲਮ ਝੰਡੀ ਪਕੜੀ ਨਾਰੀ, ਸ਼ਰਾਬ ਦਾ ਬਰਤਨ ਪਕੜੀ ਨਾਰੀ, ਕੋਨੇ ਵਾਲਾ ਅਸ਼ੋਕ ਥੰਮ੍ਹ, ਅੰਗੜਾਈ ਲੈਂਦੀ ਮੁਟਿਆਰ, ਵਾਜਾ ਵਜਾਉਂਦੀ ਲੜਕੀ, ਕੰਨ ਦਾ ਗਹਿਣਾ ਪਾਉਂਦੀ ਸੁੰਦਰੀ, ਬੱਚਾ ਖਿਡਾਉਂਦੀ ਮਾਂ, ਗਲੇ ਦਾ ਹਾਰ ਠੀਕ ਕਰਦੀ ਔਰਤ, ਜਾਨਵਰ ਦੀ ਮੂਰਤੀ, ਟੋਪ ਪਹਿਨੇ ਆਦਮੀ ਦਾ ਸਿਰ ਮਿਲੀਆਂ ਹਨ। ਥੇਹ 'ਚੋਂ ਖੁਦਾਈ ਦੌਰਾਨ ਮਿੱਟੀ ਦੀਆਂ ਮੋਹਰਾਂ, ਚਾਰ ਤੇ ਦੋ ਹੱਥਾਂ ਵਾਲਾ ਸ਼ਿਵ, ਹੱਡੀ ਤੇ ਹਾਥੀ ਦੰਦ ਦੀਆਂ ਕਲਮਾਂ, ਕੱਚ ਦੀਆਂ ਚੂੜੀਆਂ, ਹੱਡੀਆਂ, ਹਾਥੀ ਦੰਦ, ਸੰਖ ਦੀਆਂ ਬਣੀਆਂ ਚੂੜੀਆਂ, ਹੱਡੀ ਦੀ ਮੁੰਦਰੀ, ਕੰਨਾਂ ਵਿਚ ਪਾਉਣ ਵਾਲੇ ਗਹਿਣੇ, ਮਣਕੇ, ਘੜੇ, ਸੁਪਾਰੀ ਦੀ ਸ਼ਕਲ ਦੇ ਮਣਕੇ, ਕੀਮਤੀ ਮਣਕੇ, ਮਿੱਟੀ ਦੀਆਂ ਗੱਡੀਆਂ ਦੇ ਢਾਂਚੇ, ਪਹੀਏ, ਭਾਰ ਤੋਲਣ ਵਾਲੇ ਵੱਟੇ, ਦੁਰਗਾ ਦਾ ਸਾਚਾ, ਗੋਲੀਆਂ, ਤਾਂਬੇ ਦੀਆਂ ਛੈਣੀਆਂ, ਤਾਬੂਤ ਦੇ ਢੱਕਣ, ਪੱਥਰ ਦਾ ਘੋਟਣਾ, ਬਾਰਾਂ ਸਿੰਗੇ ਦਾ ਸਿੰਗ, ਬਾਜੂ ਬੰਦ, ਕਲਾਈ ਦੇ ਗਹਿਣੇ, ਘੁੰਗਰੂ, ਲਾਕਿਟ, ਤਵੀਤ, ਨੱਥਨੀ, ਸੋਨੇ ਦੇ ਕੋਕੇ, ਸੱਗੀਆਂ, ਨਿੱਕੇ ਮਣਕੇ, ਛੂਣਛੂਣਾ, ਕੰਗੀ ਕੀਤੀ ਨਾਰੀ ਦਾ ਸਿਰ, ਗਹਿਣੀਆਂ ਨਾਲ ਸਜੀ ਮਹਿਲਾ, ਪਗੜੀ ਪਹਿਨੇ ਹੋਏ ਆਦਮੀ ਦਾ ਸਿਰ, ਭਿਕਸ਼ੂ ਦਾ ਸਿਰ, ਬੱਤਖ, ਮੱਝ ਦਾ ਸਿਰ ਵੀ ਮਿਲੇ ਹਨ। ਇਸ ਤੋਂ ਇਲਾਵਾ ਕੁਸ਼ਾਨ ਅਤੇ ਗੁਪਤ ਸ਼ਾਸਲ ਕਾਲ ਦੇ ਸੋਲ ਵੀ ਪ੍ਰਾਪਤ ਹੋਏ ਹਨ। ਇਥੋਂ ਭਗਵਾਨ ਬੁੱਧ ਦੀ ਮੂਰਤੀ ਦੇ ਸਿਰ ਦਾ ਹਿੱਸਾ ਵੀ ਮਿਲਿਆ ਹੈ ਅਤੇ ਛੋਟੇ ਭੱਠੇ, ਭੱਠੀਆਂ ਤੋਂ ਬਿਨਾਂ ਘੁਮਿਆਰਾ ਦਾ ਆਵਾ ਤੇ ਚੱਕ ਵੀ ਮਿਲੇ ਹਨ। ਇਸ ਤੋਂ ਇਲਾਵਾ ਇਥੋਂ ਅਨਾਜ ਰੱਖਣ ਵਾਲਾ ਬਰਤਨ, ਖਾਣਾ ਪਕਾਉਣ ਵਾਲਾ ਬਰਤਨ, ਭੂਰੇ ਰੰਗ ਦੀ ਚਿਤਰੀ ਪਟਾਰੀ, ਸਜਾਵਟੀ ਬਰਤਨ, ਪਿਆਲੇ, ਪਾਣੀ ਰੱਖਣ ਵਾਲੇ ਬਰਤਨ, ਟੂਟੀਦਾਰ ਬਰਤਨ, ਸੁਰਾਹੀ, ਤੌੜੀ, ਕੁੱਜਾ, ਚਾਟੀਆਂ, ਚੱਪਣ, ਠੀਕਰੇ, ਧੂਫ ਦੇਣ ਵਾਲਾ ਬਰਤਨ, ਲੋਟਾ, ਦਵਾਤਾਂ, ਚਿਲਮਾਂ, ਦੀਵੇ, ਸਟੈਂਡ ਤੇ ਤਸਤਰੀ ਦਾ ਹੇਠਲਾ ਤੇ ਉਤਲਾ ਹਿੱਸਾ ਆਦਿ ਵੀ ਮਿਲੀਆਂ ਹਨ। ਜਿਨ੍ਹਾਂ 'ਤੇ ਬਹੁਤ ਹੀ ਬਰੀਕ ਚਿੱਤਰਕਾਰੀ ਤੇ ਮੀਨਾਕਾਰੀ ਵੀ ਕੀਤੀ ਹੋਈ ਹੈ। ਮਕਾਨਾਂ ਦੇ ਅੰਦਰ ਕਈ ਜਗ੍ਹਾ ਵੱਡੇ ਭੜੋਲੇ ਅਤੇ ਤੰਦੂਰ ਵੀ ਮਿਲੇ ਹਨ। ਸੰਘੋਲ ਵਿਖੇ ਤਾਇਨਾਤ ਕਰਮਚਾਰੀ ਤੇਜਾ ਸਿੰਘ ਨੂੰ ਸੰਨ 1968 ਦੀ ਖੁਦਾਈ ਵੇਲੇ ਇਥੋਂ 92 ਸੋਨੇ ਦੇ ਮਣਕੇ ਮਿਲੇ ਸਨ। ਇਸ ਤੋਂ ਪਹਿਲਾਂ ਸੰਨ 1933 ਵਿਚ ਪੰਡਿਤ ਕ੍ਰਿਸ਼ਨ ਦੇਵ ਨੂੰ ਥੇਹ ਵਿਚੋਂ ਮਹਾਤਮਾ ਬੁੱਧ ਦਾ ਇਕ ਅਰਧ ਸਾਬਤ ਬੁੱਤ ਅਤੇ ਕੁੱਝ ਸਿੱਕੇ ਲੱਭੇ ਸਨ, ਜਿਹੜੇ ਉਨ੍ਹਾਂ ਨੇ ਲਾਹੌਰ ਅਜਾਇਬ ਘਰ ਨੂੰ ਭੇਜੇ ਸਨ। ਇਸ ਪਿਛੋਂ ਨੇੜਲੇ ਪਿੰਡ ਬਾਠਾਂ ਕਲਾਂ ਦੇ ਵਸਨੀਕ ਸ੍ਰੀ ਗੰਗਾ ਬਿਸ਼ਨ ਸ਼ਰਮਾ ਸੰਘੋਲ ਦੇ ਮਸ਼ਹੂਰ ਪੁਰਾਤਤਵ ਖੋਜੀ ਵਜੋਂ ਉੱਭਰ ਕੇ ਸਾਹਮਣੇ ਆਏ, ਜਿਨ੍ਹਾਂ ਨੇ ਸੰਘੋਲ ਦੀ ਖੁਦਾਈ ਕਰਵਾਉਂਣ ਲਈ ਯਤਨ ਅਰੰਭੇ ਤੇ ਉਨ੍ਹਾਂ ਦੇ ਯਤਨਾਂ ਸਦਕਾ ਹੀ ਬਨਾਰਸ ਯੂਨੀਵਰਸਿਟੀ ਦੇ ਪੁਰਾਤਤਵ ਵਿਭਾਗ ਦੇ ਇਕ ਅਧਿਕਾਰੀ ਏ.ਕੇ. ਨਰਾਇਣ ਸੰਨ 1962-63 'ਚ ਸੰਘੋਲ ਆਏ। ਸੰਨ 1968 ਵਿੱਚ ਪੰਜਾਬ ਸਰਕਾਰ ਦੁਆਰਾ ਅਧਿਕਾਰੀ ਆਰ. ਐੱਸ. ਬਿਸਟ ਦੀ ਦੇਖ-ਰੇਖ ਹੇਠ ਖੁਦਾਈ ਸ਼ੁਰੂ ਕਰਵਾਈ ਤੇ ਥੇਹ 'ਚ ਦੱਬੀਆਂ ਇਨ੍ਹਾਂ ਪੁਰਾਤਨ ਵਸਤੂਆਂ ਨੂੰ ਬਾਹਰ ਕੱਢਿਆ। ਜੋ ਕਿ ਸਮੇਂ ਦੀ ਮਾਰ ਨਾਲ ਮਿੱਟੀ ਹੇਠਾਂ ਦੱਬ ਚੁੱਕੀਆਂ ਸਨ। ਪੁਰਾਤਤਵ ਵਿਗਿਆਨੀਆਂ ਦੇ ਅਨੁਸਾਰ ਪ੍ਰਸਿੱਧ ਚੀਨੀ ਯਾਤਰੀ ਹਿਊਨਸਾਂਗ ਨੇ ਆਪਣੇ ਸਫ਼ਰਨਾਮੇ 'ਚ ਲਿਖਿਆ ਕਿ ਜਿਹੜੇ ਸਤੂਪ ਸੰਘੋਲ ਤੋਂ ਮਿਲੇ ਹਨ, ਅਜਿਹੇ 12 ਸਤੂਪ ਹਨ, ਜਿਨ੍ਹਾਂ 'ਚੋਂ ਅਜੇ 2 ਹੀ ਮਿਲੇ ਹਨ। 17 ਵੀਂ ਸਦੀ 'ਚ ਭਾਰਤ ਯਾਤਰਾ 'ਤੇ ਆਏ ਚੀਨੀ ਤੀਰਥ ਯਾਤਰੀ ਅਤੇ ਲੇਖਕ ਹਿਊਨਸੇਂਗ ਨੇ ਸੰਘੋਲ ਦੇ ਬੁੱਧ ਸੰਗਠਨਾਂ ਦੇ ਵਿਸ਼ੇ 'ਚ ਵੀ ਜ਼ਿਕਰ ਕੀਤਾ ਹੈ। ਸੰਘੋਲ ਦੇ ਇਹ 5 ਨੰਬਰ ਅਤੇ 11 ਨੰਬਰ ਵਾਲੇ ਅਸਥਾਨ ਦੀ ਮਹੱਤਤਾਂ ਨੂੰ ਦੇਖਦੇ ਹੋਏ ਭਾਰਤੀ ਪੁਰਾਤਤਵੀ ਸ਼ਰਵੇਖਣ ਨੇ ਆਪਣੇ ਨੋਟੀਫਿਕੇਸ਼ਨ ਨੰਬਰ ਐੱਸ. ਓ. 1676 (ਈ) ਮਿਤੀ ਜੂਨ 2008 ਦੇ ਅਧੀਨ ਸੁਰੱਖਿਅਤ ਘੋਸ਼ਿਤ ਕਰਕੇ ਆਪਣੇ ਅਧਿਕਾਰ ਖੇਤਰ ਵਿਚ ਲੈ ਲਿਆ ਹੈ। ਪੁਰਾਤਤਵ ਭਿਾਗ ਨੇ ਇਨ੍ਹਾਂ ਅਸਥਾਨਾਂ ਤੇ ਇਨ੍ਹਾਂ ਵਸਤਾਂ ਨਾਲ ਕਿਸੇ ਤਰ੍ਹਾਂ ਦੀ ਵੀ ਛੇੜਛਾੜ ਨੂੰ ਰੋਕਣ ਲਈ ਜਿਥੇ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਉਥੇ ਇਸ ਦੇ ਰੱਖ-ਰਖਾਅ ਲਈ ਤੇਜਾ ਸਿੰਘ ਤੇ ਹੋਰ ਕਰਮਚਾਰੀ ਨਿਗਰਾਨੀ ਲਈ ਰੱਖੇ ਹੋਏ ਹਨ। 4500-5000 ਸਾਲ ਪੁਰਾਣੀ ਹੜੱਪਾ ਸੱਭਿਅਤਾ, ਪਾਰਥੀ, ਕੁਸ਼ਾਨ, ਗੁਪਤ ਅਤੇ ਇਨ੍ਹਾਂ ਸ਼ਾਸਨਕਾਲ ਨਾਲ ਸੰਬੰਧਿਤ 15000 ਪ੍ਰਚੀਨ ਵਸਤੂਆਂ ਰਾਸਟਰੀ ਮਾਰਗ 'ਤੇ ਸਥਿਤ ਪੁਰਾਤਤਵੀ ਅਜਾਇਬ ਘਰ, ਜਿਸਨੂੰ 10 ਅਪ੍ਰੈਲ 1990 ਵਿਚ ਪੰਜਾਬ ਸਰਕਾਰ ਨੇ ਉਸਾਰਿਆ ਸੀ, ਵਿਚ ਸਾਂਭ ਕੇ ਰੱਖੀਆਂ ਹੋਈਆਂ ਹਨ, ਜੋ ਇਸ ਸੁੰਦਰ ਭਵਨ ਦੀਆਂ ਦੋ ਮੰਜ਼ਿਲਾਂ 'ਚ ਦੇਖੀਆਂ ਜਾ ਸਕਦੀਆਂ ਹਨ।

ਮੁੱਖ ਦੁਆਰ ਦੇ ਨੇੜੇ 'ਮਾਸਟਰ ਚਾਰਟ' ਲੱਗਾ ਹੈ ਜਿਸ 'ਤੇ ਸੰਘੋਲ ਦਾ ਸੰਖੇਪ ਇਤਿਹਾਸ ਅਤੇ ਹੋਰ ਮਹੱਤਵਪੂਰਣ ਤੱਥ ਤੁਸੀਂ ਪੜ੍ਹ ਸਕਦੇ ਹੋ। ਇਸ ਪੁਰਾਤਨ ਸੱਭਿਅਤਾ ਨੂੰ ਦੇਖਣ ਲਈ ਦੂਰ-ਦੁਰਾਡੇ ਤੋਂ ਸੈਲਾਨੀ ਆਉਂਦੇ-ਜਾਂਦੇ ਰਹਿੰਦੇ ਹਨ।






## ਆਪਣੀ ਸਮਰੱਥਾ

ਜੇ ਉਸ ਆਪਣੀ ਸਮਰੱਥਾ ਪਛਾਣੀ ਹੁੰਦੀ।
ਸੰਘਣੀ ਠੰਡੀ ਛਾਂ ਰੱਜ ਮਾਣੀ ਹੁੰਦੀ।

ਸਮੇਂ ਦੀਆਂ ਸਰਕਾਰਾਂ ਜੇ ਗਲ਼ ਲਾਉਂਦੀਆਂ।
ਪੰਜਾਬੀ ਬੋਲੀ ਵੀ ਅੱਜ ਮਹਾਂਰਾਣੀ ਹੁੰਦੀ।

ਉਹ ਵੀ ਸੁੱਖ ਦਾ ਸਾਹ ਲੈ ਲੈਂਦੀ,
ਜ ਕਿਸੇ ਉਸਦੀ ਦਰਦ ਕਹਾਣੀ ਜਾਣੀ ਹੁੰਦੀ।

ਵਰਤਦੇ ਨਾ ਕਹਿਰ, ਬੇਖੌਫ ਹੁੰਦੀ ਜਨਤਾ
ਸਿਸਟਮ ਦੀ ਉਲਝੀ ਜੇ ਨਾ ਤਾਣੀ ਹੁੰਦੀ।

ਨਿਕਲ ਤਾਂ ਆਉਣਾ ਸੀ ਕੁਝ ਨਾ ਕੁਝ,
ਜੇ ਪਾਣੀ ਵਿਚ ਪਾਈ ਨਾ ਮਧਾਣੀ ਹੁੰਦੀ।

ਤਰਸਦੇ ਨਾ ਰੋਟੀ ਕੱਪੜਾ, ਮਕਾਨ ਲਈ,
ਮੁੱਢੋਂ ਹੀ ਜੇ ਨਾ ਵੰਡ ਕਾਣੀ ਹੁੰਦੀ।



- ਮਲਕੀਤ ਜੌੜਾ
91-98725-34278

## ਕਵਿਤਾ/ ਵਧਾਈ



ਸਵਰਗੀ
ਬਿਹਾਰੀ ਲਾਲ ਚਾਹਲ
ਜੀ ਦੀ 'ਦੇਸ਼ ਦੁਆਬਾ' 'ਚ
ਛਪੀ ਇਕ ਪੁਰਾਣੀ ਰਚਨਾ

ਅੱਜ ਦਿਓ ਵਧਾਈ ਉਸ ਮਾਂ ਤਾਈ, ਜਿਸ ਦੀ ਕੁੱਖ 'ਚੋਂ ਭੀਮ ਅਵਤਾਰ ਹੋਇਆ
ਅਰਸ਼ੋਂ ਦੇਵਤੇ ਫੁੱਲ ਬਰਸਾਂਵਦੇ ਨੇ, ਵਿਹੜਾ ਪਿਤਾ ਦਾ ਅੱਜ ਗੁਲਜਾਰ ਹੋਇਆ
ਪਰੀਆਂ ਗੀਤ ਸੋਹਾਵਣੇ ਗਾਉਂਦੀਆਂ ਨੇ। ਸਾਰੇ ਜੱਗ ਉਤੇ ਜੈ ਜੈ ਕਾਰ ਹੋਇਆ
ਆ ਗਿਆ ਮਜ਼ਲੂਮਾਂ ਦਾ ਅੱਜ ਰਹਿਬਰ, ਜਿਸਦਾ ਸਦੀਆਂ ਤੋਂ ਸੀ ਇੰਤਜ਼ਾਰ ਹੋਇਆ
ਹਰ ਘਰ ਦੇ ਵਿਚ ਕੋਈ ਲਾਈਟ ਹੈ ਇਹ, ਕਿਹੜੀ ਚੀਜ਼ ਦਾ ਇਹਨਾਂ ਚਮਕਦਾਰ ਹੋਇਆ
ਅੱਜ 14 ਅਪ੍ਰੈਲ ਦਾ ਚੰਦ ਚੜ੍ਹਿਆ, ਹੋ ਗਈ ਰੌਸ਼ਨੀ ਦੂਰ ਅੰਧਕਾਰ ਹੋਇਆ
ਅੱਤਿਆਚਾਰ ਤੇ ਜ਼ੁਲਮ ਦੀ ਅੰਤ ਹੋ ਗਈ, ਭਾਰ ਧਰਤੀ ਤੇ ਨਹੀਂ ਸਹਾਰ ਹੋਇਆ
ਇਸੇ ਧਰਤੀ ਦਾ ਭਾਰ ਉਤਾਰਨੇ ਲਈ, ਆਉਣਹ ਰਹਿਬਰ ਦਾ ਫਿਰ ਸੰਸਾਰ ਹੋਇਆ
ਆ ਗਿਆ ਹੈ ਭੀਮ ਅਵਤਾਰ ਸੰਗਤੇ, ਜਿਸਦੇ ਆਉਣ ਦਾ ਇੰਨਾ ਸਤਿਕਾਰ ਹੋਇਆ
ਮੁਰਦਾ ਰੂਹਾਂ ਨੂੰ ਜ਼ਿੰਦਗੀ ਦੇਣ ਵਾਲਾ, ਤੇ ਐਸਾ ਹੋਰ ਨਾ ਮੇਰੀ ਸਰਕਾਰ ਹੋਇਆ
ਬਾਬਾ ਸਾਹਿਬ ਨੇ ਆਣ ਕੇ ਕਰਮ ਕੀਤਾ, ਦੁਖੀ ਕੌਮ ਦਾ ਦੁੱਖ ਨਿਵਾਰ ਹੋਇਆ
ਜ਼ਿੰਦਗੀ ਮੁਰਦਿਆਂ ਵਾਂਗਰਾਂ ਸੀ ਸਾਡੀ, ਅੱਜ ਜਿਊਣ ਦਾ ਸਾਨੂੰ ਅਧਿਕਾਰ ਹੋਇਆ
ਰੁੜ੍ਹੇ ਜਾਂਦੇ ਸਾਂ ਜੁਲਮ ਦੇ ਸ਼ੋ ਅੰਦਰ, ਮਦਦ ਵਾਸਤੇ ਪੈਦਾ ਮਦਦਗਾਰ ਹੋਇਆ
ਆ ਗਿਆ ਹੈ ਸੰਗਤੇ ਉਹ ਰਹਿਬਰ, ਜਿਸਨੂੰ ਦਲਿਤਾਂ ਦੇ ਨਾਲ ਪਿਆਰ ਹੋਇਆ
ਸਾਡੇ ਰਹਿਬਰਾਂ ਉਦੋਂ ਹੀ ਆ ਗਿਆ ਤੂੰ, ਜਿਊਣਾ ਦਲਿਤਾਂ ਦਾ ਜਦੋਂ ਦੁਸ਼ਵਾਰ ਹੋਇਆ
ਵਾਰੀ ਦਲਿਤ ਹਨ ਤੇਰੇ ਤੋਂ ਅੱਜ ਭੀਮਾਂ, ਬਿਹਾਰੀ ਲਾਲ ਤੇਰਾ ਖਿਦਮਤਗਾਰ ਹੋਇਆ
ਅੱਜ ਦਿਓ ਵਧਾਈ ਉਸ ਮਾਂ ਤਾਈ, ਜਿਸਦੀ ਕੁੱਖ 'ਚੋਂ ਭੀਮ ਅਵਤਾਰ ਹੋਇਆ।



ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

## ਪਾਲੀ ਮਾਂਗਟ ਸੱਚੀਂ ਮੁੱਚੀਂ ਹੁਣ ਸਟਾਰ ਪੱਕਾ

'ਰੁਪਿੰਦਰ ਗਾਂਧੀ' ਫ਼ਿਲਮ ਤੋਂ ਬਾਅਦ ਪਾਲੀ ਮਾਂਗਟ ਦੇ ਸਟਾਰ ਬਣ ਜਾਣ ਦੇ ਮੌਕੇ ਸਨ। ਫਾਇਦਾ ਵੀ ਹੋਇਆ ਪਰ ਵਿਚਾਲੇ ਬ੍ਰੇਕ ਲੱਗ ਗਈ। ਵਾਰ ਵਾਰ ਓਹ ਦਿਨ ਨਹੀਂ ਰਹਿੰਦੇ ਤੇ ਹੁਣ ਅਭਿਨੇਤਾ ਪਾਲੀ ਮਾਂਗਟ ਫਿਰ ਸਰਗਰਮ ਹੈ। ਜੋਹਨ ਅਬਰਾਹਮ ਨਾਲ 'ਦਾ ਡਿਪਲੋਮੈਟ' ਬਾਲੀਵੁੱਡ ਫਿਲਮ ਤੇ ਹੁਣ ਓਸ ਨੇ 'ਮਿੱਠਾ ਜ਼ਹਿਰ' ਫ਼ਿਲਮ ਕੀਤੀ ਹੈ।ਇਸ ਦੇ ਨਾਲ ਹੀ ਅੱਜ ਕਲ ਓਹ ਸੁਖਪਾਲ ਸਿੱਧੂ ਦੀ ਫ਼ਿਲਮ 'ਕਬੂਤਰਬਾਜ਼' ਕਰ ਰਿਹਾ ਹੈ। ਪਾਲੀ ਮਾਂਗਟ ਕੋਲ ਹੋਰ ਚਾਰ ਫ਼ਿਲਮਾਂ ਹਨ ਤੇ ਇਸ ਤਰਾਂ ਹੁਣ ਪੱਕਾ ਸਟਾਰ ਬਣ ਜਾਣ ਦਾ ਵਕਤ ਆ ਗਿਆ ਹੈ। ਪਾਲੀ ਮਾਂਗਟ ਦਾ ਕਹਿਣਾ ਹੈ ਕਿ ਕੁੱਝ ਦਿਨ ਹੋਰ ਇੱਕ ਵੱਡੀ ਪੰਜਾਬੀ ਤੇ ਬਾਲੀਵੁੱਡ ਫ਼ਿਲਮ ਓਸ ਕੋਲ ਆ ਰਹੀ ਹੈ।ਮਤਲਬ ਬੱਲੇ ਹੀ ਬੱਲੇ ਸ਼ਾਵਾ ਹੀ ਸ਼ਾਵਾ।



## ਮੰਗਤ ਬੱਧਣ ਕਾਮਯਾਬ ਫ਼ਿਲਮੀ ਕੈਮਰਾਮੈਨ

ਫ਼ਿਲਮ ਹੁੰਦੀ ਹੀ ਕੈਮਰਾਮੈਨ ਦੇ ਸਿਰ ਤੇ ਹੈ ਤੇ ਮੰਗਤ ਬੱਧਣ ਨੇ ਖਿਡੌਣੇ ਖੇਡਣ ਵਾਲੀ ਉਮਰ ਵਿੱਚ ਵਿਜੇ ਖੇਪੜ ਨਾਲ ਲਾਈਟ ਤੇ ਕੈਮਰਾ ਵਿਭਾਗ ਵਿੱਚ ਪ੍ਰਵੇਸ਼ ਕੀਤਾ ਸੀ।ਤਾਂ ਹੀ ਚੜ੍ਹਦੀ ਜਵਾਨੀ ਵਿੱਚ ਓਹ ਫ਼ਿਲਮ ਕੈਮਰਾਮੈਨ ਬਣ ਗਿਆ। ਇਸ ਨੂੰ ਸਿਨੇ ਆਟੋ ਗ੍ਰਾਫਰ ਕਿਹਾ ਜਾਂਦਾ ਸੀ। ਮੰਗਤ ਨੇ 'ਚੇਲਿੰਜ' ਕਾਲਜ ਕੈਂਪਸ 'ਤੇ 'ਦਿੱਲੀ ਤੋਂ ਲਹੌਰ' ਫ਼ਿਲਮਜ਼ ਦੀ ਫੋਟੋਗ੍ਰਾਫੀ ਕਰ ਕਿ ਆਪਣੀ ਕਾਬੀਲੀਅਤ ਦਾ ਸਬੂਤ ਦਿੱਤਾ। ਡੀ ਓ ਪੀ ਮੰਗਤ ਅਨੁਸਾਰ ਕੈਮਰਾਮੈਨ ਅੱਧਾ ਨਿਰਦੇਸ਼ਕ ਹੁੰਦਾ ਹੈ। ਓਸ ਨੇ ਜਸ਼ਨ ਤੇ ਨਵ ਬਾਜਵਾ ਨਾਲ 'ਚੰਨ ਤਾਰਾ' ਫ਼ਿਲਮ ਦੀ ਫੋਟੋਗ੍ਰਾਫੀ ਵੀ ਕੀਤੀ ਹੈ। ਮੰਗਤ ਅਨੁਸਾਰ ਵਿਨੀਤ ਅਟਵਾਲ ਤੇ ਸਤਨਾਮ ਦੀ 'ਕਰਜ਼ਾ' ਓਹ ਕਰ ਰਿਹਾ ਹੈ,ਵੈੱਬ ਸੀਰੀਜ਼ ਹਨ ਤੇ ਓਹ ਇੱਕ ਦਿਨ ਬਾਲੀਵੁੱਡ ਫ਼ਿਲਮਜ਼ ਤੱਕ ਡਾਇਰੈਕਟਰ ਆਫ ਫੋਟੋਗ੍ਰਾਫੀ ਬਣ ਚਮਕਣ ਦੇ ਇਰਾਦੇ ਰੱਖਦਾ ਹੈ। ਬਲਬੀਰ ਬੇਗ਼ਮਪੁਰੀ ਤੋਂ ਓਸ ਨੇ ਬਹੁਤ ਕੁੱਝ ਸਿੱਖਿਆ ਹੈ।




## ਹੈਦਰ ਸੁਲਤਾਨ ਲਾਲੀਵੁਡ ਤੇ ਮਨਮੋਹਨ ਵਿਗ ਪਾਲੀਵੁੱਡ ਸਟਾਰ

ਤਮੰਨਾ ਪੂਰੀ ਕਰਨ ਲਈ ਮਿਹਨਤ ਨਾਲ ਤਕਦੀਰ ਤੇ ਰੱਬ ਦਾ ਸਾਥ ਜ਼ਰੂਰੀ ਹੈ ਤੇ ਇਹ ਗੱਲ ਪਾਕਸਤਾਨੀ ਪੰਜਾਬੀ ਫ਼ਿਲਮਾਂ ਦੇ ਹੀਰੋ ਹੈਦਰ ਸੁਲਤਾਨ ਆਖਦੇ ਹਨ। ਹੈਦਰ ਸਵਰਗੀ ਸੁਪਰ ਸਟਾਰ ਸੁਲਤਾਨ ਰਾਹੀ ਦੇ ਬੇਟੇ ਹਨ । 'ਬਾਬਲ ਵੀਰ' ਓਹਨਾਂ ਦੀ ਹੁਣੇ ਹਿੱਟ ਹੋਈ ਫ਼ਿਲਮ ਏ ਤੇ ਓਹ ਸ਼ਾਨ ਤੇ ਪਿਤਾ ਦੀ ਤਰਾਂ ਸੁਪਰ ਸਟਾਰ ਬਣ ਜਾਣ ਦਿਨ ਰਾਤ ਇੱਕ ਕੀਤਾ ਹੈ ਤੇ ਮਨਮੋਹਨ ਵਿਗ ਜਿਹੜੇ ਐਲਬਮ ਤੇ ਫ਼ਿਲਮ ਕੈਮਰਾਮੈਨ ਨੇ ਨੂੰ 'ਯਾਰਾਂ ਦੇ ਯਾਰ' ਦੇ ਨਿਰਦੇਸ਼ਕ ਅਜੇ ਸਿੰਘ ਨੇ ਨਵੀਂ ਫ਼ਿਲਮ ਲਈ ਡੀ ਓ ਪੀ ਲਿਆ ਹੈ । ਹਰਿਆਣੇ ਦਾ ਮਾਣ ਮਨਮੋਹਨ ਵਿਗ ਵੀ ਹੈਦਰ ਸੁਲਤਾਨ ਦੀ ਤਰਾਂ ਤਮੰਨਾ ਪੂਰੀ ਕਰਨ ਲਈ ਦਿਨ ਰਾਤ ਇੱਕ ਕਰ ਰਹੇ ਹਨ । ਹੈਦਰ ਤੇ ਵਿਗ ਲਈ ਦੁਆਵਾਂ ਕਾਮਯਾਬੀ ਦੀਆਂ।



## ਸੁਖਪਾਲ ਸੁੱਖ ਦੇ ਸੰਗੀਤ ਵਿੱਚ ਅੱਜ ਵੀ ਤਾਜ਼ਗੀ

ਜਦ ਚਰਨਜੀਤ ਆਹੂਜਾ, ਅਤੁਲ ਸ਼ਰਮਾ, ਸੁਰਿੰਦਰ ਬਚਨ ਸੰਗੀਤਕਾਰ ਬਣ ਛਾਏ ਹੋਏ ਸਨ ਤਦ ਸੁਖਪਾਲ ਸੁੱਖ ਦੀ ਆਮਦ ਨੇ ਨਵਾਂ ਪੰਜਾਬੀ ਸੰਗੀਤ ਇਤਿਹਾਸ ਲਿਖ ਦਿੱਤਾ।ਸਰਬਜੀਤ ਚੀਮਾ ਤੋਂ ਫ਼ਿਲਮਜ਼ ਤੱਕ ਸਫ਼ਲ ਸੰਗੀਤ ਦੇਣ ਵਾਲੇ ਸੁਖਪਾਲ ਸਬੰਧੀ ਨਾਇਕਾ ਨੀਨਾ ਸਿੱਧੂ ਬੁੰਦੇਲ ਨੇ ਕਿਹਾ ਸੀ ਕਿ ਸੁੱਖ ਲੰਬਾ ਸਮਾਂ ਚਲਣਗੇ। ਅੱਜ ਵੀ ਸੁੱਖ ਕੋਲ ਬਹੁਤ ਗਾਇਕ, ਟਰੈਕ ਤੇ ਫ਼ਿਲਮੀ ਸੰਗੀਤ ਹੈ। ਸਦਬਹਾਰ ਸੰਗੀਤ ਦਾ ਨਾਮ ਹੀ ਸੁਖਪਾਲ ਸੁੱਖ ਹੈ ਤੇ ਵੈੱਬ ਸੀਰੀਜ਼ ਤੱਕ ਦਾ ਸੰਗੀਤ ਵੀ ਓਹ ਤਿਆਰ ਕਰ ਰਹੇ ਹਨ। ਇਹੀ ਨਹੀਂ ਓਹ ਆਧੁਨਿਕ ਤਕਨੀਕ ਨਾਲ ਸੰਗੀਤ ਦੇ ਰਹੇ ਹਨ। ਸੁੱਖ ਰਹੀ ਤਾਂ ਸੁਖਪਾਲ ਸੁੱਖ ਜਲਦੀ ਅਜਿਹੇ ਗੀਤ ਸੰਗੀਤਬੱਧ ਕਰ ਦੇਣਗੇ ਜਿਹੜੇ 'ਰੰਗ ਰਾਰਾ ਰੀਰੀ' ਦੀ ਤਰਾਂ ਖ਼ੂਬ ਚਲਣਗੇ।



## 'ਤਬਾਹੀ ਰਿਲੋਡਡ' ਤੇ ਸੰਕਟ ਕਿਸ ਪਾਇਆ

ਸਾਰੀਆਂ ਤਿਆਰੀਆਂ ਸਨ ਤੇ ਬਲਬੀਰ ਟਾਂਡਾ ਦੀ ਫ਼ਿਲਮ 'ਤਬਾਹੀ ਰਿਲੋਡੋਡ' ਸਿਨੇਮਾ ਘਰਾਂ ਵਿੱਚ ਆ ਰਹੀ ਸੀ ਪਰ ਸੂਤਰਾਂ ਦਾ ਹਵਾਲਾ ਕਾਮਯਾਬ ਹੋ ਗਿਆ ਤੇ ਐਨ ਸਮੇਂ ਤੇ ਇਹ ਫ਼ਿਲਮ ਰਲੀਜ਼ ਨਹੀਂ ਹੋਣੀ ਦੀ ਖ਼ਬਰ ਆਈ। ਆਖਿਰ ਇਹ ਕਿਉਂ ਤੇ ਕਿਵੇਂ ਕੀਤਾ ਗਿਆ।

ਫ਼ਿਲਮ ਪੰਜਾਬ ਦੇ ਰਾਜਨੀਤਕ ਸਿਸਟਮ, ਡੇਰੇਵਾਦ ਤੇ ਪੁਲਿਸ ਜਬਰ ਤੇ ਹੋਣ ਕਰ ਕੇ ਕਈਆਂ ਨੂੰ ਚੁੱਭੀ ਕਿ ਜੇਕਰ ਇਹ ਆਈ ਤਾਂ ਸਾਡੇ ਚਿਹਰੇ ਨੰਗੇ ਹੋਣਗੇ। ਜਦ ਸੈਂਸਰ ਬੋਰਡ ਨੇ ਪਾਸ ਕੀਤੀ ਏ ਤਦ ਨਿਰਮਾਤਾਵਾਂ ਦਾ ਨੁਕਸਾਨ ਕਰਨਾ ਠੀਕ ਨਹੀਂ। ਫਿਲਮ ਦੇ ਗਾਣੇ ਹਿਟ ਹਨ ਤੇ ਹੁਣ ਨਿਰਮਾਤਾ ਸਾਰੇ ਪੱਖ ਮੁੱਖ ਰੱਖ ਫਿਲਮ ਰਲੀਜ਼ ਕਰਨ ਲਈ ਸਰਗਰਮ ਹਨ। ਦੇਖੋ ਅੱਗੇ ਅੱਗੇ ਕੀ ਹੁੰਦਾ ਹੈ? ਪਹਿਲੀ 'ਤਬਾਹੀ' ਵੀ ਰੋਕੀ ਗਈ ਸੀ ਪਰ ਆ ਕਿ ਇਹ ਸੁਪਰ ਹਿਟ ਰਹੀ ਸੀ।



## 'ਸੜ ਸੜ ਮਰਦੇ' ਦਲਜੀਤ ਚਾਹਲ ਦੀ ਗਾਇਕੀ / ਜੋਧਬੀਰ ਚਾਹਲ ਦੀ ਪੇਸ਼ਕਾਰੀ

ਜੋਧਬੀਰ ਚਾਹਲ ਨੌਜਵਾਨ ਗੀਤਕਾਰ ਹੈ ਤੇ ਕਲਮ ਦੇ ਨਾਲ ਹੀ ਸੰਗੀਤਕ ਵਲਵਲੇ ਦਿਲ ਦਿਮਾਗ ਵਿੱਚ ਹਨ ਤੇ ਲਿਹਾਜ਼ਾ ਓਸ ਨੇ ਨੌਜਵਾਨ ਗਾਇਕ ਦਲਜੀਤ ਚਾਹਲ ਦਾ ਜਿਹੜਾ ਗਾਣਾ 'ਸੜ ਸੜ ਮਰਦੇ' ਕੱਢਿਆ ਓਸ ਨੂੰ ਖ਼ੂਬ ਚਰਚਾ ਮਿਲੀ। ਪੇਂਡੂ ਮਾਫੀਆ ਰਿਕਾਰਡਜ਼ ਨੇ ਲਾਭ ਦਲਜੀਤ ਚਾਹਲ ਨੂੰ ਗਾਇਕ ਬਣ ਤੇ ਜੋਧ ਬੀਰ ਨੂੰ ਸੰਗੀਤਕਾਰ ਵਜੋਂ ਦਿੱਤਾ ਕਿ ਅੱਜ ਜੱਗੀ ਕਾਦੀਆਂ ਜਿਹੇ ਸੰਗੀਤ ਪੇਸ਼ਕਾਰ ਦੋਵਾਂ ਦੇ ਕੰਮ ਤੋਂ ਸੰਤੁਸ਼ਟ ਹਨ। ਪਾਰਥ ਗੁਪਤਾ ਤੇ ਗੁਰਦਾਸ ਦੇ ਸ਼ੁਕਰਗੁਜਾਰ ਦਲਜੀਤ ਤੇ ਜੋਧਬੀਰ ਚਾਹਲ ਆਉਣ ਵਾਲੇ ਸਮੇਂ ਵਿੱਚ ਪੰਜਾਬੀ ਗਾਇਕੀ ਤੇ ਸੰਗੀਤ ਵਿੱਚ ਖਾਸ ਕਲਾਕਾਰ ਬਣ ਜਾਣਗੇ ਲੱਗਦਾ ਹੈ। 'ਸੜ ਸੜ ਮਰਦੇ' ਵਾਲੀ ਆਸ਼ਿਮਾ ਕੰਵਰ ਵੀ ਕਹਿੰਦੀ ਏ ਕਿ ਚਾਹਲ ਦੋਵੇਂ ਭਵਿੱਖ ਦੇ ਸਟਾਰ ਹਨ।



# ਰਾਣਾ ਸੰਧੂ ਨੇ ਜਸਮੀਨ ਅਖ਼ਤਰ ਨਾਲ ਕੀਤੀ "ਜੇਲ ਯਾਤਰਾ" ਖੁਸ਼ ਹੋਈ ਸੰਦੀਪ, ਦੋਗਾਣਾ "ਜੇਲ ਯਾਤਰਾ" ਰਾਣਾ ਜਸਮੀਨ ਦਾ ਹੋਇਆ ਕਾਮਯਾਬ

ਰਾਣਾ ਸੰਧੂ ਦਾ ਨਵਾਂ ਦੋਗਾਣਾ "ਜੇਲ ਯਾਤਰਾ" ਚਲ ਗਿਆ ਹੈ ਤੇ ਫੇਸਬੁੱਕ ਤੇ ਰੀਲ ਵਾਲੀ ਨੇਰ੍ਹੀ ਇਸ ਦੋਗਾਣੇ ਨੇ ਲਿਆਂਦੀ ਹੈ। ਸੱਗੀ ਨੈਕਸੁਸੁ ਦੇ ਸੁਰ ਤਾਲ ਵਾਲੇ ਸੰਗੀਤ ਨਾਲ ਮਾਝੇ ਦੇ ਕਿੰਗ ਗਾਇਕ ਰਾਣਾ ਸੰਧੂ ਨੇ ਦੱਬ ਕਿ ਮਿੱਠਾ



ਗਾਇਆ ਹੈ ਤੇ ਜਸਮੀਨ ਅਖ਼ਤਰ ਤੇ ਅੱਗੇ ਹੀ ਸਰਸਵਤੀ ਦੀ ਕਿਰਪਾ ਹੈ। ਗਾਣੇ ਨੂੰ ਗ੍ਰਿਫਤਹਿ ਨੇ ਸ਼ਾਨਦਾਰ ਵੀਡਿਓ ਵਿੱਚ ਢਾਲ ਕਿ ਚੈਨਲਾਂ ਦਾ ਸ਼ਿੰਗਾਰ ਬਣਾਇਆ ਹੈ। ਇਹ ਸਾਰਾ ਕੁੱਝ ਸਹੀ ਹੈ ਕਿ ਰਾਣਾ ਸੰਧੂ ਦੀ ਮਿਹਨਤ, ਜਸਮੀਨ ਅਖ਼ਤਰ ਦਾ ਸਾਥ ਜਿੱਥੇ ਖਾਸ ਹਨ ਪਰ ਖਾਸ ਗੱਲ ਇੱਕ ਓਹ ਇਹ ਕਿ ਇਸ ਗਾਣੇ ਦੀ ਪੇਸ਼ਕਾਰ ਸੰਦੀਪ ਕੌਰ ਦੀ ਨੀਤੀ ਨੇ ਇਸ ਦੋਗਾਣੇ ਦੀ ਕਾਮਯਾਬੀ ਵਿੱਚ ਹਿੱਸਾ ਪਾਇਆ ਹੈ। ਸੰਦੀਪ ਕੌਰ ਦੇਖਣ ਨੂੰ ਕਿਸੇ ਫ਼ਿਲਮ ਦੀ ਨਾਇਕਾ ਲੱਗਦੀ ਏ, ਗੀਤਾਂ ਦੀ ਸੁਪਰ ਮਾਡਲ ਪਰ ਓਹ ਐਸ਼ ਆਡੀਓ ਤੇ ਸੰਧੂ ਬੋਅਜ਼ ਸੰਗੀਤ ਕੰਪਨੀਆਂ ਦੀ ਸੀਈਓ ਹੈ। ਮਤਲਬ ਕਿ ਕੰਪਨੀ ਲਈ ਗਾਣੇ ਦੀ ਚੋਣ 150 ਗਾਣਿਆਂ ਵਿਚੋਂ ਕੀਤੀ, ਸੰਦੀਪ ਨੇ ਇਸ "ਜੇਲ ਯਾਤਰਾ" ਨੂੰ ਹਰਾ ਸਿਗਨਲ ਦਿੱਤਾ। ਫਿਰ ਜੀਉ ਸਾਵਨ ਤੋਂ ਸਪੋਟਿਫਾਈ ਤੇ ਐਪਲ ਮਿਊਜ਼ਿਕ ਤੇ ਯੋਜਨਾ ਨਾਲ ਰਲੀਜ਼ ਕਰਨ ਵਿੱਚ ਵੀ ਸੰਦੀਪ ਕੌਰ ਦਾ ਯੋਗਦਾਨ ਹੈ।

ਦੋਗਾਣਾ ਗਾਇਕੀ ਦੇ ਟਰੈਕ ਸੰਸਾਰ ਵਿੱਚ ਇੱਕ ਵਾਰ ਫਿਰ ਗਾਇਕ ਰਾਣਾ ਸੰਧੂ ਚਮਕਿਆ ਹੈ, ਜਸਮੀਨ ਅਖ਼ਤਰ ਨੂੰ ਈਦ ਮੁਬਾਰਕ, ਰਾਣਾ ਸੰਧੂ ਨੂੰ ਵਿਸਾਖੀ ਦੀ ਵਧਾਈ ਤੇ ਸੰਦੀਪ ਕੌਰ ਨੂੰ ਵੀ ਸੰਗੀਤ ਪਿਆਰੇ ਦੋਵੇਂ ਮੁਬਾਰਕਾਂ ਦਿੰਦੇ ਆਸ ਕਰਦੇ ਨੇ ਕਿ ਓਹ ਸੁਰੀਲੇ ਗਾਣੇ ਸੰਧੂ ਬੋਅਜ਼ ਵਿੱਚੋਂ ਰਲੀਜ਼ ਕਰਦੀ ਰਹੇਗੀ। ਜਸਮੀਨ ਅਖ਼ਤਰ ਨੇ ਕਿਹਾ ਕਿ ਸਾਥੀ ਗਾਇਕ ਸੁਰੀਲਾ ਹੋਏ ਤਾਂ ਦੋਗਾਣਾ ਗਾਉਣ ਦਾ ਲੁਤਫ਼ ਹੀ ਹੋਰ ਹੁੰਦਾ ਹੈ ਤੇ "ਜੇਲ ਯਾਤਰਾ" ਲੁਤਫ਼ ਨਾਲ ਓਸ ਨੇ ਰਾਣਾ ਸੰਧੂ ਨਾਲ ਗਾਇਆ ਹੈ।

# ਮਿਸ਼ਨਰੀ ਗਾਇਕਾ ਪ੍ਰੀਆ ਬੰਗਾ ਲੰਡਨ ਵਿਖੇ ਗੋਲਡ ਮੈਡਲ ਨਾਲ ਸਨਮਾਨਿਤ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)-** ਵਿਸ਼ਵ ਪ੍ਰਸਿਧ ਮਿਸ਼ਨਰੀ ਗਾਇਕਾ ਪ੍ਰੀਆ ਬੰਗਾ ਸਤਿਗੁਰੂ ਰਵਿਦਾਸ ਜੀ ਮਹਾਰਾਜ ਅਤੇ ਭਾਰਤ ਰਤਨ ਬਾਬਾ ਸਾਹਿ ਬੀ।ਆਰ।ਅੰਬੇਡਕਰ ਜੀ ਦੇ ਮਿਸ਼ਨ ਦੇ ਪ੍ਰਚਾਰ ਪ੍ਰਸਾਰ ਲਈ ਇੰਗਲੈਂਡ ਦੇ ਦੌਰੇ ਤੇ ਗਏ ਹਨ। ਅਮਰਜੀਤ ਵਿਰਦੀ ਯੂ ਕੇ ਨੇ ਫੋਨ ਤੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੱਜ ਸ਼੍ਰੀ ਗੁਰੂ ਰਵਿਦਾਸ ਟੈਂਪਲ ਨਿਊਹੈਮ ਲੰਡਨ ਵਿਖੇ ਭਾਰਤ ਰਤਨ ਬਾਬਾ ਸਾਹਿਬ ਡਾ।ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ ਗਿਆ। ਜਿਥੇ ਮਿਸ਼ਨਰੀ ਗਾਇਕਾ ਪ੍ਰੀਆ ਬੰਗਾ ਨੇ ਮਿਸ਼ਨਰੀ ਗੀਤਾਂ ਰਾਹੀ ਸਤਿਗੁਰੂ ਰਵਿਦਾਸ ਜੀ ਮਹਾਰਾਜ ਅਤੇ ਡਾ। ਅੰਬੇਡਕਰ ਜੀ ਮਹਿਮਾ ਦਾ ਗੁਣਗਾਨ ਕੀਤਾ।ਇਸ ਮੌਕੇ ਸ਼੍ਰੀ ਗੁਰੂ





ਰਵਿਦਾਸ ਟੈਂਪਲ ਨਿਊਹੈਮ ਲੰਡਨ ਪ੍ਰਬੰਧਕ ਕਮੇਟੀ ਵਲੋ ਮਿਸ਼ਨਰੀ ਸਿੰਗਰ ਪ੍ਰੀਆ ਬੰਗਾ ਜੀ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗਾਇਕਾ ਪ੍ਰੀਆ ਬੰਗਾ ਨੇ ਸਮੂੰਹ ਪ੍ਰਬੰਧਕ ਕਮੇਟੀ ਦਾ ਤਹਿਦਿਲੋ ਧੰਨਵਾਦ ਕਰਦਿਆਂ ਕਿਹਾ ਕਿ ਜਿਨ੍ਹਾਂ ਪਿਆਰ ਅਤੇ ਮਾਣ ਸਨਮਾਨ ਸ਼੍ਰੀ ਗੁਰੂ ਰਵਿਦਾਸ ਟੈਂਪਲ ਨਿਊਹੈਮ ਲੰਡਨ ਪ੍ਰੰਬਕ ਕਮੇਟੀ ਅਤੇ ਸੰਗਤਾਂ ਵਲੋਂ ਦਿੱਤਾ ਗਿਆ ਹੈ ਮੈਂ ਹਮੇਸ਼ਾ ਉਸ ਨੂੰ ਯਾਦ ਰੱਖਾਗੀ। ਅੱਜ ਮਿਸਨਰੀ ਗਾਇਕਾ ਪ੍ਰੀਆ ਬੰਗਾ ਦਾ ਜਨਮ ਦਿਨ ਵੀ ਹੈ ਜੋ ਲੰਡਨ ਦੀਆਂ ਸੰਗਤਾਂ ਵਲੋਂ ਪ੍ਰੀਆ ਬੰਗਾ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਵੀ ਦਿਤੀਆਂ ਗਈਆ। ਇਸ ਮੌਕੇ ਗੱਲਬਾਤ ਕਰਦਿਆਂ ਪ੍ਰੀਆ ਬੰਗਾ ਨੇ ਦੱਸਿਆ ਕਿ ਇੰਗਲੈਂਡ ਦੀਆਂ ਸੰਗਤਾਂ ਵਲੋਂ ਬਹੁਤ ਪਿਆਰ ਅਤੇ ਸਤਿਕਾਰ ਦਿੱਤਾ ਜਾ ਰਿਹਾ ਹੈ ਅਤੇ ਵੱਖ ਵੱਖ ਸਹਿਰਾਂ ਚ ਬਾਬ ਸਾਹਿਬ ਦੇ ਜਨਮ ਦਿਨ ਨੂੰ ਸਮਰਪਿਤ ਪ੍ਰੋਗਰਾਮ ਰੱਖੇ ਗਏ ਹਨ ਜਿਥੇ ਪ੍ਰੀਆ ਬੰਗਾ ਜੀ ਮਿਸ਼ਨਰੀ ਗੀਤਾਂ ਨਾਲ ਹਾਜਰੀ ਲਗਵਾਉਣਗੇ।

# "ਪੁੱਤ ਜੱਟਾਂ ਦੇ," ਤੋਂ "ਜੱਟ ਜਿਉਣਾ ਮੌੜ" ਤੱਕ ਸੁਪਰ ਫ਼ਿਲਮਾਂ ਤੇ ਹੁਣ ਨੇਤਾ ਲੋਕਾਂ, ਪੰਜਾਬ ਵਿਰੋਧੀਆਂ ਲਈ "ਤਬਾਹੀ ਰਿਲੋਡਡ" ਲਿਆਏ ਇਕਬਾਲ ਢਿੱਲੋਂ

ਪੰਜਾਬੀ ਫ਼ਿਲਮਾਂ ਦੀ ਦੁਨੀਆਂ ਵਿੱਚ ਸਭ ਤੋਂ ਜਿਆਦਾ ਚਰਚਿਤ ਇਕਬਾਲ ਸਿੰਘ ਢਿੱਲੋਂ ਹੈ ਜਿਸ ਨੇ ਫ਼ਿਲਮਾਂ ਵੀ ਵੱਖਰੇ ਤਰੀਕੇ ਦੀਆਂ ਬਣਾਈਆਂ ਤੇ ਚਲਣ ਦੇ ਰਿਕਾਰਡ ਵੀ ਇਹਨਾਂ ਨੇ ਬਣਾਏ। ਵਿਵਾਦ ਓਸ ਦੀਆਂ ਫ਼ਿਲਮਾਂ ਨਾਲ ਜੁੜੇ ਪਰ ਬੇਪਰਵਾਹ ਹੋ ਕਿ ਓਹ ਹਰ ਪਾਸੇ ਜਿੱਤ ਪ੍ਰਾਪਤ ਕਰਦਾ ਰਿਹਾ।ਹਿਟ ਤੇ ਹੈ ਹੀ ਉਸਦੀ ਫ਼ਿਲਮ "ਸ਼ਹੀਦ ਊਧਮ ਸਿੰਘ ਨੂੰ "ਰਾਸ਼ਟਰਪਤੀ ਐਵਾਰਡ " ਮਿਲਿਆ ਤੇ ਹੁਣ ਓਸ ਨੇ ਅਨੰਦਪੁਰ ਦੇ ਮਤੇ ਦੀ ਗੱਲ ਕਰਦੀ, ਭ੍ਰਿਸ਼ਟ ਪੰਜਾਬ ਦੀ ਰਾਜਨੀਤਿ ਤੇ ਸਿੱਧੂ ਮੂਸੇ ਵਾਲਾ ਲਈ ਇਨਸਾਫ ਮੰਗਦੀ ਫਿਲਮ "ਤਬਾਹੀ ਰੇਲੋਡਡ" ਬਣਾਈ ਹੈ। ਇਸ ਫਿਲਮ ਬਾਬਤ ਗੱਲ ਕਰਨ ਤੋਂ ਪਹਿਲਾਂ ਇਕਬਾਲ ਸਿੰਘ ਢਿੱਲੋਂ ਦੇ ਸ਼ੁਰੂਆਤ ਸਫ਼ਰ ਤੇ ਹੋਰ ਖਾਸ ਗੱਲਾਂ ਆਓ ਆਪ ਦੀ ਨਜ਼ਰ ਕਰੀਏ।"ਮਾਹੀ ਮੁੰਡਾ" ਪਹਿਲੀ ਫਿਲਮ ਸੀ ਨਹੀਂ ਚਲੀ ਪਰ ਫਿਰ ਧਰਮਿੰਦਰ, ਸ਼ਤਰੂਘਨ ਸਿਨ੍ਹਾ, ਬਲਦੇਵ ਖੋਸਾ ਨੂੰ ਲਿਆ ਤੇ "ਪੁੱਤ ਜੱਟਾਂ ਦੇ" ਬਣਾਈ, ਸੁਪਰ ਹਿੱਟ ਰਹੀ।ਫਿਰ ਚਲ ਸੋ ਚਲ, "ਬਦਲਾ ਜੱਟੀ ਦਾ" ਨੇ ਰਿਕਾਰਡ ਤੋੜ ਦਿੱਤੇ। "ਜੱਟ ਜਿਉਣਾ ਮੌੜ" ਖ਼ੂਬ ਚਲੀ। ਪੰਜਾਬ ਦੇ ਕਾਲੇ ਦੌਰ ਦੌਰਾਨ ਸਹੀ ਤੱਥ ਪੇਸ਼ ਕਰਦੀਆਂ "ਬਾਗੀ ਸੂਰਮੇ" "ਸੁੱਖਾ "ਤਬਾਹੀ" ਬਣਾਈਆਂ। ਸਾਰੀਆਂ ਫ਼ਿਲਮਾਂ ਕਾਮਯਾਬ ਰਹੀਆਂ। "ਬਾਗੀ ਸੂਰਮੇ" ਵਿਵਾਦ ਹੋਏ "ਤਬਾਹੀ" ਤੇ ਵੀ ਪਰ ਇਕਬਾਲ ਢਿੱਲੋਂ ਨਿਰੰਤਰ ਚਲਦੇ ਰਹੇ।"ਸ਼ਹੀਦ ਊਧਮ ਸਿੰਘ,ਨੇ ਰਾਸ਼ਟਰਪਤੀ ਐਵਾਰਡ ਲਿਆ।ਇਥੇ ਹੀ ਬਸ ਨਹੀਂ ਗੁਰਦਾਸ ਮਾਨ ਦੀ ਪਤਨੀ ਮਨਜੀਤ ਮਾਨ ਨੂੰ ਨਾਇਕਾ ਬਣਾਈਆਂ। ਸਰਵਜੀਤ ਕੌਰ ਨੂੰ ਫਿਲਮੀ ਗਾਇਕਾ, ਸੁਰਿੰਦਰ ਛਿੰਦਾ ਨੂੰ ਫਿਲਮ ਸੰਗੀਤਕਾਰ ਤੇ ਕਲਾਕਾਰੀ ਵਿੱਚ ਸੋਨੂੰ ਸੂਦ, ਕੀਰਤੀ ਸਿੰਘ, ਵਿਸ਼ਾਲ ਸਿੰਘ, ਪੂਜਾ ਸ਼ਾਰਦਾ ਨੂੰ ਅੱਗੇ ਲਿਆਂਦਾ।





ਇਕਬਾਲ ਸਿੰਘ ਢਿੱਲੋਂ ਨੇ ਹਰਿਆਣਵੀ ਫਿਲਮ, "ਛੋਹਰਾ ਹਰਿਆਣੇ ਕਾ ਵੀ" ਬਣਾਈ। ਹੁਣ ਗੱਲ ਅੱਜ ਦੇ ਪੰਜਾਬ ਤੇ ਤਿਆਰ ਕੀਤੀ "ਤਬਾਹੀ" ਬਾਬਤ ਤਾਂ ਇਹ ਫਿਲਮ ਇਕ ਵਾਰ ਵਿਵਾਦ ਵਿਚ ਘਿਰ ਗਈ ਹੈ, ਫਿਲਮ ਸਿੱਧੂ ਮੂਸੇ ਵਾਲਾ ਲਈ ਇਨਸਾਫ਼ ਮੰਗਦੀ ਹੈ, ਕਿਸਾਨ ਮਜ਼ਦੂਰ ਦੇ ਸੰਘਰਸ਼ ਦੀ ਗੱਲ ਕਰਦੀ, ਤੇਜ਼ੀ ਨਾਲ ਹੋ ਰਹੇ ਪੰਜਾਬ ਵਿੱਚ ਧਰਮ ਬਦਲੀ ਤੇ ਹੈ। ਫ਼ਿਲਮ ਨੇਤਾ ਲੋਕਾਂ ਵਲੋਂ ਕੀਤੀ ਜਾਂਦੀ ਲੁੱਟ ਤੇ ਰੰਗੀਨੀਆਂ ਤੇ ਹੈ। ਫਿਲਮ ਵਿੱਚ ਵਿਸ਼ਵਾਸ ਯੋਗ ਸੂਤਰਾਂ ਅਨੁਸਾਰ ਮੁੱਖ ਪਾਤਰ ਤੇ ਵਿਦੇਸ਼ੀ ਦੋਸਤ ਕੌਣ ਨੇ ਦਰਸ਼ਕ ਸਮਝ ਜਾਣਗੇ ਕਿਉ ਕਿ ਓਹਨਾਂ ਦਾ ਪਹਿਰਾਵਾ ਤੇ ਦਿੱਖ ਹੂ ਬੂ ਹੂ ਓਹਨਾਂ ਵਰਗੀ ਹੈ। ਗੱਲ ਕਿ ਨੇਤਾ ਲੋਕਾਂ ਨੂੰ ਚੁਭੇਗੀ ਤੇ ਫਿਲਮ ਦੀ ਰਲੀਜ਼ ਰੋਕਣ ਦੇ ਉਪਰਾਲੇ ਹੋਣਗੇ। ਸੰਗੀਤ ਓਸ ਦੀਆਂ ਫ਼ਿਲਮਾਂ ਦਾ ਸਦਾ ਹਿੱਟ ਰਿਹਾ ਏ "ਤਬਾਹੀ ਰੇਲੋਡਡ" ਵਿੱਚ ਨਸੀਬੋ ਦਾ ਹਿੱਟ ਗੀਤ "ਇਸ਼ਕ ਬੁਢਾਪੇ ਦਾ" ਸ਼ਾਮਿਲ ਹੈ। ਗੱਲ ਕੀ ਨਵੇਂ ਪਰ ਪ੍ਰਤਿਭਾ ਵਾਲੇ ਸਟਾਰ ਲੈਣ ਉਪਰੰਤ ਬਲਬੀਰ ਟਾਂਡਾ ਨਾਲ ਮਿਲ ਕਿ ਫਿਲਮ "ਤਬਾਹੀ ਰੇਲੋਡਡ" ਬਣਾਈ ਹੈ ਪਰ ਇਸ ਫਿਲਮ ਦੇ ਰਾਹ ਵਿੱਚ ਕਈ ਕੰਡੇ ਖਿਲਾਰੇ ਜਾ ਰਹੇ ਹਨ।ਇਹ ਵੀ ਸਹੀ ਹੈ ਕਿ ਸਵਰਨ ਸਿੰਘ, ਪੂਜਾ, ਸਿਮਰਪਾਲ, ਜਰਮਨ ਮੱਲ੍ਹੀ, ਸੁੱਚੀ ਬਿਰਗੀ, ਰਾਜ ਕੌਸ਼ਲ ਨਾਲ ਬਣੀ "ਤਬਾਹੀ ਰੇਲੋਡਡ" ਲਈ ਇਕਬਾਲ ਸਿੰਘ ਢਿੱਲੋਂ ਤਿਆਰ ਏ ਤੇ ਅਗਲੀ ਫਿਲਮ ਪਾਕਸਤਾਨੀ ਸੁਪਰ ਫਿਲਮ" ਮੌਲਾ ਜੱਟ " ਦੇ ਲੇਖਕ ਨਾਸਿਰ ਅਦੀਬ ਨੇ ਲਿਖੀ ਹੈ।ਇਕਬਾਲ ਢਿੱਲੋਂ ਦਾ ਇਹ ਪੱਕਾ ਅਸੂਲ ਏ ਆਲੋਚਨਾ ਦੀ ਪਰਵਾਹ ਨਹੀਂ ਪਰ ਓਹ ਲੋਕ ਮਨੋਰੰਜਨ ਵੀ ਕਰੇਗਾ ਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ "ਤਬਾਹੀ ਰੇਲੋਡਡ" ਜਿਹੀਆਂ ਫ਼ਿਲਮਾਂ ਬਣਾਉਂਦਾ ਰਹੇਗਾ।ਇਕਬਾਲ ਢਿੱਲੋਂ ਨੇ ਅਨੰਦਪੁਰ ਦੇ ਮਤੇ, ਧੜਾ ਧੜ ਸਿੱਖੀ ਨੂੰ ਖਤਮ ਕਰਨ ਦੀ ਸਾਜ਼ਿਸ਼,ਬਾਹਰਲੀ ਨਾਰੀ ਹੱਥ ਸਰਕਾਰ ਕੌੜੇ ਸੱਚ ਦਿਖਾਏ ਨੇ ,ਜ਼ਰੂਰ ਦੇਖਣਾਂ "ਤਬਾਹੀ ਰੇਲੋਡਡ"।

# NSB Insurance

# NIRMAL SINGH BADHAN

for Insurance Call:
NIRMAL SINGH BADHAN
707-228-2020



Lic #0144676

| | |
|---|---|
| HEALTH INSURANCE | RETIREMENT |
| LIFE INSURANCE | COLLEGE PLANNING |
| LONG TERM CARE INS | AUTO * HOME |
| FUNERAL EXPENSE | BUSINESS |

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928

# RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

# Dil Nijjar REALTOR ®

CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd #
100 Sacramento, CA 95834

# Raja SWEETS & CATERING

AUTHORIZED CATERER FOR
MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders




CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook rajasweetsandcatering
Follow us on Twitter rajasweets

# Kash FABRICS

ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ



## ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

# KASH FABRICS



ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138